
$40 $20 Tanya's BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832
We Specialize for Bridal & Henna

Pyramid Brokerage Company
Please contact to buy/sell commercial/Residential real estate

Vikramdeep Cheema
Specialize in:
• Gas Stations, Motels, Liquor Stores
• Tenant Rep
• Investment Properties
• Office, Retail and Industrial Space
Contact: Vikramdeep Cheema, Buffalo, NY
Ph: 716-777-0298
vcheema@pyramidbrokerage.com
Licensed Real Estate Person


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Sixteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 45, November 07, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਸਰਕਾਰ ਤੇ ਪੰਥਕ ਧਿਰਾਂ ਜ਼ੋਰ-ਅਜ਼ਮਾਈ ਲਈ ਅੜੀਆਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਅਕਾਲੀ ਦਲ ਵੱਲੋਂ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ ਹਟਾਉਣ ਤੋਂ ਇਨਕਾਰ ਕਰਨ ਪਿੱਛੋਂ ਸਿੱਖ ਜਥੇਬੰਦੀਆਂ ਨੇ ਮੁੜ ਸਰਗਰਮੀ ਫੜ ਲਈ ਹੈ। ਪੰਥਕ ਜਥੇਬੰਦੀਆਂ ਨੇ ਲੋਕਾਂ ਦੀ ਪਰੇਸ਼ਾਨੀ ਨੂੰ ਦੇਖਦਿਆਂ ਸ਼ਾਂਤਮਈ ਰੋਸ ਮਾਰਚ ਕੀਤਾ। ਉਧਰ, ਦਲ ਖਾਲਸਾ ਤੇ ਪੰਚ ਪ੍ਰਧਾਨੀ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਬੰਦੀ ਛੋੜ ਦਿਵਸ ਮੌਕੇ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਕੌਮ ਦੇ ਨਾਂ ਸੰਦੇਸ਼ ਦੇਣ ਤੋਂ ਰੋਕਣ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਸਰਕਾਰ ਨੂੰ ਬੇਅਦਬੀ ਮਾਮਲੇ ਦੀ ਨਿਰਪੱਖ ਜਾਂਚ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ 15 ਨਵੰਬਰ ਦਾ ਅਲਟੀਮੇਟਮ ਦਿੱਤਾ ਗਿਆ ਹੈ। ਦੂਜੇ ਬੰਨੇ, ਹਾਕਮ ਧਿਰ ਨੇ 10 ਨਵੰਬਰ ਨੂੰ ਬੁਲਾਏ ਸਰਬੱਤ ਖਾਲਸਾ ਨੂੰ ਮਿਲਣ ਵਾਲੇ ਹੁੰਗਾਰੇ ਨੂੰ ਵਾਚਣ ਤੇ ਉਸ ਅਨੁਸਾਰ ਹੀ ਜਥੇਦਾਰਾਂ ਬਾਰੇ ਕੋਈ ਫੈਸਲਾ ਲੈਣ ਦੀ ਰਣਨੀਤੀ ਬਣਾਈ ਹੈ। ਸਰਕਾਰ ਨੇ ਸਰਬੱਤ ਖਾਲਸਾ ਵਿਚ ਕਿਸੇ ਤਰ੍ਹਾਂ ਦੀ ਪ੍ਰਸ਼ਾਸਨਿਕ ਦਖਲ-ਅੰਦਾਜ਼ੀ ਨਾ ਕਰਨ ਦਾ ਫੈਸਲਾ ਵੀ ਕੀਤਾ ਹੈ।

ਦੱਸਣਯੋਗ ਹੈ ਕਿ ਕੁਝ ਸਿੱਖ ਜਥੇਬੰਦੀਆਂ ਨੇ ਸਿਰਸਾ ਡੇਰਾ ਦੇ ਮੁਖੀ ਨੂੰ ਮੁਆਫ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸੰਘਰਸ਼ ਵਿਚ




*ਪੰਥਕ ਜਥੇਬੰਦੀਆਂ ਵੱਲੋਂ ਕੀਤੇ ਸ਼ਾਂਤਮਈ ਰੋਸ ਮਾਰਚ ਦੀ ਝਲਕ।*

ਦੋ ਸਿੱਖਾਂ ਦੀ ਮੌਤ ਉਪਰ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਫੈਲੇ ਰੋਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਵੀ ਮੁੜ ਸਰਕਾਰ ਦੀ ਵਾਅਦਾ ਖਿਲਾਫੀ ਵਿਰੁਧ ਸੰਘਰਸ਼ ਵਿੱਢ ਦਿੱਤਾ ਹੈ। ਦੂਜੇ ਪਾਸੇ ਹਾਕਮ ਧਿਰ ਸੂਬੇ ਵਿਚ ਅਮਨ-ਕਾਨੂੰਨ ਦੀ ਗੱਡੀ ਲੀਹ 'ਤੇ ਲਿਆਉਣ ਲਈ ਸੰਜੀਦਾ ਨਜ਼ਰ ਨਹੀਂ ਆ ਰਹੀ। ਸਰਕਾਰ ਵੱਲੋਂ ਨਿੱਤ ਦਿਨ ਕੋਰ ਕਮੇਟੀ ਦੀਆਂ ਮੀਟਿੰਗਾਂ ਕਰ ਕੇ ਪਾਰਟੀ ਨੂੰ ਨਫੇ-ਨੁਕਸਾਨ ਦੀ ਭਰਪਾਈ ਲਈ ਤਾਂ ਜੁਗਤਾਂ ਘੜੀਆਂ ਜਾ ਰਹੀਆਂ ਹਨ, ਪਰ ਲੋਕ ਰੋਹ ਨੂੰ ਸ਼ਾਂਤ ਕਰਨ ਬਾਰੇ ਕੋਈ ਰਣਨੀਤੀ ਬਣਾਉਣ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਹਾਕਮ ਧਿਰ ਨੇ ਸੀ.ਬੀ.ਆਈ. ਨੂੰ ਜਾਂਚ ਦੇ ਕੇ ਬੇਸ਼ੱਕ ਮਾਮਲਾ ਆਪਣੇ ਗਲੋਂ ਲਾਹੁਣ ਦੀ ਕੋਸ਼ਿਸ਼ ਕੀਤੀ ਹੈ, ਪਰ ਪੰਥਕ ਹਲਕਿਆਂ ਵੱਲੋਂ ਨਵੇਂ ਸੁਆਲ ਖੜ੍ਹੇ ਕੀਤੇ ਜਾ ਰਹੇ ਹਨ। ਸੁਆਲ ਕੀਤਾ ਜਾ ਰਿਹਾ ਹੈ ਕਿ ਜਾਂਚ ਸੀ.ਬੀ.ਆਈ. ਨੂੰ ਦੇਣੀ ਹੀ ਸੀ ਤਾਂ ਪੁਲਿਸ ਫਾਇਰਿੰਗ ਵਿਚ ਮਾਰੇ ਗਏ ਨੌਜਵਾਨਾਂ ਦੇ ਮਾਮਲੇ ਦੀ ਜਾਂਚ ਕਿਉਂ ਨਹੀਂ ਦਿੱਤੀ ਗਈ? ਅਕਾਲੀ ਦਲ ਨਾਲ ਸਬੰਧਤ ਸੀਨੀਅਰ ਆਗੂ ਖੁਦ ਇਹ ਮੰਨ ਰਹੇ ਹਨ ਕਿ ਕੋਟਕਪੂਰਾ ਘਟਨਾ ਪੁਲਿਸ ਦੀ ਲਾਪਰਵਾਹੀ ਕਰ ਕੇ ਵਾਪਰੀ ਹੈ, ਗੋਲੀ ਚਲਾਉਣ ਦੀ ਕੋਈ ਜ਼ਰੂਰਤ ਨਹੀਂ ਸੀ। ਸਿੱਖ ਵਿਦਵਾਨ ਤੇ ਆਗੂ ਇਹ ਮਹਿਸੂਸ ਕਰ ਰਹੇ ਹਨ ਕਿ ਇਸ ਤੋਂ ਪਹਿਲਾਂ ਵੀ ਕਈ ਮਾਮਲਿਆਂ ਵਿਚ ਸੀ.ਬੀ.ਆਈ. ਵੱਲੋਂ ਜਾਂਚ ਕੀਤੀ ਗਈ ਹੈ, ਪਰ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਲੋਕ ਰੋਹ ਦਾ ਵੱਡਾ ਕਾਰਨ ਸਰਕਾਰ ਪ੍ਰਤੀ ਲੋਕਾਂ ਵਿਚ ਨਾਰਾਜ਼ਗੀ ਹੀ ਸੀ। ਪਿਛਲੇ ਤਕਰੀਬਨ ਇਕ ਮਹੀਨੇ ਤੋਂ ਸਰਕਾਰ ਦੀਆਂ ਵੱਡੀਆਂ ਸਰਕਾਰੀ ਗਤੀਵਿਧੀਆਂ ਠੱਪ ਹੀ ਪਈਆਂ ਹਨ,

*(ਬਾਕੀ ਸਫਾ 6 'ਤੇ)*

## ਅਕਾਲੀ ਦਲ ਵੱਲੋਂ ਪੰਥਕ ਵੋਟ ਬੈਂਕ ਲਈ ਮੁਹਿੰਮ

**ਚੰਡੀਗੜ੍ਹ:** ਅਕਾਲੀ ਦਲ ਬਾਦਲ ਨੇ ਪੰਥਕ ਵੋਟ ਬੈਂਕ ਉਤੇ ਪਾਰਟੀ ਦੀ ਪਕੜ ਨੂੰ ਬਰਕਰਾਰ ਰੱਖਣ ਲਈ ਸੂਬੇ ਵਿਚ ਸਦਭਾਵਨਾ ਰੈਲੀਆਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਰੈਲੀਆਂ ਦੀ ਸ਼ੁਰੂਆਤ 23 ਨਵੰਬਰ ਨੂੰ ਬਠਿੰਡਾ ਤੋਂ ਹੋਵੇਗੀ। ਹਾਕਮ ਧਿਰ ਦਾ ਦਾਅਵਾ ਹੈ ਕਿ ਰੈਲੀਆਂ ਵਿਚ ਅਮਨ ਸ਼ਾਂਤੀ, ਭਾਈਚਾਰਕ ਸਾਂਝ ਤੇ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਸ਼ਕਤੀਆਂ ਵਿਰੁੱਧ ਲੋਕਾਂ ਨੂੰ ਸੁਚੇਤ ਕੀਤਾ ਜਾਵੇਗਾ। ਕੋਰ ਕਮੇਟੀ ਦੀ ਮੀਟਿੰਗ ਵਿਚ ਪਾਰਟੀਆਂ ਆਗੂਆਂ ਨੂੰ ਪੰਥਕ ਧਿਰਾਂ ਦੀ ਹਰ ਕਾਰਵਾਈ 'ਤੇ ਨਜ਼ਰ ਰੱਖਣ ਲਈ ਆਖਿਆ ਗਿਆ ਹੈ।

## ਸੂਰਤ ਸਿੰਘ ਪੱਡਾ ਨਿਊ ਯਾਰਕ ਤੋਂ ਪੰਜਾਬ ਟਾਈਮਜ਼ ਦਾ ਪ੍ਰਤੀਨਿਧ ਨਿਯੁਕਤ

**ਨਿਊ ਯਾਰਕ (ਬਿਊਰੋ):** ਸੂਰਤ ਸਿੰਘ ਪੱਡਾ ਨੂੰ ਨਿਊ ਯਾਰਕ ਤੋਂ ਪੰਜਾਬ ਟਾਈਮਜ਼ ਦਾ ਪ੍ਰਤੀਨਿਧ ਨਿਯੁਕਤ ਕੀਤਾ ਗਿਆ



ਹੈ। ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਜਾਂ ਖਬਰ ਦੇਣ ਲਈ ਉਨ੍ਹਾਂ ਨਾਲ ਫੋਨ: 917-215-4033 ਜਾਂ ਈਮੇਲ: suratpadda@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਚੁਰਾਸੀ: ਮੱਲ੍ਹਮ ਲਾਉਣ ਦੀ ਥਾਂ ਫਿਰ ਸਿਆਸਤ ਭਾਰੂ

**ਚੰਡੀਗੜ੍ਹ:** ਨਵੰਬਰ 1984 ਦੇ ਸਿੱਖ ਕਤਲੇਆਮ ਦੀ 31ਵੀਂ ਬਰਸੀ ਮੌਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਰੋਸ ਭਖਿਆ ਹੋਇਆ ਹੈ। ਸਿੱਖ ਜਥੇਬੰਦੀਆਂ ਤੋਂ ਇਲਾਵਾ ਹੋਰ ਸਿਆਸੀ ਧਿਰਾਂ ਵੱਲੋਂ ਇਸ ਦਰਿੰਦਗੀ ਵਾਲੇ ਕਾਰੇ ਦੀ ਨਿੰਦਾ ਕੀਤੀ ਜਾ ਰਹੀ ਹੈ। ਹਰ ਸਾਲ ਨਵੰਬਰ ਅਜਿਹਾ ਮਹੀਨਾ ਹੁੰਦਾ ਹੈ, ਜਦੋਂ ਮੁਲਕ ਦੀਆਂ ਸਿਆਸੀ ਧਿਰਾਂ ਨੂੰ ਇਸ ਸ਼ਰਮਨਾਕ ਕਾਰੇ ਉਤੇ ਪਛਤਾਵਾ ਹੁੰਦਾ ਹੈ ਅਤੇ ਇਹ ਇਕ-ਦੂਜੇ 'ਤੇ ਚਿੱਕੜ ਸੁੱਟ ਕੇ ਆਪਣੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਲੈਂਦੀਆਂ ਹਨ।

ਮੁਲਕ ਵਿਚ ਅਸਹਿਣਸ਼ੀਲਤਾ ਦੇ ਮੁੱਦੇ 'ਤੇ ਘਿਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਿਥੇ ਕਾਂਗਰਸ ਨੂੰ ਸਿੱਖ ਕਤਲੇਆਮ ਦੀ ਯਾਦ ਦਿਵਾ ਰਹੇ ਹਨ, ਉਥੇ ਕਾਂਗਰਸ ਗੁਜਰਾਤ ਦੰਗਿਆਂ 'ਤੇ ਮੋਦੀ ਨੂੰ ਕਟਹਿਰੇ ਵਿਚ ਖੜ੍ਹਾ ਕਰ ਰਹੀ ਹੈ। ਉਧਰ, ਸਿੱਖ ਕਤਲੇਆਮ ਦੇ ਮੁਕੱਦਮੇ ਲੜ ਕੇ ਚਰਚਾ ਵਿਚ ਆਏ ਵਕੀਲ ਐਚ.ਐਸ. ਫੂਲਕਾ ਨੇ ਮੋਦੀ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦੋਸ਼ੀਆਂ ਨੂੰ ਕਲੀਨ ਚਿੱਟ ਕਿਉਂ ਦੇ ਰਹੀ ਹੈ? ਮੋਦੀ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਨੌਂ ਮਹੀਨਿਆਂ ਵਿਚ ਇਸ ਮਸਲੇ ਨਾਲ ਜੁੜਿਆ ਇਕ ਵੀ ਮਾਮਲਾ ਨਹੀਂ ਖੋਲ੍ਹਿਆ। ਚੋਣਾਂ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਪੀੜਤਾਂ ਦੇ ਜ਼ਖਮਾਂ ਉਤੇ ਮੱਲ੍ਹਮ ਲਾਉਣ ਲਈ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇ ਵਾਅਦੇ ਕਰਦੀਆਂ ਹਨ, ਪਰ ਇਹ ਵਾਅਦੇ 31 ਸਾਲਾਂ ਬਾਅਦ ਵੀ ਵਫਾ ਨਹੀਂ ਹੋ ਸਕੇ।

ਤਕਰੀਬਨ ਇਕ ਦਰਜਨ ਜਾਂਚ ਕਮਿਸ਼ਨ/ਕਮੇਟੀਆਂ, 3600 ਤੋਂ ਵਧੇਰੇ ਗਵਾਹ, 31 ਸਾਲ ਦਾ ਵਕਫਾ ਤੇ ਅਦਾਲਤਾਂ ਵਿਚ ਇਨਸਾਫ ਲਈ ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰ ਸਕੀਆਂ। ਦਿੱਲੀ ਸਮੇਤ ਮੁਲਕ ਦੇ 18 ਸੂਬਿਆਂ ਦੇ ਤਕਰੀਬਨ 110 ਸ਼ਹਿਰਾਂ ਵਿਚ 7000 ਤੋਂ ਵਧੇਰੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਜਾਂ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਕਰੋੜਾਂ ਦੀ ਜਾਇਦਾਦ ਲੁੱਟੀ ਅਤੇ ਸਾੜ ਦਿੱਤੀ ਗਈ। ਇਕੱਲੇ ਨਵੀਂ ਦਿੱਲੀ ਵਿਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ 11 ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜ਼ਿਸ਼ਕਾਰੀ ਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ। ਰਾਜਸੀ ਪਾਰਟੀਆਂ ਇਕ-ਦੂਜੀ ਖਿਲਾਫ ਦੋਸ਼ ਮੜ੍ਹ ਕੇ ਆਪਣਾ ਉੱਲੂ ਸਿੱਧਾ ਕਰਨ ਵਿਚ ਲੱਗੀਆਂ ਰਹੀਆਂ। ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ

*(ਬਾਕੀ ਸਫਾ 6 'ਤੇ)*


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800-914-1013 408-428-2300

# ‘ਕਿਰਪਾ’ ਸੰਸਥਾ ਵਲੋਂ ਖ਼ੂਨ ਦਾਨ ਕੈਂਪ

**ਨਿਊ ਯਾਰਕ (ਸੂਰਤ ਸਿੰਘ ਪੱਡਾ):** ‘ਕਿਰਪਾ ਆਰਗੇਨਾਈਜੇਸ਼ਨ’ ਨਾਂ ਦੀ ਸੰਸਥਾ ਵਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਖ਼ੂਨ ਦਾਨ ਕੈਂਪ ਲਾਇਆ ਗਿਆ ਜਿਸ ਵਿਚ ਕਰੀਬ 81 ਸੌ ਯੂਨਿਟ ਖ਼ੂਨ ਇਕੱਤਰ ਕੀਤਾ ਗਿਆ ਜੋ ਬਲੱਡ ਬੈਂਕ, ਨਿਊ ਯਾਰਕ ਨੂੰ ਦਿਤਾ ਜਾਵੇਗਾ।

ਸੰਸਥਾ ਦੀ ਪ੍ਰਧਾਨ ਜੋਤੀ ਬਰਾੜ ਨੇ ਦੱਸਿਆ ਕਿ ਪੰਜਾਬੀ ਸਭਿਆਚਾਰ ਬਾਰੇ ਚੇਤਨਾ ਦਾ ਪ੍ਰਚਾਰ ਕਰਨ ਲਈ ਇਥੋਂ ਦੀਆਂ ਲੜਕੀਆਂ ਨੇ ਇਹ ਸੰਸਥਾ ਬਣਾਈ ਹੈ ਜੋ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਪਹਿਲੂਆਂ ਨੂੰ ਲੈ ਕੇ ਕੰਮ ਕਰ ਰਹੀ ਹੈ।



ਜੋਤੀ ਬਰਾੜ ਨੇ ਦੱਸਿਆ ਕਿ ਸੰਸਥਾ ਦਾ ਨਿਰੋਲ ਮੰਤਵ ਅਮਰੀਕਾ ਵਿਚ ਪੰਜਾਬੀ ਸਭਿਆਚਾਰ ਦਾ ਪ੍ਰਚਾਰ ਅਤੇ ਪਸਾਰ ਕਰਨਾ ਹੈ।

# 10 ਨਵੰਬਰ ਦੇ ਸਰਬੱਤ ਖਾਲਸਾ ਵਿਚ ਹੁਮ-ਹੁਮਾ ਕੇ ਪਹੁੰਚਣ ਦੀ ਅਪੀਲ

**ਨਿਊ ਯਾਰਕ (ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਵਲੋਂ ਕੀਤੀ ਗਈ ਨਿਹੱਥੇ ਸਿੰਘਾਂ ‘ਤੇ ਫਾਇਰਿੰਗ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਹਾਈ ਪਾਵਰ ਕੋਰ ਕਮੇਟੀ ਦੀ ਚੇਅਰਮੈਨੀ ਤੋਂ ਅਸਤੀਫ਼ਾ ਦੇ ਚੁਕੇ ਜਸਪ੍ਰੀਤ ਸਿੰਘ ਅਟਾਰਨੀ ਨੇ ਸਿੱਖ ਸੰਗਤਾਂ ਨੂੰ 10 ਨਵੰਬਰ ਨੂੰ ਹੋ ਰਹੇ ਸਰਬੱਤ ਖਾਲਸਾ ਵਿਚ ਹੁਮਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਪੰਜਾਂ ਤੱਖਤਾਂ ਦੇ ਜਥੇਦਾਰ ਸਿੱਖ ਸੰਗਤਾਂ ਵਿਚ ਆਪਣਾ ਵਿਸ਼ਵਾਸ਼ ਗੁਆ ਚੁੱਕੇ ਹਨ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਤੇ ਹੋਰ ਮੁਲਕਾਂ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੇ ਬਾਈਕਾਟ ਦਾ ਫੈਸਲਾ ਕੀਤਾ ਗਿਆ ਹੈ। ਇਸ ਸੂਰਤ ਵਿਚ ਸਿੱਖ ਕੌਮ ਨੂੰ ਆਪਣੇ ਜਥੇਦਾਰ ਖੁਦ ਨਿਯੁਕਤ ਕਰਨੇ ਚਾਹੀਦੇ ਹਨ ਜਿਨ੍ਹਾਂ ਦਾ ਸਿੱਖ ਸੰਗਤਾਂ ਵਿਚ ਪੂਰਾ ਸਤਿਕਾਰ ਹੋਵੇ। ਨਵੇਂ ਜਥੇਦਾਰਾਂ ਦੀ ਨਿਯੁਕਤੀ ਵਿਦੇਸ਼ਾਂ ‘ਚ ਰਹਿੰਦੇ ਸਿੱਖਾਂ ਦੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ।

ਜਸਪ੍ਰੀਤ ਅਟਾਰਨੀ ਨੇ ਬਰਗਾੜੀ ਮਾਮਲੇ ‘ਚ ਗ੍ਰਿਫਤਾਰ ਕੀਤੇ ਗਏ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੀ ਰਿਹਾਈ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਿੱਖ ਜਥੇਬੰਦੀਆਂ ਦੇ ਏਕੇ ਅਤੇ ਉਨ੍ਹਾਂ ਵਲੋਂ ਸਰਕਾਰ ’ਤੇ ਪਾਏ ਗਏ ਦਬਾਅ ਕਾਰਨ ਸੰਭਵ ਹੋ ਸਕਿਆ ਹੈ। ਇਹ ਦੋਵੇਂ ਭਰਾ ਨਿਰਦੋਸ਼ ਹਨ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਦੋਵਾਂ ਭਰਾਵਾਂ ਨੂੰ ਝੂਠੇ ਕੇਸਾਂ ‘ਚ ਫਸਾਉਣ ਅਤੇ ਅਮਨਮਈ ਮੁਜਾਹਰਾ ਕਰ ਰਹੇ ਦੋ ਸਿੰਘਾਂ ਨੂੰ ਗੋਲੀ ਚਲਾ ਕੇ ਸ਼ਹੀਦ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

# ਪੰਥਕ ਜਥੇਬੰਦੀਆਂ ਵਲੋਂ ਬਾਦਲਾਂ ਤੇ ਜਥੇਦਾਰਾਂ ਦੇ ਬਾਈਕਾਟ ਦਾ ਫੈਸਲਾ

**ਨਿਊ ਯਾਰਕ (ਬਿਊਰੋ):** ਪੰਜਾਬ ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਅਤੇ ਫਿਰ ਮੁਆਫੀਨਾਮਾ ਰੱਦ ਕਰਨ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਦਾ ਵਿਰੋਧ ਕਰ ਰਹੀਆਂ ਸੰਗਤਾਂ ਉਪਰ ਪੁਲਿਸ ਤਸ਼ੱਦਦ ਅਤੇ ਦੋ ਸਿੰਘਾਂ ਨੂੰ ਸ਼ਹੀਦ ਕੀਤੇ ਜਾਣ ਦੀਆਂ ਹਾਲੀਆ ਘਟਨਾਵਾਂ ਵਿਰੁਧ ਰੋਸ ਪ੍ਰਗਟਾਉਂਦਿਆਂ ਟਰਾਈ ਸਟੇਟ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੇ ਤਖਤਾਂ ਦੇ ਜਥੇਦਾਰਾਂ, ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੇ ਮੁਕੰਮਲ ਬਾਈਕਾਟ ਦਾ ਫੈਸਲਾ ਕੀਤਾ ਹੈ।




ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਅਤੇ ਲੋਕ ਸੰਪਰਕ ਇੰਚਾਰਜ ਸ. ਭੁਪਿੰਦਰ ਸਿੰਘ ਅਟਵਾਲ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਬੰਧੀ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਲੰਘੇ ਐਤਵਾਰ ਹੋਈ ਟਰਾਈ ਸਟੇਟ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੀ ਮੀਟਿੰਗ ਵਿਚ ਕਈ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਜਿੰਮੇਵਾਰ ਅਨਸਰਾਂ ਨੂੰ ਕਾਬੂ ਕਰਕੇ ਉਨ੍ਹਾਂ ਵਿਰੁਧ ਸਖਤ ਕਾਰਵਾਈ ਕੀਤੀ ਜਾਵੇ। ਦੂਜੇ ਮਤੇ ਵਿਚ ‘ਸੌਦਾ ਸਾਧ’ ਨੂੰ ਪਹਿਲਾਂ ਮੁਆਫੀ ਅਤੇ ਫਿਰ ਇਸ ਨੂੰ ਰੱਦ ਕਰਕੇ ਪੰਥਕ ਮਰਿਆਦਾ ਨੂੰ ਭੰਗ ਕਰਨ ਬਦਲੇ ਤਖਤ ਜਥੇਦਾਰਾਂ ਤੋਂ ਅਸਤੀਫਿਆਂ ਦੀ ਮੰਗ ਕੀਤੀ ਗਈ।

ਤੀਜੇ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਪੰਜ ਪਿਆਰਿਆਂ ਨੂੰ ਮੁਅੱਤਲ ਕੀਤੇ ਜਾਣ ਦੀ ਨਿਖੇਧੀ ਕਰਦਿਆਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਉਸ ਦੌਰਾਨ ਮੁਕੰਮਲ ਬਾਈਕਾਟ ਕਰਨ ਦੀ ਅਪੀਲ ਕੀਤੀ ਗਈ ਹੈ। ਚੌਥੇ ਮਤੇ ਵਿਚ ਕਿਹਾ ਗਿਆ ਹੈ ਕਿ ਤਖਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਸਿਆਸੀ ਦਖਲ ਤੋਂ ਮੁਕਤ ਹੋਵੇ ਅਤੇ ਇਹ ਨਿਯੁਕਤੀਆਂ ਦੇਸ਼-ਵਿਦੇਸ਼ ਦੀ ਸੰਗਤ (ਯਾਨਿ ਸਰਬੱਤ ਖਾਲਸਾ) ਦੀ ਪ੍ਰਵਾਨਗੀ ਰਾਹੀਂ ਕੀਤੀਆਂ ਜਾਣ। ਇਕ ਹੋਰ ਮਤੇ ਰਾਹੀਂ ਕੋਟਕਪੂਰਾ ਵਿਚ ਦੋ ਸਿੰਘਾਂ ਨੂੰ ਗੋਲੀ ਚਲਾ ਕੇ ਸ਼ਹੀਦ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁਧ ਧਾਰਾ 302 ਅਧੀਨ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਰੁਧ ਰੋਸ ਮੁਜਾਹਰੇ ਕਰ ਰਹੇ ਜਿਹੜੇ ਸਿੰਘਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਦੀ ਤੁਰਤ ਰਿਹਾਈ ਅਤੇ ਇਸ ਵਧੀਕੀ ਲਈ ਮੁਆਫੀ ਮੰਗੇ ਜਾਣ ਦਾ ਵੀ ਮਤਾ ਪਾਸ ਕੀਤਾ ਗਿਆ।

ਇਕ ਹੋਰ ਮਤੇ ਰਾਹੀਂ ਈਸਟ ਕੋਸਟ ਦੇ ਸਮੂਹ ਗੁਰੂਘਰਾਂ ਦੀ ਇਕ ਸਾਂਝੀ ਕਮੇਟੀ ਦਾ ਗਠਨ ਕਰਨ ਦਾ ਫੈਸਲਾ ਲਿਆ ਗਿਆ ਤਾਂ ਜੋ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸਾਂਝੇ ਫੈਸਲੇ ਲਏ ਜਾ ਸਕਣ।

ਮੀਟਿੰਗ ਵਿਚ ਇਹ ਵੀ ਫੈਸਲਾ ਲਿਆ ਗਿਆ ਕਿ ਜਦੋਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦਾ ਸਤਿਕਾਰ ਬਹਾਲ ਨਹੀਂ ਹੁੰਦਾ ਅਤੇ ਅਸਲ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਨਹੀਂ ਮਿਲਦੀਆਂ, ਉਦੋਂ ਤਕ ਇੰਡੀਆ ਤੋਂ ਆਏ ਕਿਸੇ ਵੀ ਸਿਆਸੀ ਪਾਰਟੀ ਦੇ ਵਿਅਕਤੀ ਨੂੰ ਗੁਰੂਘਰਾਂ ਦੀ ਸਟੇਜ ਤੋਂ ਨਹੀਂ ਬੋਲਣ ਦਿਤਾ ਜਾਵੇਗਾ। ਪ੍ਰੰਤੂ ਜੇ ਕੋਈ ਵਿਅਕਤੀ ਇਸ ਔਖੀ ਘੜੀ ਸਿੱਖ ਪੰਥ ਦੇ ਨਾਲ ਖੜਾ ਹੁੰਦਾ ਹੈ ਤਾਂ ਉਸ ਨੂੰ ਕੋਈ ਮਨਾਹੀ ਨਹੀਂ ਹੋਵੇਗੀ।



# ‘ਪੰਜਾਬੀ ਟ੍ਰਿਬਿਊਨ’ ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਦੀ ਪਤਨੀ ਦਾ ਦੇਹਾਂਤ

**ਚੰਡੀਗੜ੍ਹ:** ‘ਪੰਜਾਬੀ ਟ੍ਰਿਬਿਊਨ’ ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦੀ ਪਤਨੀ ਸ੍ਰੀਮਤੀ ਤੇਜਿੰਦਰ ਕੌਰ ਦਾ ਲੰਘੀ 29 ਅਕਤੂਬਰ ਨੂੰ ਅਚਾਨਕ ਦੇਹਾਂਤ ਹੋ ਗਿਆ। ਉਹ 58 ਵਰ੍ਹਿਆਂ ਦੇ ਸਨ ਅਤੇ



ਹਾਲ ਹੀ ਵਿਚ ਚੰਡੀਗੜ੍ਹ ਦੇ ਸਿੱਖਿਆ ਵਿਭਾਗ ਤੋਂ ਬਤੌਰ ਲੈਕਚਰਾਰ ਸੇਵਾ ਮੁਕਤ ਹੋਏ ਸਨ।

ਕਰੀਬ ਇੱਕ ਹਫ਼ਤਾ ਪਹਿਲਾਂ ਉਹ ਅਚਾਨਕ ਬਿਮਾਰ ਹੋਏ ਅਤੇ ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਪੰਚਕੂਲੇ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੋਂ ਉਹ ਵਾਪਸ ਘਰ ਜਿਉਂਦਿਆਂ ਨਾ ਆ ਸਕੇ। ਸ੍ਰੀਮਤੀ ਤੇਜ ਆਪਣੇ ਪਿਛੇ ਪਤੀ ਸੁਰਿੰਦਰ ਸਿੰਘ ਤੇਜ ਅਤੇ ਧੀ ਗੁਰਨੀਤ ਕੌਰ, ਜਵਾਈ ਤੇ ਇਕ ਦੋਹਤੀ ਛਡ ਗਏ ਹਨ। ਗੁਰਨੀਤ (ਆਈ.ਏ.ਐਸ.) ਇਨ੍ਹੀਂ ਦਿਨੀਂ ਪੰਜਾਬ ਸਰਕਾਰ ਦੇ ਖ਼ਜ਼ਾਨਾ ਵਿਭਾਗ ਦੀ ਡਾਇਰੈਕਟਰ ਤੇ ਵਿੱਤ ਵਿਭਾਗ ਵਿਚ ਵਿਸ਼ੇਸ਼ ਸਕੱਤਰ ਵਜੋਂ ਸੇਵਾ ਨਿਭਾ ਰਹੀ ਹੈ।

ਸ੍ਰੀਮਤੀ ਤੇਜਿੰਦਰ ਕੌਰ ਦਾ ਅੰਤਿਮ ਸੰਸਕਾਰ 30 ਅਕਤੂਬਰ ਨੂੰ ਜ਼ੀਰਕਪੁਰ ਵਿਚ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੀ ਇਕਲੌਤੀ ਬੇਟੀ ਗੁਰਨੀਤ ਨੇ ਦਿਖਾਈ। ਅੰਤਿਮ ਯਾਤਰਾ ਵਿਚ ਟ੍ਰਿਬਿਊਨ ਸਮੂਹ ਨਾਲ ਜੁੜੇ ਪੱਤਰਕਾਰ, ਸਟਾਫ ਮੈਂਬਰ, ਕਰਮਚਾਰੀ, ਬੁੱਧੀਜੀਵੀ, ਸਮਾਜਕ, ਧਾਰਮਿਕ ਅਤੇ ਵੱਖ ਵੱਖ ਪਾਰਟੀਆਂ ਦੇ ਸਿਆਸੀ ਆਗੂ ਸ਼ਾਮਲ ਹੋਏ।

ਅਦਾਰਾ ਪੰਜਾਬ ਟਾਈਮਜ਼ ਸ. ਤੇਜ ਦੇ ਦੁਖ ਵਿਚ ਸ਼ਰੀਕ ਹੈ ਅਤੇ ਵਾਹਿਗੁਰੂ ਅਗੇ ਅਰਦਾਸ ਹੈ ਕਿ ਤੇਜ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜ਼ਿਕਰਯੋਗ ਹੈ ਕਿ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ ਸ. ਸੁਰਿੰਦਰ ਸਿੰਘ ਤੇਜ ‘ਪੰਜਾਬੀ ਟ੍ਰਿਬਿਊਨ’ ਵਿਚ ਇਕੱਠਿਆਂ ਕੰਮ ਕਰਦੇ ਰਹੇ ਹਨ।

## ਲੰਡਨ ਵਿਚ ਮੈਗਾ ਮਸਜਿਦ ਪ੍ਰਾਜੈਕਟ ਰੱਦ

**ਲੰਡਨ:** ਇੰਗਲੈਂਡ ਦੇ ਸ਼ਹਿਰ ਲੰਡਨ ਵਿਚ ਬਣਨ ਵਾਲੀ ਸਭ ਤੋਂ ਵੱਡੀ ਮਸਜਿਦ ਦੇ ਪ੍ਰੋਜੈਕਟ ਉੱਤੇ ਗ੍ਰਹਿਣ ਲੱਗਾ ਗਿਆ ਹੈ। ਲੰਡਨ ਦੇ ਉਲੰਪਿਕ ਪਾਰਕ ਨੇੜੇ ਮਸਜਿਦ ਦਾ ਨਿਰਮਾਣ ਕੀਤਾ ਜਾਣਾ ਸੀ। ਮਸਜਿਦ ਇੰਨੀ ਜ਼ਿਆਦਾ ਵਿਸ਼ਾਲ ਹੋਣੀ ਸੀ ਕਿ ਇਸ ਵਿਚ ਇਕੋ ਸਮੇਂ 10 ਹਜ਼ਾਰ ਦੇ ਕਰੀਬ ਨਮਾਜ਼ੀਆਂ ਦੇ ਨਮਾਜ਼ ਅਦਾ ਦੀ ਸਮਰੱਥਾ ਹੋਣੀ ਸੀ। ਬਰਤਾਨੀਆ ਦੇ ਸਥਾਨਕ ਵਿਭਾਗ ਨੇ ਇੰਨੇ ਵੱਡੇ ਪ੍ਰੋਜੈਕਟ ਨੂੰ ਪਾਸ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਨਿਰਮਾਣ ਬਾਰੇ ਇਜਾਜ਼ਤ ਦੇਣ ਤੋਂ ਸਿਟੀ ਕੌਂਸਲ ਨੇ ਹੱਥ ਪਹਿਲਾਂ ਹੀ ਪਿੱਛੇ ਖਿੱਚ ਲਿਆ ਸੀ।

# ਅਮਰੀਕਾ ਨੂੰ ਭਾਰਤ ਦੇ ਪਰਮਾਣੂ ਹਥਿਆਰਾਂ ਦਾ ਫ਼ਿਕਰ

**ਵਾਸ਼ਿੰਗਟਨ:** ਮੋਹਰੀ ਅਮਰੀਕੀ ਥਿੰਕ-ਟੈਂਕ ਦੇ ਅਨੁਮਾਨ ਮੁਤਾਬਕ ਭਾਰਤ ਕੋਲ 2014 ਤੱਕ ਕਾਫ਼ੀ ਮਾਤਰਾ ਵਿਚ ਹਥਿਆਰ ਬਣਾਉਣ ਲਈ ਵਰਤਿਆ ਜਾਂਦਾ ਪਲੂਟੋਨੀਅਮ ਇਕੱਠਾ ਹੋ ਗਿਆ ਸੀ ਤੇ ਇਸ ਕੋਲ 75 ਤੋਂ 125 ਪਰਮਾਣੂ ਹਥਿਆਰ ਹੋ ਸਕਦੇ ਹਨ।

ਇੰਸਟੀਚਿਊਟ ਫਾਰ ਸਾਇੰਸ ਐਂਡ ਇੰਟਰਨੈਸ਼ਨਲ ਸਕਿਓਰਿਟੀ ਮੁਤਾਬਕ, ਵਿਕਾਸਸ਼ੀਲ ਮੁਲਕਾਂ ਵਿਚੋਂ ਭਾਰਤ ਦਾ ਪਰਮਾਣੂ ਪ੍ਰੋਗਰਾਮ ਸਭ ਤੋਂ ਜ਼ਿਆਦਾ ਵਸੀਹ ਹੈ। ਇਸ ਥਿੰਕ-ਟੈਂਕ ਵੱਲੋਂ ਜਾਰੀ ਕੀਤੀ ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ ਦੇ ਪਰਮਾਣੂ ਹਥਿਆਰਾਂ ਦਾ ਅਨੁਮਾਨ ਇਸ ਦੇ ਵੈਪਨ-ਗਰੇਡ ਪਲੂਟੋਨੀਅਮ ਦੇ ਜ਼ਖੀਰੇ ਤੋਂ ਹੀ ਲਾਇਆ ਜਾ ਸਕਦਾ ਹੈ। ਇਸ ਮੁਤਾਬਕ 110 ਤੋਂ ਲੈ ਕੇ 175 ਪਰਮਾਣੂ ਹਥਿਆਰ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਦੋਂ ਹਥਿਆਰ ਬਣਾਉਣ ਯੋਗ ਪਲੂਟੋਨੀਅਮ ਦੀ ਹੋ ਰਹੀ ਵਰਤੋਂ ਅਤੇ ਭੰਡਾਰਾਂ ਦਾ ਹਿਸਾਬ ਲਾਇਆ ਗਿਆ ਤਾਂ ਅਨੁਮਾਨ ਲਾਇਆ ਗਿਆ ਕਿ ਵੈਪਨ-ਗਰੇਡ ਯੂਰੇਨੀਅਮ ਦਾ ਲਗਪਗ 70 ਹਿੱਸਾ ਹੀ ਪਰਮਾਣੂ ਹਥਿਆਰਾਂ ਲਈ ਵਰਤਿਆ ਜਾ ਰਿਹਾ ਸੀ। ਇਸ ਲਿਹਾਜ ਨਾਲ 2014 ਦੇ ਅੰਤ ਤਕ ਵੈਪਨ-ਗਰੇਡ ਪਲੂਟੋਨੀਅਮ ਤੋਂ ਬਣਾਏ ਗਏ ਪਰਮਾਣੂ ਹਥਿਆਰਾਂ ਦੀ ਸੰਖਿਆ 97 ਦੇ ਕਰੀਬ ਬਣਦੀ ਹੈ।


## ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ

*ਸੰਪਰਕ ਕਰੋ:*

ਸੰਨੀ, ਫੋਨ: 608-630-0287

44-47

*To Advertise with Punjab Times Call: 847-359-0746*

## Matrimonial

### ਕੰਨਿਆ ਦੀ ਲੋੜ ਹੈ

Ghumiyar Sikh (Amritdhari), Engineer, Work Visa Holder, Living in Houston (USA), Age 27, Height 5’-7”. Looking For well educated, US/Canadian Citizen girl. Contact: Ph. 281-253-3743 jasvirk.7812@gmail.com 43-46

Looking a match for a turbaned Saini Sikh, 27, computer Engineer, working in Canada after higher studies. Girl from USA or Canada will be preferred. Contact, Ph: 510 557 6988 or raj@gfbontime.com 43-46

ਰਾਮਗੜੀਆ ਸਿੱਖ ਗਰੀਨ ਕਾਰਡ ਹੋਲਡਰ ਕੈਲੀਫੋਰਨੀਆ ਰਹਿੰਦੇ ਉਮਰ 24 ਸਾਲ, ਕੱਦ 5’-9", ਲੜਕੇ ਲਈ ਪੜ੍ਹੀ-ਲਿਖੀ ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਸੰਪਰਕ ਕਰੋ, ਫੋਨ: 707-386-3001 41-44

### ਵਰ ਦੀ ਲੋੜ ਹੈ

ਸੁੰਦਰ, ਸੁਸ਼ੀਲ, 5’-2", 27 ਸਾਲ ਵਰਮਾ ਕੰਪਿਊਟਰ ਸਾਇੰਸ ਦਾ ਕੋਰਸ ਕਰਦੀ ਅਮੈਰਿਕਨ ਸਿਟੀਜ਼ਨ ਲੜਕੀ ਲਈ ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਵਰਕ/ਸਟੂਡੈਂਟ ਵੀਜ਼ੇ ‘ਤੇ ਆਏ ਇੰਜੀਨੀਅਰ, ਡਾਕਟਰ, ਪੜ੍ਹੇ-ਲਿਖੇ ਅਤੇ ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 630-935-1857


## ਦੁਬਈ ਦੇ ਰੀਅਲ ਅਸਟੇਟ ਨਿਵੇਸ਼ ਵਿਚ ਛਾਏ ਭਾਰਤੀ

**ਦੁਬਈ:** ਦੁਬਈ ਦੇ ਵਿਦੇਸ਼ੀ ਪ੍ਰਾਪਰਟੀ ਨਿਵੇਸ਼ਕਾਂ ਵਿਚ ਭਾਰਤੀ ਪਹਿਲੇ ਨੰਬਰ ਉੱਤੇ ਹਨ। ਪਿਛਲੇ ਸਾਲ ਭਾਰਤੀਆਂ ਨੇ 30,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਦੁਬਈ ਵਿਚ ਕੀਤਾ।

ਦੁਬਈ ਭੂ ਵਿਭਾਗ ਮੁਤਾਬਕ 2014 ਵਿਚ ਗੈਰ ਅਰਬ ਪ੍ਰਾਪਰਟੀ ਨਿਵੇਸ਼ਕਾਂ ਨੇ ਤਕਰੀਬਨ ਇਕ ਲੱਖ ਕਰੋੜ ਰੁਪਏ ਦਾ ਨਿਵੇਸ਼ ਕੀਤਾ, ਜਿਸ ਵਿਚ ਭਾਰਤੀ ਨਿਵੇਸ਼ਕਾਂ ਦਾ ਹਿੱਸਾ ਇਕ ਚੌਥਾਈ ਤੋਂ ਵੱਧ ਹੈ। ਹਾਲਾਂਕਿ ਦੁਬਈ ਵਿਚ ਸੰਪਤੀ ਦੇ ਭਾਅ ਵਿਚ ਪਿਛਲੇ ਸਾਲਾਂ ਦੇ ਮੁਕਾਬਲੇ 12 ਫੀਸਦੀ ਦੀ ਕਮੀ ਆਈ ਹੈ, ਪਰ ਫਿਰ ਵੀ ਭਾਰਤੀ ਲੋਕਾਂ ਦਾ ਦੁਬਈ ਵਿਚ ਨਿਵੇਸ਼ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਦੁਬਈ ਵਿਚ ਘਰ, ਭਾਰਤ ਦੇ ਮੁਕਾਬਲੇ ਸਸਤੇ ਹਨ। ਦੁਬਈ ਭੂ ਵਿਭਾਗ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2015 ਦੇ ਪਹਿਲੇ ਅੱਧ ਵਿਚ ਰੀਅਲ ਅਸਟੇਟ ਵਿਚ 78% ਵਿਦੇਸ਼ੀ ਨਿਵੇਸ਼ ਹੋਇਆ ਹੈ। ਇਨ੍ਹਾਂ ਵਿਚੋਂ ਭਾਰਤੀ 15%, 9% ਬਰਤਾਨਵੀ ਤੇ 6% ਪਾਕਿਸਤਾਨੀ ਹਨ।


## ਹੈਲਪ ਦੀ ਲੋੜ ਹੈ

ਬਜ਼ੁਰਗ ਔਰਤ ਦੀ ਸੰਭਾਲ ਲਈ ਨਾਲ ਰਹਿਣ ਵਾਲੀ ਇਕ ਸਿਆਣੀ ਔਰਤ ਦੀ ਲੋੜ ਹੈ। ਬਜ਼ੁਰਗ ਔਰਤ ਲੌਂਗ ਆਈਲੈਂਡ, ਨਿਊ ਯਾਰਕ ਵਿਚ ਇਕੱਲੀ ਰਹਿੰਦੀ ਹੈ। ਡਿਊਟੀ ਵਿਚ ਨੁਹਾਉਣਾ-ਧੁਆਉਣਾ ਅਤੇ ਘਰ ਦਾ ਕੰਮ-ਕਾਰ ਸ਼ਾਮਲ ਹੈ। ਪਰਿਵਾਰ ਦੇ ਹੋਰ ਮੈਂਬਰ ਦੇ ਨਾਲ ਰਹਿਣ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ।

*ਸੰਪਰਕ ਕਰੋ:*

ਫੋਨ:917-440-8148 ਜਾਂ 516-778-7400

## Help Needed

**Live in mature lady needed to take care of an elderly lady, living alone in Long Island, New York.
Duties include personal hygiene and routine household work.
Additional family member can be considered for accommodation**

**Call: 917-440-8148 or 516-778-7400**

ਨਿਊ ਮੈਕਸੀਕੋ ਵਿਚ

## ਸੈਲੂਨ ‘ਤੇ ਥਰੈਡਿੰਗ ਵਗੈਰਾ ਕਰਨ ਲਈ ਕੁੜੀਆਂ/ਔਰਤਾਂ ਦੀ ਲੋੜ ਹੈ

- ਜੇ ਕੰਮ ਨਹੀਂ ਵੀ ਆਉਂਦਾ ਤਾਂ ਉਨ੍ਹਾਂ ਨੂੰ ਅਸੀਂ ਵੀ ਸਿਖਾ ਦਿਆਂਗੇ
- ਚੰਗੀ ਤਨਖਾਹ
- ਉਨ੍ਹਾਂ ਦੇ ਇਥੇ ਸੈਟਲ ਹੋਣ ਵਿਚ ਵੀ ਮਦਦ ਕਰਾਂਗੇ ਬੇਸ਼ਕ ਉਨ੍ਹਾਂ ਦਾ ਪੂਰਾ ਪਰਿਵਾਰ ਵੀ ਨਾਲ ਹੋਵੇ
- ਅਸੀਂ ਉਨ੍ਹਾਂ ਦੀ ਕੋਈ ਹੋਰ ਜਾਬ ਲੱਭਣ ਵਿਚ ਵੀ ਮਦਦ ਕਰਾਂਗੇ



ਸੰਪਰਕ ਕਰੋ:

ਸੋਨੀਆ ਢੀਂਡਸਾ 505-470-7241

**Email: soniadhindsa29@gmail.com**

# Flat Rate Funding Group

**Are you tired of waiting to get paid on your outstanding freight invoices?**

**Get your $$$ now!**

**At Flat Rate Funding Group, we offer the lowest fixed factoring rate in the transportation industry-**

*****1.5%!*****

*Call Goldy Dhillon* **734-444-9625**

**sales@flatratefunding.com**

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?

ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਲੋਕ ਰੋਹ ਦਾ ਸ਼ਿਕਾਰ ਹੋਈ ਸਰਕਾਰ ਨੂੰ ਨਿਵੇਸ਼ਕਾਰਾਂ ਵੱਲੋਂ ਢਾਰਸ

**ਚੰਡੀਗੜ੍ਹ:** ਕਿਸਾਨ ਅੰਦੋਲਨ, ਡੇਰਾ ਮੁਖੀ ਨੂੰ ਮੁਆਫੀ ਦਾ ਵਿਵਾਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਤੇ ਘਿਰੀ ਪੰਜਾਬ ਸਰਕਾਰ ਨੂੰ ਦੂਜੇ ਪ੍ਰਗਤੀਸ਼ੀਲ ਪੰਜਾਬ ਸੰਮੇਲਨ ਵਿਚ ਨਿਵੇਸ਼ਕਾਰਾਂ ਨੇ ਥੋੜ੍ਹੀ ਢਾਰਸ ਦਿੱਤੀ ਹੈ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸੰਮੇਲਨ ਦੌਰਾਨ ਸੂਬੇ ਵਿਚ ਨਿਵੇਸ਼ ਲਈ ਇਕ ਲੱਖ 18 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ 378 ਸਮਝੌਤਿਆਂ ਉਤੇ ਸਹੀ ਪਾਈ ਗਈ ਹੈ।

ਇਸ ਨਾਲ ਸੂਬੇ ਦੇ 2.50 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਹਾਸਲ ਹੋਵੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 2013 ਵਾਲੇ ਸੰਮੇਲਨ ਦੌਰਾਨ 63000 ਕਰੋੜ ਦੇ ਨਿਵੇਸ਼ ਸਮਝੌਤੇ ਕੀਤੇ ਗਏ ਸਨ ਜਿਸ ਵਿਚੋਂ 41187 ਕਰੋੜ ਦਾ ਨਿਵੇਸ਼ ਹੋ ਚੁੱਕਾ ਹੈ। ਇੰਡੀਅਨ ਸਕੂਲ ਆਫ ਬਿਜ਼ਨਸ ਵਿਚ ਦੂਜੇ ਪ੍ਰਗਤੀਸ਼ੀਲ ਪੰਜਾਬ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਕਿਹਾ ਕਿ ਪੰਜਾਬ ਨਾ ਸਿਰਫ ਦੇਸ਼, ਸਗੋਂ ਦੁਨੀਆਂ ਭਰ ਦੇ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਵਜੋਂ ਉਭਰਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦਸੰਬਰ, 2013 ਵਿਚ ਹੋਏ ਪਹਿਲੇ ਸੰਮੇਲਨ ਤੇ ਹੁਣ ਦੂਜੇ ਸੰਮੇਲਨ ਦੀ ਸਫਲਤਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਅਣਥੱਕ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਪੂੰਜੀ ਨਿਵੇਸ਼ ਦੇ ਪੱਖ ਤੋਂ ਪੰਜਾਬ ਦੇਸ਼ ਦਾ ਸਭ ਤੋਂ ਵਧੀਆ ਸੂਬਾ ਹੈ ਜਿਸ ਦਾ ਸਿਹਰਾ ਸੂਬੇ ਦੇ ਵਧੀਆ ਬੁਨਿਆਦੀ ਢਾਂਚਾ, ਵਧੀਆ ਸੜਕੀ ਨੈਟਵਰਕ, ਰੇਲ ਤੇ ਹਵਾਈ ਸੰਪਰਕ, ਉਚ ਦਰਜੇ ਦੇ ਟੈਲੀਕਾਮ ਨੈਟਵਰਕ ਨੂੰ ਜਾਂਦਾ ਹੈ। ਇਥੋਂ ਤੱਕ ਕਿ ਸੂਬੇ ਵਿਚ ਨਿਵੇਸ਼ ਦੇ ਪੱਖੋਂ ਪ੍ਰਵਾਨਗੀ ਦੀਆਂ ਸਾਰੀਆਂ ਸ਼ਕਤੀਆਂ ਇਕ ਅਧਿਕਾਰੀ ਨੂੰ ਦਿੱਤੀਆਂ ਗਈਆਂ ਹਨ, ਜੋ 23 ਵੱਖ-ਵੱਖ ਵਿਭਾਗਾਂ ਦੀਆਂ ਪ੍ਰਵਾਨਗੀਆਂ ਤੇ ਮਨਜ਼ੂਰੀਆਂ ਨੂੰ ਇਕ ਮਹੀਨੇ ਵਿਚ ਸਿਰਫ ਆਪਣੇ ਪੱਧਰ ਉਤੇ ਨਿਪਟਾਉਣ ਦੇ ਸਮਰੱਥ ਹੈ।

ਬਾਦਲ ਨੇ ਪੋਲੈਂਡ, ਚੀਨ, ਹੰਗਰੀ, ਦੱਖਣ ਕੋਰੀਆ ਤੇ ਡੈਲੀਗੇਟਾਂ ਸਣੇ ਅਮਰੀਕਾ, ਇੰਗਲੈਂਡ, ਫਰਾਂਸ, ਇਟਲੀ ਤੇ ਸਿੰਗਾਪੁਰ ਦੀਆਂ ਸੰਮੇਲਨ ਵਿਚ ਹਿੱਸਾ ਲੈਣ ਆਈਆਂ ਕੰਪਨੀਆਂ ਦੇ ਨੁਮਾਇੰਦਿਆਂ ਦਾ ਵੀ ਧੰਨਵਾਦ ਕੀਤਾ।ਸੂਬੇ ਦਾ ਉਦਯੋਗ ਹੋਰ ਥਾਵਾਂ ਉਤੇ ਤਬਦੀਲ ਹੋਣ ਉਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਸਨਅਤਾਂ ਲਈ ਵੱਡੀਆਂ ਰਿਆਇਤਾਂ ਦੇ ਬਾਵਜੂਦ ਸਨਅਤਕਾਰ ਇਥੇ ਨਿਵੇਸ਼ ਕਰਨ ਤੋਂ ਹਿਚਕਚਾਉਂਦੇ ਹਨ ਤੇ ਉਨ੍ਹਾਂ ਨੇ ਸਨਅਤਕਾਰਾਂ ਨੂੰ ਆਪਣੀ ਇਸ ਸੋਚ ਵਿਚ ਤਬਦੀਲੀ ਲਿਆਉਣ ਉਤੇ ਜ਼ੋਰ ਪਾਇਆ। ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੋਵੇਗਾ ਜਿਸ ਵਿਚ ਅਗਲੇ ਸਾਲ ਜਨਵਰੀ ਤੱਕ ਸਾਰੇ ਪਿੰਡ, ਸਰਕਾਰੀ ਸਕੂਲ ਤੇ ਸਰਕਾਰੀ ਹਸਪਤਾਲ 4-ਜੀ ਨਾਲ ਜੋੜ ਦਿੱਤੇ ਜਾਣਗੇ।

ਨਿਵੇਸ਼ ਬਾਰੇ ਇਕ ਸਵਾਲ ਦੇ ਜਵਾਬ ਵਿਚ ਉਪ ਮੁੱਖ ਮੰਤਰੀ ਨੇ ਕਿਹਾ ਕਿ ਹਾਊਸਿੰਗ, ਸਿਹਤ, ਫੂਡ ਪ੍ਰੋਸੈਸਿੰਗ ਦੇ ਖੇਤਰ ਵਿਚ ਵੱਡੇ ਨਿਵੇਸ਼ ਸਬੰਧੀ ਸਮਝੌਤੇ ਹੋਏ ਜਿਸ ਵਿਚ ਰਿਲਾਇੰਸ ਵੱਲੋਂ 3500 ਕਰੋੜ ਤੇ ਵੋਡਾਫੋਨ ਵੱਲੋਂ 5000 ਕਰੋੜ ਰੁਪਏ ਦਾ ਨਿਵੇਸ਼ ਪ੍ਰਮੁੱਖ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਵਿਚ ਸੈਰ ਸਪਾਟਾ ਸਨਅਤ ਦੀਆਂ ਅਸੀਮ ਸੰਭਾਵਨਾਵਾਂ ਦੇ ਮੱਦੇਨਜ਼ਰ ਗੀਤਾਂਜਲੀ ਗਰੁੱਪ ਵੱਲੋਂ 1200 ਕਰੋੜ ਦੀ ਲਾਗਤ ਨਾਲ ਜਿਊਲਰੀ ਹੱਬ ਵਿਕਸਤ ਕੀਤੀ ਜਾ ਰਹੀ ਹੈ। ਹੁਨਰ ਵਿਕਾਸ ਬਾਰੇ ਉਨ੍ਹਾਂ ਕਿਹਾ ਕਿ ਵਿਸ਼ਵ ਦੀਆਂ ਨਾਮੀ ਕੰਪਨੀਆਂ ਵੱਲੋਂ ਸਾਲਾਨਾ 1.5 ਲੱਖ ਨੌਜਵਾਨਾਂ ਨੂੰ ਪੇਸ਼ੇਵਰ ਸਿਖਲਾਈ ਦੇਣ ਸਬੰਧੀ ਪੰਜਾਬ ਸਰਕਾਰ ਨਾਲ ਸਮਝੌਤੇ ਕੀਤੇ ਗਏ ਹਨ। ਇਸ ਤੋਂ ਬਿਨਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਕੁੜੀਆਂ ਨੂੰ ਵਿਸ਼ੇਸ਼ ਤੌਰ ਉਤੇ ਸਿਖਲਾਈ ਦੇਣ ਲਈ ਪੱਛੜੇ ਇਲਾਕਿਆਂ ਵਿਚ 50 ਹੁਨਰ ਵਿਕਾਸ ਕਾਲਜ ਖੋਲ੍ਹੇ ਜਾ ਰਹੇ ਹਨ।

### ਦੂਜੇ ਸੰਮੇਲਨ 'ਚ ਇਕ ਲੱਖ 18 ਹਜ਼ਾਰ ਕਰੋੜ ਦੇ 378 ਸਮਝੌਤੇ




### ਪੋਲੈਂਡ ਐਗਰੋ ਪ੍ਰੋਸੈਸਿੰਗ ਖੇਤਰ 'ਚ ਕਰੇਗਾ ਦੁੱਗਣਾ ਨਿਵੇਸ਼

**ਮੁਹਾਲੀ:** ਪੋਲੈਂਡ, ਪੰਜਾਬ ਅੰਦਰ ਖੇਤੀਬਾੜੀ, ਫੂਡ ਪ੍ਰੋਸੈਸਿੰਗ ਤੇ ਨਵੀਂ ਤਕਨਾਲੋਜੀ ਨੂੰ ਉਤਸ਼ਾਹਿਤ ਕਰੇਗਾ। ਵੀਟੋਲਡ ਜਰਜ਼ੀ ਪੀਟਰਵਿਜ਼ ਸੈਕਟਰੀ ਆਰਥਿਕ ਵਿਭਾਗ ਪੋਲੈਂਡ ਨੇ ਸੈਸ਼ਨ ਦੇ ਉਦਘਾਟਨ ਮੌਕੇ ਕਿਹਾ ਕਿ ਭਾਰਤ ਦੇ ਅਨਾਜ ਭੰਡਾਰ ਵਿਚ ਪੰਜਾਬ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ ਤੇ ਅੰਨਦਾਤੇ ਵਜੋਂ ਜਾਣੇ ਜਾਂਦੇ ਪੰਜਾਬ ਸੂਬੇ ਨਾਲ ਸਹਿਯੋਗ ਕਰਕੇ ਉਹ ਬਹੁਤ ਉਤਸ਼ਾਹਤ ਹਨ। ਉਨ੍ਹਾਂ ਕਿਹਾ ਕਿ ਪੰਜਾਬ ਫੂਡ ਪ੍ਰੋਸੈਸਿੰਗ ਸੈਕਟਰ ਵਿਚ ਇਕ ਹੱਬ ਵਜੋਂ ਉਭਰ ਕੇ ਸਾਹਮਣੇ ਆਵੇਗਾ। ਪੋਲੈਂਡ ਨੇ ਪੰਜਾਬ ਤੇ ਲਬਲਿਨ ਨਾਲ ਸਮਝੌਤਾ ਸਹੀਬੱਧ ਕੀਤਾ ਹੈ, ਜਿਸ ਨਾਲ ਵਪਾਰ ਨੂੰ ਵੱਡਾ ਹੁਲਾਰਾ ਮਿਲੇਗਾ।

### ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦਾ ਯਤਨ: ਭੱਠਲ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਨਿਵੇਸ਼ਕ ਸੰਮੇਲਨ ਨੂੰ ਬਾਦਲ ਸਰਕਾਰ ਦੀ ਰਾਜਨੀਤਕ ਖੇਡ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਸੂਬੇ ਦੇ ਗੰਭੀਰ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਇਸ ਤਰ੍ਹਾਂ ਦਾ ਸ਼ੋਅ ਕਰ ਰਹੀ ਹੈ, ਜਿਸ ਤੋਂ ਰਾਜ ਨੂੰ ਕੁਝ ਹਾਸਲ ਨਹੀਂ ਹੋਵੇਗਾ। ਬੀਬੀ ਭੱਠਲ ਨੇ ਕਿਹਾ ਕਿ ਬਾਦਲ ਸਰਕਾਰ ਦਾਅਵੇ ਕਰ ਰਹੀ ਹੈ ਕਿ ਪੰਜਾਬ ਵਿਚ ਢੇਰਾਂ ਨਵੇਂ ਪ੍ਰੋਜੈਕਟ ਲੱਗ ਰਹੇ ਹਨ ਤੇ ਹਜ਼ਾਰਾਂ ਕਰੋੜ ਰੁਪਏ ਦਾ ਨਿਵੇਸ਼ ਹੋ ਰਿਹਾ ਹੈ, ਜਦੋਂ ਕਿ ਸਰਕਾਰ ਨੂੰ ਆਪਣੇ ਕਾਰਜਕਾਲ ਵਿਚ ਰਾਜ ਵਿਚ ਹੋਏ ਕੁੱਲ ਨਿਵੇਸ਼ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

### ਤੰਬਾਕੂ ਕੰਪਨੀਆਂ ਨੂੰ ਸੱਦੇ 'ਤੇ ਵਿਵਾਦ ਭਖਿਆ

**ਮੁਹਾਲੀ:** ਤੰਬਾਕੂ ਉਤਪਾਦਾਂ ਵਿਰੁੱਧ ਸੰਘਰਸ਼ ਸ਼ੀਲ ਸਮਾਜ ਸੇਵੀ ਸੰਸਥਾ 'ਜੈਨਰੇਸ਼ਨ ਸੇਵੀਅਰ ਐਸੋਸੀਏਸ਼ਨ' ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਨੇ ਦੂਜੇ ਪੰਜਾਬ ਪ੍ਰੋਗਰੈਸਿਵ ਸੰਮੇਲਨ ਵਿਚ ਇੰਡੀਅਨ ਤੰਬਾਕੂ ਕੰਪਨੀ ਨੂੰ ਸੱਦ ਕੇ ਤੰਬਾਕੂ ਕੰਟਰੋਲ ਐਕਟ ਦੀ ਘੋਰ ਉਲੰਘਣਾ ਕੀਤੀ ਹੈ। ਚੇਤੇ ਰਹੇ ਕਿ 31 ਮਈ ਨੂੰ ਡਬਲਯੂ.ਐਚ.ਓ. ਨੇ ਪੰਜਾਬ ਨੂੰ ਤੰਬਾਕੂ ਕੰਟਰੋਲ ਸਬੰਧੀ ਕੀਤੇ ਚੰਗੇ ਕਾਰਜਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਸੀ। ਸੰਸਥਾ ਦੀ ਪ੍ਰਧਾਨ ਬੀਬੀ ਉਪਿੰਦਰਪ੍ਰੀਤ ਕੌਰ ਅਰੋੜਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮੁੜ ਲਿਖੇ ਪੱਤਰ ਵਿਚ ਅਪੀਲ ਕੀਤੀ ਹੈ ਕਿ ਤੰਬਾਕੂ ਉਤਪਾਦ ਤਿਆਰ ਕਰਨ ਵਾਲੀ ਇੰਡੀਅਨ ਤੰਬਾਕੂ ਕੰਪਨੀ (ਆਈ.ਟੀ.ਸੀ.) ਤੇ ਹੋਰ ਤੰਬਾਕੂ ਸਨਅਤਾਂ ਨਾਲ ਪੰਜਾਬ ਵਿਚ ਨਿਵੇਸ਼ ਲਈ ਸਮਝੌਤਾ ਨਾ ਕੀਤਾ ਜਾਵੇ।

# ਪਹਿਲੇ ਸੰਮੇਲਨ ਦੇ ਵਾਅਦਿਆਂ ਦਾ ਕੀ ਬਣਿਆ?

## 128 ਸਮਝੌਤਿਆਂ ਵਿਚੋਂ ਸਿਰਫ 56 'ਤੇ ਅਮਲ ਸ਼ੁਰੂ ਹੋਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਭਾਵੇਂ ਦੂਜੇ ਦੋ ਰੋਜ਼ਾ ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ ਵਿਚ 1.18 ਲੱਖ ਕਰੋੜ ਦੇ ਪੂੰਜੀ ਨਿਵੇਸ਼ ਦੇ ਦਾਅਵਿਆਂ ਨਾਲ ਆਪਣੀ ਪਿੱਠ ਥਾਪੜ ਰਹੀ ਹੈ, ਪਰ 2013 ਵਿਚ ਹੋਏ ਪਹਿਲੇ ਸਿਖਰ ਸੰਮੇਲਨ ਦੌਰਾਨ 128 ਸਮਝੌਤਿਆਂ ਬਾਰੇ ਸਰਕਾਰ ਕੋਲ ਕੋਈ ਜਵਾਬ ਨਹੀਂ। ਇਨ੍ਹਾਂ ਸਮਝੌਤਿਆਂ ਵਿਚੋਂ ਸਿਰਫ 56 ਉਤੇ ਹੀ ਅਮਲ ਸ਼ੁਰੂ ਹੋਇਆ ਹੈ। ਪੰਜਾਬ ਸਰਕਾਰ ਨੇ ਪਹਿਲੇ ਸੰਮੇਲਨ ਰਾਹੀਂ ਸੂਬੇ ਵਿਚ 67 ਹਜ਼ਾਰ ਕਰੋੜ ਰੁਪਏ ਨਿਵੇਸ਼ ਹੋਣ ਦਾ ਦਾਅਵਾ ਕੀਤਾ ਸੀ। ਇਹ ਪ੍ਰਗਤੀਸ਼ੀਲ ਸੰਮੇਲਨ ਕਰਵਾਉਣ ਉਪਰ ਤਕਰੀਬਨ 2.49 ਕਰੋੜ ਰੁਪਏ ਖਰਚੇ ਸਨ। ਸੂਬੇ ਵਿਚ ਸਾਲ 2000 ਵਿਚ 422 ਕਪਾਹ ਮਿਲਾਂ ਸਨ ਜਿਨ੍ਹਾਂ ਵਿਚੋਂ ਹੁਣ ਸਿਰਫ 116 ਕਪਾਹ ਮਿਲਾਂ ਰਹਿ ਗਈਆਂ ਹਨ। ਹਰਿਆਣਾ ਤੇ ਰਾਜਸਥਾਨ ਵਿਚ ਟੈਕਸ ਘੱਟ ਹੋਣ ਕਰਕੇ ਬਹੁਤੀਆਂ ਮਿਲਾਂ ਗੁਆਂਢੀ ਸੂਬਿਆਂ ਵਿਚ ਸ਼ਿਫਟ ਹੋ ਗਈਆਂ ਹਨ। ਇਨ੍ਹਾਂ ਕਪਾਹ ਮਿਲਾਂ ਦੇ ਬੰਦ ਹੋਣ ਨਾਲ ਤਕਰੀਬਨ 35 ਹਜ਼ਾਰ ਲੋਕਾਂ ਦੇ ਰੁਜ਼ਗਾਰ ਨੂੰ ਸੱਟ ਵੱਜੀ ਹੈ। ਇਵੇਂ ਹੀ 2000 ਵਿਚ 25 ਘਿਉ ਮਿਲਾਂ ਸਨ ਜਿਨ੍ਹਾਂ ਵਿਚੋਂ ਹੁਣ ਸਿਰਫ ਚਾਰ ਕਾਰਖਾਨੇ ਰਹਿ ਗਏ ਹਨ।

ਪਿਛਲੇ ਸੱਤ ਵਰ੍ਹਿਆਂ ਵਿਚ 28 ਹਜ਼ਾਰ ਕਾਰਖਾਨੇ ਬੰਦ ਹੋਏ ਹਨ। ਪੰਜਾਬ ਦੇ ਤਕਰੀਬਨ ਸੱਤ ਹਜ਼ਾਰ ਉਦਯੋਗ ਬਿਮਾਰ ਐਲਾਨੇ ਗਏ ਹਨ ਜਿਨ੍ਹਾਂ ਸਿਰ ਤਕਰੀਬਨ 6,000 ਕਰੋੜ ਦਾ ਕਰਜ਼ਾ ਖੜ੍ਹਾ ਹੈ। ਜਿਹੜੇ ਸਨਅਤਕਾਰ ਡਿਫਾਲਟਰ ਹੋ ਗਏ ਹਨ, ਉਨ੍ਹਾਂ ਨੂੰ ਕਰਜ਼ ਦਾ ਵਿਆਜ ਤਾਰਨਾ ਹੀ ਮੁਸ਼ਕਲ ਹੋ ਗਿਆ ਹੈ। ਤਕਰੀਬਨ 800 ਅਜਿਹੇ ਉਦਯੋਗ ਹਨ ਜਿਨ੍ਹਾਂ ਦਾ ਕੋਈ ਥਹੁ ਪਤਾ ਹੀ ਨਹੀਂ ਹੈ। ਇਨ੍ਹਾਂ ਦੇ ਨਾ ਮਾਲਕ ਲੱਭ ਰਹੇ ਹਨ ਤੇ ਨਾ ਹੀ ਉਨ੍ਹਾਂ ਦੀ ਸੰਪਤੀ। ਕੇਂਦਰੀ ਮਾਈਕਰੋ, ਸਮਾਲ ਤੇ ਮੀਡੀਅਮ ਇੰਟਰਪ੍ਰਾਈਜਿਜ਼ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਸੂਬੇ ਵਿਚ 6550 ਛੋਟੇ ਤੇ ਦਰਮਿਆਨੇ ਉਦਯੋਗ ਬਿਮਾਰ ਐਲਾਨੇ ਗਏ ਹਨ ਜਿਨ੍ਹਾਂ ਸਿਰ ਵਪਾਰਕ ਬੈਂਕਾਂ ਦਾ 797.77 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਇਨ੍ਹਾਂ ਵਿਚੋਂ 5746 ਸਨਅਤਾਂ ਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਚਲਾਉਣਾ ਘਾਟੇ ਵਾਲਾ ਸੌਦਾ ਹੈ। ਇਨ੍ਹਾਂ ਵਿਚੋਂ ਸਿਰਫ 343 ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਹਨ ਜਿਨ੍ਹਾਂ ਨੂੰ ਚਲਾਇਆ ਜਾ ਸਕਦਾ ਹੈ। ਨਵੀਆਂ ਤਾਂ ਕੀ ਬਿਜਲੀ ਦੀ ਘਾਟ ਕਾਰਨ ਹੀ ਸੂਬੇ ਦੀਆਂ ਸੈਂਕੜੇ ਸਨਅਤੀ ਇਕਾਈਆਂ ਬੰਦ ਹੋ ਚੁੱਕੀਆਂ ਹਨ ਤੇ ਕਈ ਵੱਡੇ ਕਾਰੋਬਾਰੀ ਪੰਜਾਬ ਵਿਚੋਂ ਕਾਰੋਬਾਰ ਸਮੇਟ ਕੇ ਦੂਜੇ ਸੂਬਿਆਂ ਵਿਚ ਲਿਜਾ ਚੁੱਕੇ ਹਨ।

ਮੁਲਕ ਦੀ ਲੋਹ ਨਗਰੀ ਮੰਨੇ ਜਾਂਦੇ ਗੋਬਿੰਦਗੜ੍ਹ ਦੀ 80 ਫੀਸਦੀ ਤੋਂ ਵੱਧ ਸਨਅਤ ਬੰਦ ਹੋ ਚੁੱਕੀ ਹੈ ਜਦੋਂਕਿ ਲੁਧਿਆਣੇ ਦੀਆਂ ਬਹੁਤੀਆਂ ਸਨਅਤੀ ਇਕਾਈਆਂ ਮੰਦਵਾੜੇ ਦੀ ਮਾਰ ਹੇਠ ਹਨ। ਸੜਕਾਂ ਤੇ ਹੋਰ ਬੁਨਿਆਦੀ ਢਾਂਚੇ ਦੀ ਹਾਲਤ ਤਰਸਯੋਗ ਹੈ। ਇੰਸਪੈਕਟਰੀ ਰਾਜ ਨੇ ਵਪਾਰੀਆਂ ਦੀ ਤੌਬਾ ਕਰਵਾ ਰੱਖੀ ਹੈ। ਸਰਕਾਰ ਦੀਆਂ ਗਲਤ ਨੀਤੀਆਂ ਤੇ ਸੌੜੀ ਸਿਆਸਤ ਕਾਰਨ ਸੂਬੇ ਦੇ ਮਾਹੌਲ ਵਿਚ ਅਕਸਰ ਹੀ ਗਰਮਾਹਟ ਰਹਿੰਦੀ ਹੈ। ਅਜਿਹੀ ਸਥਿਤੀ ਵਿਚ ਪੂੰਜੀ ਨਿਵੇਸ਼ਕ ਸੱਤਾਧਾਰੀਆਂ ਨੂੰ ਖੁਸ਼ ਕਰਨ ਲਈ ਜਾਂ ਲੰਬੇ ਸਮੇਂ ਦੇ ਲਾਭਾਂ ਦੇ ਮੱਦੇਨਜ਼ਰ ਵੱਡਾ ਨਿਵੇਸ਼ ਕਰਨ ਦੇ ਵਾਅਦੇ ਤਾਂ ਕਰ ਸਕਦੇ ਹਨ, ਪਰ ਨਿਭਾਉਣਗੇ ਨਹੀਂ।

### ਕੈਪਟਨ ਦੇ ਅੰਕੜਿਆਂ ਅੱਗੇ ਹਾਕਮ ਧਿਰ ਲਾਜਵਾਬ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਭਾਜਪਾ ਸਰਕਾਰ ਦੇ ਨਿਵੇਸ਼ ਸਬੰਧੀ ਦਾਅਵਿਆਂ ਨੂੰ ਰੱਦ ਕਰਦਿਆਂ ਖੁਲਾਸਾ ਕੀਤਾ ਹੈ ਕਿ ਸਰਕਾਰੀ ਦਾਅਵਿਆਂ ਦੇ ਉਲਟ 2014-15 ਵਿੱਤੀ ਵਰ੍ਹੇ ਦੌਰਾਨ ਨਿਵੇਸ਼ ਸਿਰਫ 2600 ਕਰੋੜ ਰੁਪਏ ਦਾ ਹੋਇਆ ਹੈ।



ਉਨ੍ਹਾਂ ਕਿਹਾ ਕਿ ਇਹ ਹਾਲ ਸੂਬੇ ਵੱਲੋਂ ਪਿਛਲੇ ਪੂੰਜੀ ਨਿਵੇਸ਼ ਸੰਮੇਲਨ ਦੌਰਾਨ 65000 ਕਰੋੜ ਰੁਪਏ ਦਾ ਨਿਵੇਸ਼ ਹੋਣ ਸਬੰਧੀ ਕੀਤੇ ਗਏ ਸਮਝੌਤਿਆਂ ਦੇ ਦਾਅਵਿਆਂ ਤੋਂ ਬਾਅਦ ਦਾ ਹੈ। ਸਰਕਾਰ ਨੇ ਪਿਛਲੇ ਸੰਮੇਲਨ ਤੋਂ ਬਾਅਦ ਦਾਅਵੇ ਕੀਤੇ ਸਨ ਕਿ ਸੂਬੇ ਵਿਚ 40,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਸੀ, ਪਰ ਦੱਸਿਆ ਨਹੀਂ ਕਿ ਇਹ ਨਿਵੇਸ਼ ਕਿਹੜੇ ਸੈਕਟਰ ਵਿਚ ਹੋਇਆ। ਉਨ੍ਹਾਂ ਕਿਹਾ ਕਿ ਕੁਝ ਮਹੀਨੇ ਪਹਿਲਾਂ ਐਸੋਸੀਏਟਿਡ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਐਸੋਚੈਮ) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਵਿਚ ਖੁਲਾਸਾ ਕੀਤਾ ਹੈ ਕਿ ਸਾਲ 2006-07 ਤੋਂ ਸੂਬੇ ਦੇ ਨਿਵੇਸ਼ ਪ੍ਰਤੀਸ਼ਤ ਵਿਚ 91 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਉਸ ਸਾਲ 36000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਸੀ (ਜੋ ਇਸ ਵਰਤਮਾਨ ਮਹਿੰਗਾਈ ਦੇ ਹਿਸਾਬ ਨਾਲ ਹੁਣ 50,000 ਕਰੋੜ ਰੁਪਏ ਤੋਂ ਵੱਧ ਦਾ ਹੈ), ਜਦਕਿ ਹੁਣ ਨਿਵੇਸ਼ ਡਿੱਗ ਕੇ 2600 ਕਰੋੜ ਰੁਪਏ ਪਹੁੰਚ ਗਿਆ ਹੈ। ਇਹ ਅੰਕੜੇ ਦੇਸ਼ ਦੀ ਪ੍ਰਮੁੱਖ ਉਦਯੋਗਿਕ ਸੰਸਥਾ ਐਸੋਚੈਮ ਵੱਲੋਂ ਜਾਰੀ ਕੀਤੇ ਗਏ ਹਨ। 2007 ਵਿਚ ਸੱਤਾ ਵਿਚ ਆਉਣ ਤੋਂ ਤੁਰੰਤ ਬਾਅਦ ਅਕਾਲੀ ਭਾਜਪਾ ਸਰਕਾਰ ਨੇ ਇਕ ਲੱਖ ਕਰੋੜ ਰੁਪਏ ਤੋਂ ਵੱਧ ਰਹੇ ਨਿਵੇਸ਼ ਸਬੰਧੀ 367 ਮੈਗਾ ਪ੍ਰੋਜੈਕਟਾਂ ਦੇ ਸਮਝੌਤਿਆਂ ਨੂੰ ਰੱਦ ਕਰ ਦਿੱਤਾ ਸੀ, ਜਿਨ੍ਹਾਂ ਨਾਲ 13 ਲੱਖ ਨੌਕਰੀਆਂ ਪੈਦਾ ਹੋਣੀਆਂ ਸਨ। ਸੂਬੇ ਵਿਚ ਤਕਰੀਬਨ 20,000 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ।

### ਕੇਂਦਰੀ ਨੀਤੀਆਂ ਕਰ ਕੇ ਸੂਬੇ ਦਾ ਨੁਕਸਾਨ ਹੋਇਆ: ਬਾਦਲ



**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਸੂਬੇ ਵਿਚ ਉਦਯੋਗਿਕ ਵਿਕਾਸ ਨਾ ਹੋਣ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਪਹਾੜੀ ਰਾਜਾਂ ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਨੂੰ ਦਿੱਤੀਆਂ ਸਹੂਲਤਾਂ ਨੇ ਰਾਜ ਦੇ ਉਦਯੋਗਾਂ ਦਾ ਭੱਠਾ ਬਿਠਾਇਆ ਹੈ। ਸੂਬਾ ਸਰਕਾਰ ਨੇ ਪਹਿਲਾਂ ਹੀ ਪੂੰਜੀ ਨਿਵੇਸ਼ਕਾਂ ਨੂੰ ਰਿਆਇਤਾਂ ਦੇਣ ਲਈ ਸੰਜੀਦਾ ਕੋਸ਼ਿਸ਼ਾਂ ਕੀਤੀਆਂ ਹਨ ਤੇ ਹੁਣ ਸੂਬੇ ਵਿਚ ਉਦਯੋਗ ਸਥਾਪਤ ਕਰਨਾ ਉੱਦਮੀਆਂ ਦੀ ਵਾਰੀ ਹੈ।

# ਫੂਡ ਪ੍ਰੋਸੈਸਿੰਗ ਸਨਅਤ ਨੂੰ ਖੁੱਲ੍ਹੇ ਗੱਫੇ




**ਚੰਡੀਗੜ੍ਹ:** ਪੰਜਾਬ ਵੱਲੋਂ ਕਰਵਾਏ ਗਏ ਦੂਜੇ ਪ੍ਰੋਗਰੈਸਿਵ ਨਿਵੇਸ਼ਕ ਸੰਮੇਲਨ ਦੌਰਾਨ ਸੂਬਾ ਸਰਕਾਰ ਵੱਲੋਂ ਖੇਤੀ ਆਧਾਰਿਤ ਸਨਅਤਾਂ ਨੂੰ ਪ੍ਰਫੁੱਲਤ ਕਰਨ ਉਤੇ ਜ਼ੋਰ ਦਿੱਤਾ ਗਿਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਫੂਡ ਪ੍ਰੋਸੈਸਿੰਗ ਉਦਯੋਗਾਂ ਵੱਲੋਂ ਖਰੀਦੇ ਜਾਣ ਵਾਲੇ ਅਨਾਜ ਨੂੰ ਪੂਰੀ ਤਰ੍ਹਾਂ ਟੈਕਸਾਂ ਤੋਂ ਛੋਟ ਦੇਣ ਦਾ ਐਲਾਨ ਕੀਤਾ।

ਸੰਮੇਲਨ ਦੌਰਾਨ ਸਰਕਾਰ ਨੇ ਵੱਖ-ਵੱਖ ਉਦਯੋਗਿਕ ਘਰਾਣਿਆਂ ਨਾਲ ਇਕ ਲੱਖ 15 ਹਜ਼ਾਰ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਦੇ ਸਮਝੌਤੇ (ਐਮ.ਓ.ਯੂ.) ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਇਸ ਨਾਲ ਢਾਈ ਲੱਖ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਉਤੇ ਰੁਜ਼ਗਾਰ ਮਿਲੇਗਾ। ਉਪ ਮੁੱਖ ਮੰਤਰੀ ਨੇ ਉਦਯੋਗਾਂ ਨੂੰ ਬਿਜਲੀ 4.99 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਦੇਣ ਤੇ ਇੰਸਪੈਕਟਰੀ ਰਾਜ ਤੋਂ ਮੁਕਤੀ ਦਿਵਾਉਣ ਦੇ ਐਲਾਨ ਵੀ ਕੀਤੇ।

ਸੰਮੇਲਨ ਵਿਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ, ਬਜਾਜ ਗਰੁੱਪ ਦੇ ਰਾਹੁਲ ਬਜਾਜ, ਆਈ.ਟੀ.ਸੀ. ਦੇ ਵਾਈ.ਸੀ. ਦੇਵੇਸ਼ਵਰ, ਆਈ.ਸੀ.ਆਈ.ਸੀ. ਆਈ. ਬੈਂਕ ਦੀ ਐਮ.ਡੀ. ਚੰਦਾ ਕੋਚਰ, ਹੀਰੋ ਗਰੁੱਪ ਦੇ ਕਮਲ ਮੁੰਜਾਲ, ਵਰਧਮਾਨ ਦੇ ਐਸ.ਪੀ. ਓਸਵਾਲ, ਜੀ.ਵੀ.ਕੇ. ਗਰੁੱਪ ਦੇ ਜੀ.ਵੀ. ਕੇ. ਰੈਡੀ, ਸਨ ਫਾਰਮਾ ਦੇ ਦਿਲੀਪ ਸਾਂਘਵੀ, ਡੀ.ਐਲ.ਐਫ. ਦੇ ਰਾਜੀਵ ਸਿੰਘ ਤੇ ਪੋਲੈਂਡ ਤੇ ਚੀਨ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ।

## ਵਿਰੋਧੀ ਧਿਰਾਂ ਵੱਲੋਂ ਰਿਆਇਤਾਂ 'ਤੇ ਸਵਾਲ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਿਆਂ ਉਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਰਕਾਰ ਪਿਛਲੀ ਇਨਵੈਸਟਰਜ਼ ਸਮਿਟ ਦੌਰਾਨ 65000 ਕਰੋੜ ਦੇ ਨਿਵੇਸ਼ ਬਾਰੇ ਦੱਸੇ।

ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਨਿਵੇਸ਼ਕਾਂ ਦੇ ਸੰਮੇਲਨ ਵਿਚ ਨਵੀਆਂ ਇੰਡਸਟਰੀਆਂ ਲਈ ਬਿਜਲੀ ਪੰਜ ਰੁਪਏ ਪ੍ਰਤੀ ਯੂਨਿਟ ਦੀ ਰਿਆਇਤੀ ਦਰ 'ਤੇ ਉਪਲਬਧ ਕਰਵਾਉਣ ਦੇ ਫੈਸਲੇ ਦਾ ਸੁਆਗਤ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੁਰਾਣੀਆਂ ਇੰਡਸਟਰੀਆਂ ਦਾ ਪਲਾਇਨ ਰੋਕਣ ਲਈ ਉਨ੍ਹਾਂ ਨੂੰ ਵੀ ਇਸੇ ਭਾਅ ਬਿਜਲੀ ਉਪਲਬਧ ਕਰਵਾਈ ਜਾਵੇ। ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਬਿਜਲੀ ਦੀ ਸਮਾਨ ਦਰ ਲਾਗੂ ਕਰਾਉਣ ਦੇ ਨਾਲ ਸਰਕਾਰ ਵਪਾਰੀਆਂ ਨੂੰ ਤਕਰਬੀਨ 300 ਕਰੋੜ ਰੁਪਏ ਵੈਟ ਰਿਫੰਡ ਦੇਣ ਵਿਚ ਵਰਤੀ ਜਾ ਰਹੀ ਕੋਤਾਹੀ 'ਤੇ ਲਗਾਮ ਲਗਾਉਣ।

ਆਮ ਆਦਮੀ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਪ੍ਰੋਗਰੈਸਿਵ ਨਿਵੇਸ਼ਕ ਸੰਮੇਲਨ ਅਧੀਨ ਨਵੇਂ ਉਦਯੋਗਿਕ ਨਿਵੇਸ਼ਕਾਂ ਨੂੰ ਜੋ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਿਵੇਂ ਕਿ ਘੱਟ ਰੇਟ ਤੇ ਬਿਜਲੀ ਮੁਹੱਈਆ, ਟੈਕਸ ਛੋਟ ਆਦਿ, ਉਹ ਸਹੂਲਤਾਂ ਪਹਿਲਾਂ ਤੋਂ ਹੀ ਪੰਜਾਬ ਵਿਚ ਨਿਵੇਸ਼ ਕਰ ਰਹੇ ਉਦਯੋਗਪਤੀਆਂ ਨੂੰ ਵੀ ਦਿੱਤੀਆਂ ਜਾਣ।

# ਰਾਮੂਵਾਲੀਆ ਦੀ ਪਲਟੀ ਨਾਲ ਹਿੱਲਿਆ ਅਕਾਲੀ ਦਲ

**ਚੰਡੀਗੜ੍ਹ:** ਉੱਤਰ ਪ੍ਰਦੇਸ਼ ਦੀ ਸਮਾਜਵਾਦੀ ਪਾਰਟੀ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਬਣ ਕੇ ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ ਹੈ। ਭਾਵੇਂ ਅਕਾਲੀ ਦਲ ਇਸ ਨਾਲ ਪਾਰਟੀ ਨੂੰ ਕੋਈ ਫਰਕ ਨਾ ਪੈਣ ਦੀ ਗੱਲ ਆਖ ਰਿਹਾ ਹੈ, ਪਰ ਪੰਜਾਬ ਵਿਚ ਸਰਕਾਰ ਖਿਲਾਫ ਪੈਦਾ ਹੋਏ ਲੋਕ ਰੋਹ ਵਿਚ 'ਆਪਣਿਆਂ' ਦੀ ਬਗਾਵਤ ਤੋਂ ਡਾਢਾ ਦੁਖੀ ਹੈ। ਸ੍ਰੀ ਰਾਮੂਵਾਲੀਆ ਨੇ ਜਿਸ ਤਰ੍ਹਾਂ ਸੰਕਟ ਦੇ ਸਮੇਂ ਦਲ ਨੂੰ ਛੱਡਿਆ ਹੈ, ਉਸ ਤੋਂ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਸਮੁੱਚੀ ਲੀਡਰਸ਼ਿਪ ਹਿੱਲ ਕੇ ਰਹਿ ਗਈ ਹੈ। ਅਕਾਲੀ ਦਲ ਨੇ ਫੌਰੀ ਕਾਰਵਾਈ ਕਰਦਿਆਂ ਸ੍ਰੀ ਰਾਮੂਵਾਲੀਆ ਨੂੰ ਦਲ ਵਿੱਚੋਂ ਕੱਢ ਦਿੱਤਾ ਹੈ। ਅਕਾਲੀ ਦਲ ਨੇ ਸ੍ਰੀ ਰਾਮੂਵਾਲੀਆ ਦੇ ਇਸ ਕਦਮ ਨੂੰ 'ਸਿਰੇ ਦੀ ਮੌਕਾਪ੍ਰਸਤੀ' ਤੇ 'ਪਿੱਠ ਵਿਚ ਛੁਰਾ ਮਾਰਨ' ਵਾਲਾ ਕਰਾਰ ਦਿੱਤਾ ਹੈ। ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਰਾਮੂਵਾਲੀਆ ਦਾ ਇਹ ਕਦਮ ਪੰਜਾਬ ਦੀਆਂ ਸਿਆਸੀ ਸਮੀਕਰਨਾਂ ਨੂੰ ਪ੍ਰਭਾਵਿਤ ਕਰੇਗਾ। ਇਸ ਨਾਲ ਇਕ ਪਾਸੇ ਅਕਾਲੀ ਦਲ ਖਿਲਾਫ ਰੋਹ ਹੋਰ ਪ੍ਰਚੰਡ ਰੂਪ ਅਖਤਿਆਰ ਕਰੇਗਾ, ਦੂਜੇ ਪਾਸੇ ਅਕਾਲੀ ਲੀਡਰਸ਼ਿਪ ਦੇ ਮਨੋਬਲ ਨੂੰ ਵੀ ਸੱਟ ਲੱਗੇਗੀ। ਰਾਮੂਵਾਲੀਆ ਦੇ ਇਸ ਕਦਮ ਨੇ ਇਨ੍ਹਾਂ ਇਲਜ਼ਾਮਾਂ ਦੀ ਵੀ ਪੁਸ਼ਟੀ ਕਰ ਦਿੱਤੀ ਹੈ ਕਿ ਅਕਾਲੀ ਦਲ ਵਿਚ ਸਭ ਠੀਕ ਨਹੀਂ। ਰਾਮੂਵਾਲੀਆ ਦੇ ਇਸ ਕਦਮ ਨਾਲ ਵਿਦੇਸ਼ਾਂ ਵਿਚ ਵੀ ਅਕਾਲੀ ਦਲ ਦੇ ਆਧਾਰ ਨੂੰ ਖੋਰਾ ਲੱਗੇਗਾ। ਇਸ ਨਾਲ ਅਕਾਲੀ ਦਲ ਦੇ ਕੌਮੀ ਪਾਰਟੀ ਬਣਨ ਦੇ ਸੁਫਨੇ ਨੂੰ ਵੀ ਸੱਟ ਲੱਗੇਗੀ। ਉੱਤਰ ਪ੍ਰਦੇਸ਼ ਤੇ ਦਿੱਲੀ ਦੇ ਮਾਮਲੇ ਰਾਮੂਵਾਲੀਆ ਹੀ ਵੇਖ ਰਹੇ ਸਨ। ਉਨ੍ਹਾਂ ਦਾ ਦੂਜੇ ਰਾਜਾਂ ਤੇ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਭਾਈਚਾਰੇ ਵਿਚ ਚੰਗਾ ਆਧਾਰ ਹੈ। ਕਾਬਲੇਗੌਰ ਹੈ ਕਿ ਪਿਛਲੇ ਦਿਨੀਂ ਪੰਥਕ ਮਸਲਿਆਂ ਨੂੰ ਲੈ ਕੇ ਵਾਪਰੀਆਂ ਘਟਨਾਵਾਂ ਨੇ ਟਕਸਾਲੀ ਲੀਡਰਾਂ ਨੂੰ ਝੰਜੋੜ ਕੇ ਸੁੱਟ ਦਿੱਤਾ ਹੈ। ਅਕਾਲੀ ਲੀਡਰਾਂ ਦਾ ਘਰਾਂ ਵਿਚੋਂ ਨਿਕਲਣਾ ਔਖਾ ਹੋ ਗਿਆ ਹੈ। ਕੁਝ ਲੀਡਰਾਂ ਨੇ ਅੱਕ ਕੇ ਅਸਤੀਫੇ ਵੀ ਦੇ ਦਿੱਤੇ ਹਨ। ਪਾਰਟੀ ਅੰਦਰ ਬਾਗੀ ਸੁਰਾਂ ਤੇਜ਼ ਹੋ ਰਹੀਆਂ ਹਨ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਕਾਰਜਸ਼ੈਲੀ 'ਤੇ ਸਵਾਲ ਉੱਠ ਰਹੇ ਹਨ। ਅਜਿਹੇ ਮਾਹੌਲ ਵਿਚ ਸੀਨੀਅਰ ਲੀਡਰ ਰਾਮੂਵਾਲੀਆ ਦੇ ਝਟਕੇ ਨਾਲ ਅਕਾਲੀ ਦਲ ਨੂੰ ਹੋਰ ਨੁਕਸਾਨ ਹੋ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਅਕਾਲੀ ਦਲ ਤੋਂ ਵੱਖ ਹੋਣ ਨਾਲ ਹੋਰ ਲੀਡਰਾਂ ਉਤੇ ਵੀ ਅਸਤੀਫੇ ਦੇਣ ਦਾ ਦਬਾਅ ਵਧੇਗਾ।

## ਹੋਰ ਆਗੂਆਂ ਦੀ ਬਗਾਵਤ ਦਾ ਖਤਰਾ ਵਧਿਆ



## ਮੰਤਰੀ ਬਣ ਕੇ ਮੁਲਾਇਮ ਦਾ ਅਹਿਸਾਨ ਲਾਹਿਆ: ਰਾਮੂਵਾਲੀਆ

**ਨਵੀਂ ਦਿੱਲੀ:** ਯੂ.ਪੀ. ਦੇ ਕੈਬਨਿਟ ਮੰਤਰੀ ਬਣਨ ਪਿੱਛੋਂ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਉਨ੍ਹਾਂ ਅਜਿਹਾ ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਦਾ ਅਹਿਸਾਨ ਲਾਹੁਣ ਲਈ ਕੀਤਾ ਹੈ। ਸ੍ਰੀ ਯਾਦਵ ਨੇ ਉਨ੍ਹਾਂ ਨੂੰ ਯੂ.ਪੀ. ਤੋਂ ਰਾਜ ਸਭਾ ਲਈ ਭੇਜ ਕੇ ਅਹਿਸਾਨ ਕੀਤਾ ਸੀ, ਜਿਸ ਦਾ ਬਦਲਾ ਉਹ ਯੂ.ਪੀ. ਦੇ ਪੰਜਾਬੀ ਹਲਕਿਆਂ ਵਿਚ ਸਰਗਰਮ ਹੋ ਲਾਹੁਣਾ ਚਾਹੁੰਦੇ ਹਨ।

## ਮੌਕਾਪ੍ਰਸਤ ਨਿਕਲਿਆ ਰਾਮੂਵਾਲੀਆ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਬਲਵੰਤ ਸਿੰਘ ਰਾਮੂਵਾਲੀਆ ਨੇ ਪਾਰਟੀ ਨਾਲ ਧੋਖਾ ਕਰ ਕੇ ਸਿਆਸੀ ਮੌਕਾਪ੍ਰਸਤੀ ਤੇ ਤਾਕਤ ਦੀ ਭੁੱਖ ਦਾ ਸਬੂਤ ਦਿੱਤਾ ਹੈ। ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਗਰੇਵਾਲ, ਪ੍ਰੇਮ ਸਿੰਘ ਚੰਦੂਮਾਜਰਾ ਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਰਾਮੂਵਾਲੀਆ ਨੇ ਸਿਆਸਤ ਵਿਚ 'ਆਇਆ ਰਾਮ, ਗਿਆ ਰਾਮ' ਵਾਲੇ ਦਿਨਾਂ ਦੀ ਯਾਦ ਕਰਵਾ ਦਿੱਤੀ ਹੈ। ਰਾਮੂਵਾਲੀਆ ਨੇ ਅਕਾਲੀ ਦਲ ਨਾਲ ਵਿਸ਼ਵਾਸਘਾਤ ਕਿਸੇ ਵਿਚਾਰਕ ਮਤਭੇਦ ਕਰ ਕੇ ਨਹੀਂ, ਸਗੋਂ ਸਿਰਫ ਇਸ ਕਰ ਕੇ ਕੀਤਾ ਕਿਉਂਕਿ ਉਨ੍ਹਾਂ ਨੂੰ ਤਾਕਤ ਦੀ ਭੁੱਖ ਸੀ ਤੇ ਮੁਹਾਲੀ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਨਕਾਰਿਆ ਜਾ ਚੁੱਕਾ ਸੀ।

## ਪੰਜਾਬ ਤੋਂ ਬਾਹਰ ਵਿਸਥਾਰ ਦੇ ਸੁਪਨੇ ਨੂੰ ਖੋਰਾ

**ਜਲੰਧਰ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਬਲਵੰਤ ਸਿੰਘ ਰਾਮੂਵਾਲੀਆ ਨੂੰ ਉੱਤਰ ਪ੍ਰਦੇਸ਼ ਵਿਚ ਅਕਾਲੀ ਦਲ ਦਾ ਵਿਸਥਾਰ ਕਰਨ ਲਈ ਜ਼ਿੰਮੇਵਾਰੀ ਸੌਂਪੀ ਸੀ। ਇਸ ਤੋਂ ਪਹਿਲਾਂ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਵੇਲੇ ਵੀ ਉਨ੍ਹਾਂ ਨੂੰ ਇੰਚਾਰਜ ਬਣਾ ਕੇ ਭੇਜਿਆ ਸੀ। ਦੱਸਿਆ ਗਿਆ ਹੈ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਭਾਜਪਾ ਆਗੂਆਂ ਨੇ ਪੰਜਾਬ ਵਿਚ ਬਾਦਲਾਂ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਕਾਰਨ ਅਕਾਲੀ ਦਲ ਬਾਦਲ ਵੱਲੋਂ ਦੇਸ਼ ਵਿਚ ਪਾਰਟੀ ਦਾ ਵਿਸਥਾਰ ਕਰਨ ਲਈ ਯੋਜਨਾ ਘੜੀ ਜਾ ਰਹੀ ਹੈ। ਇਸੇ ਲੜੀ ਤਹਿਤ ਅਕਾਲੀ ਦਲ ਨੇ ਦਿੱਲੀ ਤੇ ਹਰਿਆਣਾ ਵਿਚ ਚੋਣਾਂ ਲੜੀਆਂ ਸਨ ਤੇ ਹੁਣ ਯੂ.ਪੀ. ਤੇ ਬਿਹਾਰ ਦੀ ਸਿਆਸਤ 'ਤੇ ਵੀ ਬਾਦਲਾਂ ਦੀ ਅੱਖ ਸੀ, ਪਰ ਇਸ ਦਿਸ਼ਾ ਵਿਚ ਅਗਲਾ ਕਦਮ ਚੁੱਕਣ ਤੋਂ ਪਹਿਲਾਂ ਹੀ ਸ. ਰਾਮੂਵਾਲੀਆ ਦੇ ਫੈਸਲੇ ਨੇ ਅਕਾਲੀ ਦਲ ਬਾਦਲ ਨੂੰ ਹਿਲਾ ਦਿੱਤਾ ਤੇ ਹੁਣ ਲੀਡਰਸ਼ਿਪ ਨੂੰ ਕੋਈ ਗੱਲ ਨਹੀਂ ਅਹੁੜ ਰਹੀ ਹੈ।

## ਅਕਾਲੀ ਦਲ ਦਾ ਸੂਹੀਆ ਤੰਤਰ ਵੀ ਰਿਹਾ ਨਾਕਾਮ

**ਚੰਡੀਗੜ੍ਹ:** ਅਕਾਲੀ ਦਲ ਦਾ ਸੂਹੀਆ ਤੰਤਰ ਵੀ ਰਾਮੂਵਾਲੀਆ ਦੀ ਦਲ ਬਦਲੂ ਨੀਤੀ ਬਾਰੇ ਅਗਾਊਂ ਜਾਣਕਾਰੀ ਹਾਸਲ ਨਾ ਕਰ ਸਕਿਆ। ਅਕਾਲੀ ਲੀਡਰਾਂ ਨੂੰ ਵੀ ਨਿਊਜ਼ ਚੈਨਲਾਂ ਜ਼ਰੀਏ ਪਤਾ ਲੱਗਾ ਕਿ ਰਾਮੂਵਾਲੀਆ ਯੂ.ਪੀ. ਕੈਬਨਿਟ ਵਿਚ ਮੰਤਰੀ ਬਣ ਗਏ ਹਨ। ਪਿਛਲੇ ਦਿਨੀਂ ਉਨ੍ਹਾਂ ਦੇ ਅਸਤੀਫੇ ਦੀ ਵੀ ਚਰਚਾ ਸੀ, ਪਰ ਉਨ੍ਹਾਂ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਸੀ।

# ਸਰਬੱਤ ਖਾਲਸਾ ਬੁਲਾਉਣ ਵਾਲਿਆਂ 'ਚ ਖਾਲਿਸਤਾਨ ਮੁੱਦੇ 'ਤੇ ਮੱਤਭੇਦ



**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਵੱਲੋਂ ਸੱਦੇ ਜਾ ਰਹੇ ਸਰਬੱਤ ਖਾਲਸਾ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਨੇ ਖਾਲਿਸਤਾਨ ਦਾ ਮੁੱਦਾ ਵਿਚਾਰਨ ਉਤੇ ਸਿੱਖ ਜਥੇਬੰਦੀਆਂ ਵਿਚ ਮੱਤਭੇਦ ਪੈਦਾ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਮਾਨ ਤੋਂ ਇਲਾਵਾ ਸਰਬੱਤ ਖਾਲਸਾ ਬੁਲਾਉਣ ਵਾਲੀਆਂ ਬਾਕੀਆਂ ਜਥੇਬੰਦੀਆਂ ਖਾਲਿਸਤਾਨ ਦੇ ਮੁੱਦੇ ਨਾਲ ਸਹਿਮਤ ਨਹੀਂ ਹਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜਮਹੂਰੀ ਢੰਗ ਨਾਲ ਸਿੱਖ ਆਪਣੇ ਲਈ ਆਜ਼ਾਦੀ ਹਾਸਲ ਕਰਨ ਲਈ ਸੰਘਰਸ਼ ਕਰਦੇ ਰਹਿਣਗੇ। ਖਾਲਿਸਤਾਨ ਦੇ ਮੁੱਦੇ 'ਤੇ ਵਿਚਾਰ ਬਾਰੇ ਮੱਤਭੇਦ ਹੋਣ ਦੇ ਬਾਵਜੂਦ ਇਹ ਸਿੱਖ ਜਥੇਬੰਦੀਆਂ ਇਸ ਗੱਲ ਉਤੇ ਸਹਿਮਤ ਹਨ ਕਿ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਦੇ ਚੁੰਗਲ ਵਿਚੋਂ ਕੱਢਣਾ ਹੈ ਤੇ ਇਸ ਲਈ ਜਥੇਬੰਦੀਆਂ ਨੇ ਸਿੱਖ ਸਿਧਾਂਤਾਂ ਉਤੇ ਡਟ ਕੇ ਪਹਿਰਾ ਦੇਣ ਦਾ ਅਹਿਦ ਲਿਆ ਹੈ। ਪੰਥਕ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਸਰਬੱਤ ਖਾਲਸਾ ਦੇ ਮੁੱਦਿਆਂ ਵਿਚ ਅਕਾਲ ਤਖਤ ਸਾਹਿਬ ਨੂੰ ਆਜ਼ਾਦ ਕਰਾਉਣਾ, ਸਿੰਘ ਸਾਹਿਬਾਨ ਚੁਣਨ ਤੇ ਹਟਾਉਣ ਤੇ ਕਾਰਜਸ਼ੈਲੀ ਨਿਯਤ ਕਰਨ ਲਈ ਵਿਧੀ ਵਿਧਾਨ ਬਣਾਉਣਾ ਤੇ ਗਲੋਬਲ ਸਿੱਖ ਸੰਸਥਾ ਬਣਾਉਣ ਸਬੰਧੀ ਵਿਚਾਰਾਂ ਹੋਣਗੀਆਂ।

## ਸਿੱਖ ਜਥੇਬੰਦੀਆਂ ਨੇ ਬਾਦਲ ਨੂੰ ਭੇਜਿਆ ਖੂਨ ਦਾ ਖੱਪਰ

**ਮੁਹਾਲੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਸਿੱਖ ਸੰਗਤ ਉਤੇ ਪੁਲਿਸ ਵੱਲੋਂ ਗੋਲੀ ਚਲਾਉਣ ਖਿਲਾਫ ਸਿੱਖ ਪ੍ਰਚਾਰਕਾਂ ਤੇ ਜਥੇਬੰਦੀਆਂ ਵੱਲੋਂ ਰੋਸ ਵਜੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਖੂਨ ਦਾ ਪਿਆਲਾ ਭੇਜਿਆ ਗਿਆ ਹੈ। ਚੰਡੀਗੜ੍ਹ-ਮੁਹਾਲੀ ਬਾਰਡਰ 'ਤੇ ਇਸ ਰੋਸ ਦੀ ਅਗਵਾਈ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕੀਤੀ। ਸਿੱਖ ਜਥੇਬੰਦੀਆਂ ਨੇ ਕਿਹਾ ਕਿ ਜੇਕਰ ਪੰਜਾਬ ਪੁਲਿਸ ਤੇ ਸਰਕਾਰ ਸਿੱਖਾਂ ਦੇ ਖੂਨ ਦੀ ਐਨੀ ਪਿਆਸੀ ਹੈ ਤਾਂ ਉਹ ਆਪਣਾ ਖੂਨ ਦਿੰਦੇ ਹਨ। ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਧਰਨਾਕਾਰੀਆਂ ਤੇ ਹੋਰ ਆਗੂਆਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਤੇ ਫਿਰ ਉਹ ਮੁੱਖ ਮੰਤਰੀ ਨਾਲ ਮੀਟਿੰਗ ਕਰਨ ਲਈ ਚੰਡੀਗੜ੍ਹ ਪਰਤ ਗਏ।

## ਸਿੱਖ ਦੀਵਾਲੀ ਮੌਕੇ ਚੜ੍ਹਦੀਕਲਾ ਦੇ ਦੀਵੇ ਬਾਲਣ: ਰਾਜੋਆਣਾ

**ਪਟਿਆਲਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਕਾਲੀ ਦਿਵਾਲੀ ਮਨਾਉਣ ਦੇ ਦਿੱਤੇ ਸੱਦੇ ਨਾਲ ਅਸਹਿਮਤੀ ਜਤਾਉਂਦਿਆਂ ਬਲਵੰਤ ਸਿੰਘ ਰਾਜੋਆਣਾ ਨੇ ਸਿੱਖ ਸੰਗਤਾਂ ਨੂੰ ਕਾਲੀ ਦੀਵਾਲੀ ਦੀ ਬਜਾਇ ਚੜ੍ਹਦੀ ਕਲਾ ਦੇ ਦੀਪ ਜਗਾਉਣ ਦਾ ਸੱਦਾ ਦਿੱਤਾ ਹੈ। ਉਕਤ ਘਟਨਾਕ੍ਰਮ ਲਈ ਉਨ੍ਹਾਂ ਤਖਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਤੇ ਸਰਕਾਰ ਦੀ ਭੂਮਿਕਾ ਉਤੇ ਸਵਾਲ ਉਠਾਏ ਹਨ। ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਰਾਜੋਆਣਾ ਨੇ ਸੱਦਾ ਪੱਤਰ ਮੁਲਾਕਾਤ ਦੌਰਾਨ ਆਪਣੀ ਭੈਣ ਕਮਲਜੀਤ ਕੌਰ ਦੇ ਹੱਥ ਭੇਜਿਆ।

# ਸਿੱਖਾਂ ਵੱਲੋਂ ਦਿੱਲੀ ਵਿਚ ਲਾਲ ਕਿਲ੍ਹੇ ਤੱਕ ਮਾਰਚ

**ਦਿੱਲੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਅਸਲ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਨੂੰ ਲੈ ਕੇ ਕਈ ਸਿੱਖ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੇ ਖਿਲਾਫ ਦਿੱਲੀ ਦੇ ਲਾਲ ਕਿਲ੍ਹੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਕ ਰੋਸ ਮਾਰਚ ਗੁਰਦੁਆਰਾ ਸ੍ਰੀ ਸ਼ੀਸ਼ ਗੰਜ ਸਾਹਿਬ ਤੋਂ ਚੱਲ ਕੇ ਲਾਲ ਕਿਲ੍ਹੇ ਦੇ ਸਾਹਮਣੇ ਜਾ ਕੇ ਖਤਮ ਹੋਇਆ। ਇਸ ਮੌਕੇ ਜਥੇਬੰਦੀਆਂ ਵੱਲੋਂ ਬੇਅਦਬੀ ਕਾਂਡ ਦੀ ਜਾਂਚ, ਸਿੱਖ ਕੈਦੀਆਂ ਦੀ ਰਿਹਾਈ ਆਦਿ ਹੋਰ ਪੰਥਕ ਮੁੱਦਿਆਂ ਦੀ ਚਰਚਾ ਕੀਤੀ ਗਈ। ਰੋਸ ਮਾਰਚ ਤੇ ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲਿਆਂ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਸੰਤ ਬਲਜੀਤ ਸਿੰਘ



ਦਾਦੂਵਾਲ ਮੁਖੀ ਪੰਥਕ ਸੇਵਾ ਲਹਿਰ, ਬਾਬਾ ਪ੍ਰਦੀਪ ਸਿੰਘ ਚਾਂਦਪੁਰ ਆਦਿ ਸਨ।

# ਸਿੱਖ ਨੌਜਵਾਨਾਂ ਦੀ ਮੌਤ ਬਾਰੇ ਸੀ.ਬੀ.ਆਈ. ਜਾਂਚ ਨਹੀਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਤਿੰਨ ਕੇਸ ਤਾਂ ਸੀ.ਬੀ.ਆਈ. ਹਵਾਲੇ ਕਰਨ ਦੀ ਸਿਫਾਰਸ਼ ਕਰ ਦਿੱਤੀ ਹੈ, ਪਰ ਬੇਅਦਬੀ ਖਿਲਾਫ ਬਹਿਬਲ ਕਲਾਂ ਵਿਚ ਰੋਸ ਪ੍ਰਗਟਾ ਰਹੇ ਪੰਥਕ ਕਾਰਕੁਨਾਂ ਉੱਤੇ ਪੁਲਿਸ ਵੱਲੋਂ ਕੀਤੀ ਫਾਇਰਿੰਗ ਵਿਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਦਾ ਮਾਮਲਾ ਪੁਲਿਸ ਅਫਸਰਾਂ ਦੇ ਦਬਾਅ ਕਾਰਨ ਸੀ.ਬੀ.ਆਈ. ਨੂੰ ਨਹੀਂ ਸੌਂਪਿਆ ਗਿਆ। ਅਜੇ ਵੀ ਗੋਲੀ ਕਾਂਡ ਮਾਮਲੇ ਦੀ ਜਾਂਚ ਲਈ ਬਣਾਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸ ਮਨਜ਼ੂਰ ਨਹੀਂ ਹੋਈਆਂ ਹਨ। ਸਰਕਾਰੀ ਐਲਾਨ ਮੁਤਾਬਕ ਕਮਿਸ਼ਨ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੀਆਂ ਸਾਰੀਆਂ ਘਟਨਾਵਾਂ, ਇਸ ਦੇ ਪਿੱਛੇ ਕਾਰਨਾਂ ਤੇ ਅੱਗੋਂ ਪੈਣ ਵਾਲੇ ਪ੍ਰਭਾਵ ਦੀ ਜਾਂਚ ਕਰਨੀ ਹੈ।

ਸੂਤਰਾਂ ਅਨੁਸਾਰ ਅਕਾਲੀ ਦਲ ਦੇ ਸਾਰੇ ਸੀਨੀਅਰ ਆਗੂ ਦੋ ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ ਅਤੇ ਗੋਲੀ ਕਾਂਡ ਵਿਚ ਪੁਲਿਸ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਮੰਨ ਰਹੇ ਹਨ। ਇਸ ਕਰਕੇ ਡੀ.ਜੀ.ਪੀ. ਸੁਮੇਧ ਸੈਣੀ ਦੀ ਛੁੱਟੀ ਕੀਤੀ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 14 ਅਕਤੂਬਰ ਨੂੰ ਵਾਪਰੇ ਗੋਲੀ ਕਾਂਡ ਬਾਅਦ 15 ਅਕਤੂਬਰ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੇਵਾਮੁਕਤ ਜਜ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਵਿਚ ਜਾਂਚ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਸੀ, ਪਰ ਅਜੇ ਤੱਕ ਇਸ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸ ਨੂੰ ਮਨਜ਼ੂਰੀ ਨਹੀਂ ਮਿਲੀ ਹੈ।

ਇਸ ਤੋਂ ਬਾਅਦ ਕਮਿਸ਼ਨ ਲਈ ਦਫਤਰ ਤੇ ਅਮਲੇ ਫੈਲੇ ਦਾ ਪ੍ਰਬੰਧ ਵੀ ਕੀਤਾ ਜਾਣਾ ਹੈ। ਪੰਥਕ ਜਥੇਬੰਦੀਆਂ ਦੇ ਮੋਹਰੀ ਆਗੂ ਭਾਈ ਪ੍ਰੰਥਪ੍ਰੀਤ ਸਿੰਘ ਨੇ ਕਿਹਾ ਕਿ ਸਿਰਫ ਪੁਲਿਸ ਵਾਲਾ ਮਾਮਲਾ ਬਾਹਰ ਕਿਉਂ ਛੱਡ ਦਿੱਤਾ ਗਿਆ ਹੈ। ਇਸ ਦੀ ਜਾਂਚ ਵੀ ਸੀ.ਬੀ.ਆਈ. ਨੂੰ ਦੇਣੀ ਚਾਹੀਦੀ ਸੀ। ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਕਿਸੇ ਵੀ ਪੰਥਕ ਸੰਗਠਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਦੇਣ ਦੀ ਮੰਗ ਨਹੀਂ ਕੀਤੀ ਸੀ।

## ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਬਿਨਾਂ ਸ਼ਰਤ ਰਿਹਾ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਸਿੱਖ ਜਗਤ ਵਿਚ ਫੈਲੇ ਰੋਹ ਅੱਗੇ ਪੰਜਾਬ ਸਰਕਾਰ ਝੁਕਦੀ ਨਜ਼ਰ ਆ ਰਹੀ ਹੈ। ਸਿੱਖ ਰੋਹ ਕਾਰਨ ਬਰਗਾੜੀ ਕਾਂਡ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਪਿੰਡ ਪੰਜਗਰਾਈਂ ਖੁਰਦ ਦੇ ਸਕੇ ਭਰਾਵਾਂ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੂੰ ਸਰਕਾਰ ਨੇ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਹੈ।



ਪੰਜਾਬ ਪੁਲਿਸ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਖੁਦ ਮੰਗ ਕੀਤੀ ਕਿ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੀ ਹਾਲ ਦੀ ਘੜੀ ਪੁਲਿਸ ਨੂੰ ਕੋਈ ਜ਼ਰੂਰਤ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਦੱਸਣਯੋਗ ਹੈ ਕਿ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੂੰ ਮੁਕੱਦਮਾ ਨੰਬਰ 128 ਅ/ਧ 295 ਏ/120 ਬੀ ਤਹਿਤ 20 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਵਿਚ ਡੇਂਗੂ ਨੇ ਸਾਰੇ ਰਿਕਾਰਡ ਤੋੜੇ

**ਚੰਡੀਗੜ੍ਹ:** ਡੇਂਗੂ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਮਧੋਲ ਕੇ ਰੱਖ ਦਿੱਤਾ ਹੈ। ਡੇਂਗੂ ਨੇ ਲੰਘੇ ਸਾਲਾਂ ਨਾਲੋਂ ਕਈ ਗੁਣਾ ਜ਼ਿਆਦਾ ਲੋਕਾਂ ਨੂੰ ਆਪਣੀ ਲਪੇਟ ਵਿਚ ਲਿਆ ਹੈ ਅਤੇ ਤਿੰਨ ਗੁਣਾ ਜ਼ਿਆਦਾ ਮੌਤਾਂ ਹੋਈਆਂ ਹਨ। ਮੁਲਕ ਵਿਚ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਰਾਜਾਂ ਵਿਚੋਂ ਪੰਜਾਬ ਇੱਕ ਹੈ। ਡੇਂਗੂ ਦੇ 23 ਹਜ਼ਾਰ ਸ਼ੱਕੀ ਮਰੀਜ਼ਾਂ ਨੂੰ ਹਸਪਤਾਲਾਂ ਵਿਚ ਦਾਖ਼ਲ ਕਰਾਇਆ ਗਿਆ ਹੈ ਅਤੇ 23 ਮਰੀਜ਼ਾਂ ਦੀ ਮੌਤ ਹੋਈ ਹੈ।

ਡੇਂਗੂ ਦੀ ਲਪੇਟ ਵਿਚ ਮਾਲਵੇ ਦੇ ਤਿੰਨ ਜ਼ਿਲ੍ਹਿਆਂ ਬਠਿੰਡਾ, ਲੁਧਿਆਣਾ ਅਤੇ ਪਟਿਆਲਾ ਸਭ ਤੋਂ ਵੱਧ ਆਏ ਹਨ। ਬਠਿੰਡਾ ਵਿਚ 2024, ਲੁਧਿਆਣਾ ਵਿਚ 1910 ਅਤੇ ਪਟਿਆਲਾ ਵਿਚ 1225 ਮਰੀਜ਼ਾਂ ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋਈ ਹੈ। ਪਿਛਲੇ ਦਿਨੀਂ ਮੀਂਹ ਪੈਣ ਅਤੇ ਮੌਸਮ ਸਿੱਲ੍ਹਾ ਰਹਿਣ ਕਰ ਕੇ ਅਗਲੇ ਦਿਨਾਂ ਵਿਚ ਡੇਂਗੂ ਦਾ ਕਹਿਰ ਘਟਣ ਦੇ ਆਸਾਰ ਘੱਟ ਹੀ ਨਜ਼ਰ ਆ ਰਹੇ ਹਨ ਜਦਕਿ ਸਿਹਤ ਵਿਭਾਗ ਦੇ ਬੁਲਾਰੇ ਨੇ




ਪੰਦਰਾਂ ਨਵੰਬਰ ਤਕ ਬਿਮਾਰੀ ਦੀ ਮਾਰ ਘਟਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ।

ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਸਾਲ 2008 ਵਿਚ 4349 ਜਣਿਆਂ ਨੂੰ ਡੇਂਗੂ ਹੋਇਆ ਸੀ ਅਤੇ 21 ਦੀ ਮੌਤ ਹੋਈ ਸੀ। ਸਾਲ 2009 ਵਿਚ ਡੇਂਗੂ ਨਾਲ ਇੱਕ ਮੌਤ ਹੋਈ ਸੀ ਅਤੇ 245 ਲੋਕ ਬਿਮਾਰੀ ਦੀ ਲਪੇਟ ਵਿਚ ਆਏ ਸਨ। 2010 ਵਿਚ 4012 ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋਈ ਸੀ ਅਤੇ 23 ਦੀ ਮੌਤ ਹੋਈ ਸੀ।

ਇਸੇ ਤਰ੍ਹਾਂ 2011 ਵਿਚ 33 ਮੌਤਾਂ ਹੋਈਆਂ ਸਨ ਜਦਕਿ 3911 ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋਈ ਸੀ। ਸਾਲ 2012 ਵਿਚ ਬਿਮਾਰੀ ਨੇ 770 ਜਣਿਆਂ ਨੂੰ ਲਪੇਟ ਵਿਚ ਲਿਆ ਅਤੇ 9 ਜਣਿਆਂ ਦੀ ਜਾਨ ਗਈ ਸੀ। ਸਾਲ 2013 ਵਿਚ 4117 ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋਈ ਸੀ ਅਤੇ 25 ਮੌਤਾਂ ਹੋਈਆਂ ਸਨ। 2013 ਵਿਚ ਡੇਂਗੂ ਨਾਲ 8 ਮੌਤਾਂ ਹੋਈਆਂ ਸਨ ਤੇ 472 ਜਣਿਆਂ ਨੂੰ ਬਿਮਾਰੀ ਦੀ ਲਪੇਟ ਵਿਚ ਆਏ ਸਨ। ਸਵਾਈਨ ਫਲੂ ਨੇ ਵੀ ਇਸ ਵਾਰ ਜ਼ੋਰ ਨਾਲ ਹਮਲਾ ਕੀਤਾ ਪਰ ਇਹ ਸ਼ੁਰੂ ਵਿਚ ਹੀ ਕੰਟਰੋਲ ਵਿਚ ਆ ਗਿਆ। ਇਸ ਸਾਲ ਸਵਾਈਨ ਫਲੂ ਨਾਲ ਦੋ ਮੌਤਾਂ ਹੋਈਆਂ ਹਨ

## ਉਬੇਰ ਕੇਸ: ਡਰਾਈਵਰ ਨੂੰ ਉਮਰ ਕੈਦ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਉਬੇਰ ਕੈਬ ਦੇ ਡਰਾਈਵਰ ਨੂੰ ਉਸ ਦੀ ਕੁਦਰਤੀ ਮੌਤ ਹੋਣ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਉਤੇ 11 ਕੁ ਮਹੀਨੇ ਪਹਿਲਾਂ ਆਪਣੀ ਕੈਬ ਵਿਚ ਇਕ ਕੰਮ-ਕਾਜੀ ਮਹਿਲਾ ਨਾਲ ਬਲਾਤਕਾਰ ਕਰਨ ਦਾ ਦੋਸ਼ ਸੀ। ਐਡੀਸ਼ਨਲ ਸੈਸ਼ਨ ਜੱਜ ਕਾਵੇਰੀ ਬਵੇਜਾ ਨੇ 32 ਸਾਲਾ ਸ਼ਿਵ ਕੁਮਾਰ ਯਾਦਵ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਦੋਸ਼ੀ ਨੂੰ 21 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਹੈ। ਫ਼ੈਸਲਾ ਸੁਣ ਕੇ ਯਾਦਵ, ਉਸ ਦੀ ਪਤਨੀ ਅਤੇ ਦੋ ਧੀਆਂ ਰੋਣ ਲੱਗ ਪਈਆਂ। ਉਸ ਦੀ ਪਤਨੀ ਤਾਂ ਅਦਾਲਤ ਵਿਚ ਬੇਸੁਧ ਹੋ ਕੇ ਢਹਿ ਪਈ। ਇਹ ਘਟਨਾ ਪਿਛਲੇ ਸਾਲ 5 ਦਸੰਬਰ ਨੂੰ ਉਦੋਂ ਵਾਪਰੀ ਸੀ ਜਦੋਂ ਗੁੜਗਾਉਂ ਵਿਚ ਫਾਇਨਾਂਸ ਐਗਜ਼ੈਕਟਿਵ ਵਜੋਂ ਕੰਮ ਕਰਦੀ ਇਕ ਔਰਤ ਕੇਂਦਰੀ ਦਿੱਲੀ ਦੇ ਇੰਦਰਲੋਕ ਵਿਚ ਆਪਣੇ ਘਰ ਪਰਤ ਰਹੀ ਸੀ। ਸ਼ਿਵ ਕੁਮਾਰ ਨੂੰ 7 ਦਸੰਬਰ ਨੂੰ ਮਥੁਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

## ਚੁਰਾਸੀ: ਮੱਲ੍ਹਮ ਲਾਉਣ ਦੀ ਥਾਂ ਫਿਰ ਸਿਆਸਤ ਭਾਰੂ

*(ਸਫਾ ਇਕ ਦੀ ਬਾਕੀ)*

ਅਨੁਸਾਰ ਸਾਲ 2002 ਤੋਂ ਲੈ ਕੇ 2013 ਤੱਕ ਭਾਰਤ ਵਿਚ 8473 ਫਿਰਕੂ ਦੰਗਿਆਂ ਦੀਆਂ ਘਟਨਾਵਾਂ ਵਾਪਰੀਆਂ ਤੇ 2502 ਲੋਕ ਮਾਰੇ ਗਏ; ਜਦ ਕਿ 28 ਹਜ਼ਾਰ ਤੋਂ ਵੱਧ ਲੋਕ ਜਖ਼ਮੀ ਵੀ ਹੋਏ। ਇਹ ਗਰਾਫ ਹਰ ਸਾਲ ਤੇਜ਼ੀ ਨਾਲ ਉਤਾਂਹ ਨੂੰ ਜਾ ਰਿਹਾ ਹੈ। ਕੇਂਦਰ ਵਿਚ ਮੋਦੀ ਸਰਕਾਰ ਬਣਨ ਮਗਰੋਂ ਫਿਰਕੂ ਦੰਗਿਆਂ ਦੀਆਂ ਘਟਨਾਵਾਂ ਹੋਰ ਵੀ ਤੇਜ਼ ਹੋਈਆਂ ਹਨ। 2014 ਦੇ ਪਹਿਲੇ ਛੇ ਮਹੀਨਿਆਂ ਵਿਚ 252 ਫਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਜਦੋਂ ਕਿ 2015 ਦੇ ਪਹਿਲੇ ਛੇ ਮਹੀਨਿਆਂ ਵਿਚ 330 ਫਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ।

**ਦਿੱਲੀ ਵਿਚ ਯਾਦਗਾਰ ਬਣਾਉਣ ਦੀ ਤਿਆਰੀ:** ਮੁਲਕ ਦੀ ਰਾਜਧਾਨੀ ਦਿੱਲੀ ਵਿਚ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਢੁਕਵੀਂ ਯਾਦਗਾਰ ਬਣਾਉਣ ਲਈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਠੇਕਾ ਪਾਸ ਕਰ ਦਿੱਤਾ ਹੈ। ਇਹ ਯਾਦਗਾਰ ਅਗਲੇ ਸਾਲ ਨਵੰਬਰ ਤੋਂ ਪਹਿਲਾਂ-ਪਹਿਲਾਂ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਸਥਾਨ ਉਪਰ ਸ਼ਹੀਦ ਸਿੱਖਾਂ ਦੇ ਨਾਂ ਵੀ ਉਕਰੇ ਜਾਣਗੇ।

## ਰਿਹਾ ਹੋਏ ਸਿੱਖ ਨੌਜਵਾਨਾਂ ਨੇ ਲਾਏ ਕੁੱਟਮਾਰ ਦੇ ਦੋਸ਼

**ਫ਼ਰੀਦਕੋਟ:** ਬਰਗਾੜੀ ਕਾਂਡ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਰਿਹਾਅ ਹੋ ਕੇ ਆਪਣੇ ਪਿੰਡ ਪੁੱਜੇ ਰੁਪਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਨੇ ਪੁਲਿਸ ਤੇ ਕੁੱਟਮਾਰ ਅਤੇ ਲਾਲਚ ਦੇ ਕੇ ਗੁਨਾਹ ਕਬੂਲ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਪਿੰਡ ਪੰਜਗਰਾਈਂ ਖੁਰਦ ਵਿਚ ਭਾਈ ਪੰਥਪ੍ਰੀਤ ਸਿੰਘ, ਰੁਪਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਅਤੇ ਸਿੱਖ ਸੰਗਤ ਵੱਲੋਂ ਪ੍ਰੈੱਸ ਕਾਨਫਰੰਸ ਰੱਖੀ ਗਈ ਸੀ ਜਿਸ ਵਿਚ ਦੋਵਾਂ ਭਰਾਵਾਂ ਦੇ ਵਕੀਲ ਸ਼ਿਵ ਕਰਤਾਰ ਸਿੰਘ ਸੇਖੋਂ ਵੀ ਸ਼ਾਮਲ ਹੋਏ। ਰੁਪਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੀ.ਆਈ.ਏ. ਸਟਾਫ ਫਰੀਦਕੋਟ ਅਤੇ ਮਹਿਣਾ ਥਾਣੇ ਵਿਚ ਲਿਜਾ ਕੇ ਕੁੱਟਿਆ ਗਿਆ। ਕੁੱਟ ਤੋਂ ਬਾਅਦ ਵੀ ਜਦੋਂ ਪੁਲਿਸ ਦਾ ਮਕਸਦ ਹੱਲ ਨਹੀਂ ਹੋਇਆ ਤਾਂ ਉਨ੍ਹਾਂ ਨੇ ਨੌਕਰੀ ਅਤੇ ਪੈਸੇ ਦਾ ਲਾਲਚ ਦੇ ਕੇ ਗੁਨਾਹ ਕਬੂਲ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਦੋਵਾਂ ਭਰਾਵਾਂ ਨੇ ਕਿਹਾ ਕਿ ਜੇ ਇਲਾਕੇ ਦੇ ਲੋਕ ਉਨ੍ਹਾਂ ਦੇ ਹੱਕ ਵਿਚ ਨਾ ਨਿੱਤਰਦੇ ਤਾਂ ਪੁਲਿਸ ਉਨ੍ਹਾਂ ਉਪਰ ਹੋਰ ਵੀ ਝੂਠੇ ਕੇਸ ਦਰਜ ਕਰ ਸਕਦੀ ਸੀ। ਪੁਲਿਸ ਨੇ ਅਜਿਹਾ ਕਰਨ ਦੀ ਧਮਕੀ ਵੀ ਦਿੱਤੀ ਸੀ। ਭਾਈ ਪੰਥਪ੍ਰੀਤ ਸਿੰਘ ਨੇ ਕਿਹਾ ਕਿ ਉਹ ਅਜਿਹਾ ਕਾਰਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਵਾਉਣ ਲਈ ਉਹ ਸੰਘਰਸ਼ ਕਰਨਗੇ।

## ਕੈਨੇਡੀਅਨ ਸੰਸਦ ਵਿਚ ਪੰਜਾਬੀ ਤੀਜੀ ਵੱਡੀ ਭਾਸ਼ਾ ਬਣੀ

**ਟੋਰਾਂਟੋ:** ਕੈਨੇਡਾ ਦੀ ਤੀਸਰੀ ਸਭ ਤੋਂ ਵੱਡੀ ਆਮ ਭਾਸ਼ਾ ਬਣਨ ਤੋਂ ਚਾਰ ਸਾਲ ਪਿੱਛੋਂ ਹਾਊਸ ਆਫ ਕਾਮਨਜ਼ ਵਿਚ 20 ਪੰਜਾਬੀ ਬੋਲਦੇ ਉਮੀਦਵਾਰਾਂ ਦੇ ਚੁਣੇ ਜਾਣ ਨਾਲ ਕੈਨੇਡਾ ਦੀ ਨਵੀਂ ਸੰਸਦ ਵਿਚ ਵੀ ਅੰਗਰੇਜ਼ੀ ਤੇ ਫਰੈਂਚ ਤੋਂ ਬਾਅਦ ਪੰਜਾਬੀ ਭਾਸ਼ਾ ਨੇ ਉਹੀ ਰੁਤਬਾ ਹਾਸਲ ਕਰ ਲਿਆ ਹੈ। ਕੈਨੇਡਾ ਦੀ ਸੰਸਦ ਲਈ 19 ਅਕਤੂਬਰ ਨੂੰ ਹੋਈਆਂ ਸੰਸਦੀ ਚੋਣਾਂ ਵਿਚ ਹਾਊਸ ਆਫ ਕਾਮਨਜ਼ ਲਈ ਦੱਖਣੀ ਏਸ਼ੀਆ ਮੂਲ ਦੇ 23 ਮੈਂਬਰ ਚੁਣੇ ਗਏ ਹਨ।

20 ਪੰਜਾਬੀ ਬੋਲਣ ਵਾਲੇ ਮੈਂਬਰਾਂ ਵਿਚੋਂ 18 ਲਿਬਰਲ ਤੇ ਦੋ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹਨ। ਪੰਜਾਬੀ ਬੋਲਣ ਵਾਲੇ ਨਵੇਂ ਸੰਸਦ ਮੈਂਬਰਾਂ ਵਿਚ 14 ਮਰਦ ਤੇ ਛੇ ਔਰਤਾਂ ਹਨ। ਕੈਨੇਡਾ ਦੇ 2011 ਦੇ ਕੌਮੀ ਪਰਿਵਾਰ ਸਰਵੇਖਣ ਦੇ ਅੰਕੜਿਆਂ ਮੁਤਾਬਕ 430705 ਕੈਨੇਡੀਅਨਾਂ ਦੀ ਪੰਜਾਬੀ ਵਜੋਂ ਸ਼ਨਾਖਤ ਕੀਤੀ ਗਈ ਜਿਸ ਨਾਲ ਅੰਗਰੇਜ਼ੀ ਤੇ ਫਰੈਂਚ ਤੋਂ ਪਿੱਛੋਂ ਪੰਜਾਬੀ ਤੀਸਰੀ ਸਭ ਤੋਂ ਵੱਡੀ ਆਮ ਭਾਸ਼ਾ ਬਣ ਗਈ ਹੈ। ਪੰਜਾਬੀ ਬੋਲਣ ਵਾਲੇ ਕੈਨੇਡਾ ਦੀ ਵਸੋਂ ਦਾ 1.3 ਫੀਸਦੀ ਹਨ।

## ਵਿਦਿਆਰਥੀ ਜਥੇਬੰਦੀ ਵੱਲੋਂ ਸਿੱਖ ਕਤਲੇਆਮ ਖਿਲਾਫ ਰੋਸ ਮੁਜ਼ਾਹਰੇ

**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੇ ਜਾਣ ਦੀ ਮੰਗ ਲੈ ਕੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਅਤੇ ਨੌਜਵਾਨ ਭਾਰਤ ਸਭਾ ਵੱਲੋਂ ਸੂਬੇ ਅੰਦਰ ਰੋਸ ਮੁਜ਼ਾਹਰੇ ਕੀਤੇ ਗਏ। ਪੀ.ਐਸ.ਯੂ. ਦੇ ਸੂਬਾਈ ਪ੍ਰਧਾਨ ਰਜਿੰਦਰ ਸਿੰਘ ਅਤੇ ਨੌਜਵਾਨ ਭਾਰਤ ਸਭਾ ਦੇ ਸੂਬਾਈ ਪ੍ਰਧਾਨ ਰਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਮੋਗਾ, ਫਰੀਦਕੋਟ, ਮੁਕਤਸਰ, ਸੰਗਰੂਰ, ਬਰਨਾਲਾ, ਜਲੰਧਰ, ਨਵਾਂ ਸ਼ਹਿਰ, ਅੰਮ੍ਰਿਤਸਰ, ਤਰਨ ਤਾਰਨ ਅਤੇ ਮਸਤੂਆਣਾ ਸਾਹਿਬ ਵਿੱਚ ਰੋਸ ਮੁਜ਼ਾਹਰੇ ਕਰ ਕੇ ਮੁੱਖ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੇ ਜਾਣ ਦੀ ਮੰਗ ਕੀਤੀ ਗਈ।

## ਸਰਕਾਰ ਤੇ ਪੰਥਕ ਧਿਰਾਂ ਜ਼ੋਰ-ਅਜ਼ਮਾਈ ਲਈ ਅੜੀਆਂ

*(ਸਫਾ ਇਕ ਦੀ ਬਾਕੀ)*

ਸਿਰਫ ਮੁਹਾਲੀ ਵਿਚ ਦੋ ਰੋਜ਼ਾ ਸੰਮੇਲਨ ਹੀ ਹੋ ਸਕਿਆ ਹੈ। ਲੋਕ ਰੋਹ ਨੂੰ ਠੱਲ੍ਹ ਪਾਉਣ ਖਾਤਰ ਪੁਲਿਸ ਮੁਖੀ ਸੁਮੇਧ ਸੈਣੀ ਦਾ ਤਬਾਦਲਾ ਕੀਤਾ ਗਿਆ। ਕੁਝ ਹੋਰ ਵੱਡੀਆਂ ਤਬਦੀਲੀਆਂ ਦੀ ਵੀ ਚਰਚਾ ਹੈ। ਸੂਬੇ ਵਿਚ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ ਵੀ ਸ਼ੱਕੀ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਵਿਰੁੱਧ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵੱਲੋਂ ਨਿਸ਼ਾਨਾ ਸੇਧਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸੂਤਰਾਂ ਮੁਤਾਬਕ ਪੰਜ ਪਿਆਰਿਆਂ ਵੱਲੋਂ ਤਖ਼ਤਾਂ ਦੇ ਜਥੇਦਾਰਾਂ ਨੂੰ ਤਲਬ ਕੀਤੇ ਬਾਰੇ ਇਕ ਘੰਟਾ ਪਹਿਲਾਂ ਪ੍ਰਬੰਧਕਾਂ ਨੂੰ ਜਾਣਕਾਰੀ ਮਿਲ ਗਈ ਸੀ, ਕਮੇਟੀ ਪ੍ਰਬੰਧਕਾਂ ਨੇ ਹਾਲਾਤ ਨੂੰ ਸੰਭਾਲਿਆ ਨਹੀਂ, ਜਿਸ ਤੋਂ ਆਗੂ ਖਫਾ ਹਨ।

## ਸਰਦਾਰਾਂ ਬਾਰੇ ਲਤੀਫਿਆਂ 'ਤੇ ਲੱਗੇਗੀ ਰੋਕ?

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਰਦਾਰਾਂ ਬਾਰੇ ਲਤੀਫੇ ਪੇਸ਼ ਕਰਨ ਵਾਲੀਆਂ ਤਕਰੀਬਨ ਪੰਜ ਹਜ਼ਾਰ ਵੈੱਬਸਾਈਟਾਂ ਉਤੇ ਪਾਬੰਦੀ ਲਾਉਣ ਦੀ ਮੰਗ ਕਰਦੀ ਇਕ ਲੋਕ ਹਿੱਤ ਪਟੀਸ਼ਨ ਸੁਣਵਾਈ ਲਈ ਮਨਜ਼ੂਰ ਕਰ ਲਈ। ਪਟੀਸ਼ਨਰ ਦੇ ਵਕੀਲ ਹਰਵਿੰਦਰ ਚੌਧਰੀ ਦਾ ਕਹਿਣਾ ਹੈ ਕਿ ਇਸ ਨਾਲ ਨਾ ਸਿਰਫ 'ਸਿੱਖ ਭਾਈਚਾਰੇ ਦਾ ਮਜ਼ਾਕ' ਬਣਾਇਆ ਜਾਂਦਾ ਹੈ, ਸਗੋਂ ਵੱਖੋ-ਵੱਖ ਭਾਈਚਾਰਿਆਂ ਦਰਮਿਆਨ 'ਦੁਸ਼ਮਣੀ' ਵੀ ਪੈਦਾ ਹੁੰਦੀ ਹੈ।

ਜਸਟਿਸ ਟੀ.ਐਸ. ਠਾਕੁਰ ਤੇ ਜਸਟਿਸ ਵੀ. ਗੋਪਾਲਾ ਗੌੜਾ ਨੇ ਸੁਣਵਾਈ ਛੇ ਹਫਤੇ ਬਾਅਦ ਮਿਥੀ ਹੈ। ਉਂਜ ਪਹਿਲਾਂ ਜੱਜਾਂ ਨੇ ਵਕੀਲ ਨੂੰ ਕਿਹਾ ਕਿ ਉਹ ਮਾਮਲੇ ਨੂੰ ਬਹੁਤੀ ਸੰਜੀਦਗੀ ਨਾਲ ਲੈ ਰਹੀ ਹੈ, ਜਦੋਂਕਿ ਸਿੱਖਾਂ ਨੂੰ ਤਾਂ ਉਨ੍ਹਾਂ ਦੇ 'ਮਜ਼ਾਹੀਆ' ਸੁਭਾਅ ਲਈ ਜਾਣਿਆ ਜਾਂਦਾ ਹੈ ਤੇ ਮਰਹੂਮ ਲੇਖਕ ਖ਼ੁਸ਼ਵੰਤ ਸਿੰਘ ਖ਼ੁਦ ਸਿੱਖ ਹੋਣ ਦੇ ਬਾਵਜੂਦ ਅਜਿਹੇ ਚੁਟਕਲੇ ਲਿਖਦੇ ਸਨ।




ਵਕੀਲ ਨੇ ਅਸਹਿਮਤ ਹੁੰਦਿਆਂ ਕਿਹਾ ਕਿ ਇਨ੍ਹਾਂ ਚੁਟਕਲਿਆਂ ਕਾਰਨ ਉਸ ਦੇ ਬੱਚਿਆਂ ਸਮੇਤ ਅਨੇਕਾਂ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਬਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

# ਜਹਾਦੀਆਂ ਵੱਲੋਂ ਰੂਸੀ ਜਹਾਜ਼ ਡੇਗਣ ਦਾ ਦਾਅਵਾ




**ਨਵੀਂ ਦਿੱਲੀ:** ਮਿਸਰ ਵਿਚ ਰੂਸ ਦੇ ਜਹਾਜ਼ ਦੇ ਹਾਦਸੇ ਦਾ ਸ਼ਿਕਾਰ ਹੋਣ ਦੇ ਬਾਅਦ ਹੁਣ ਕਈ ਸਵਾਲ ਖੜ੍ਹੇ ਹੋ ਰਹੇ ਹਨ। ਦਰਅਸਲ, ਜਹਾਜ਼ ਦੇ ਦੁਰਘਟਨਾ ਗ੍ਰਸਤ ਹੋਣ ਦੇ ਬਾਅਦ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ. ਐਸ.) ਨੇ ਇਕ ਵੀਡੀਓ ਜਾਰੀ ਕੀਤੀ ਹੈ।

ਆਈ. ਐਸ. ਦਾ ਦਾਅਵਾ ਹੈ ਕਿ ਇਸ ਵੀਡੀਓ ਵਿਚ ਰੂਸੀ ਜਹਾਜ਼ ਦੇ ਆਖਰੀ ਕੁਝ ਪਲ ਕੈਦ ਹਨ। ਤਸਵੀਰਾਂ ਵਿਚ ਵਿਖਾਈ ਦੇ ਰਿਹਾ ਹੈ ਕਿ ਇਕ ਜਹਾਜ਼ ਆਸਮਾਨ ਵਿਚ ਉੱਡਦਿਆਂ ਹੋਇਆਂ ਅੱਗ ਦੇ ਗੋਲੇ ਵਿਚ ਬਦਲ ਜਾਂਦਾ ਹੈ ਤੇ ਫਿਰ ਇਸ ਤਰ੍ਹਾਂ ਹੀ ਉਹ ਜ਼ਮੀਨ 'ਤੇ ਡਿੱਗਦਾ ਹੈ, ਹਾਲਾਂਕਿ ਇਸ ਵੀਡੀਓ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਜੋ ਜਹਾਜ਼ ਇਸ ਵਿਚ ਵਿਖਾਈ ਦੇ ਰਿਹਾ ਹੈ, ਉਹ ਹਾਦਸੇ ਦਾ ਸ਼ਿਕਾਰ ਹੋਇਆ ਰੂਸੀ ਜਹਾਜ਼ ਹੈ। ਰੂਸ ਤੇ ਮਿਸਰ ਦੋਵੇਂ ਦੇਸ਼ ਇਸ ਦਾਅਵੇ ਨੂੰ ਖਾਰਜ ਕਰ ਰਹੇ ਹਨ ਕਿ ਇਸਲਾਮਿਕ ਸਟੇਟ ਦੇ ਅਤਿਵਾਦੀਆਂ ਨੇ ਜਹਾਜ਼ ਨੂੰ ਦੁਰਘਟਨਾ ਗ੍ਰਸਤ ਕੀਤਾ, ਪਰ ਆਈ.ਐਸ. ਦੇ ਦਾਅਵੇ ਨੂੰ ਸਿਰੇ ਤੋਂ ਖਾਰਜ ਨਹੀਂ ਕੀਤਾ ਜਾ ਸਕਦਾ। ਹਾਦਸੇ ਦੀ ਜਾਂਚ ਕਰ ਰਹੀ ਟੀਮ ਦੇ ਮੁਖੀ ਦਾ ਕਹਿਣਾ ਹੈ ਕਿ ਤਕਨੀਕੀ ਖਰਾਬੀ ਕਾਰਨ ਜਹਾਜ਼ ਨੂੰ ਨਜ਼ਦੀਕ ਦੇ ਹਵਾਈ ਅੱਡੇ 'ਤੇ ਉਤਰਨ ਨੂੰ ਕਿਹਾ ਗਿਆ ਸੀ, ਹੋ ਸਕਦਾ ਹੈ ਕਿ ਜਹਾਜ਼ ਥੱਲੇ ਉੱਡ ਰਿਹਾ ਹੋਵੇ ਤੇ ਅਤਿਵਾਦੀ ਨਿਸ਼ਾਨੇ ਦੀ ਜਦ ਵਿਚ ਆ ਗਿਆ, ਪਰ ਮਿਸਰ ਦੇ ਅਧਿਕਾਰਤ ਬਿਆਨ ਅਨੁਸਾਰ ਜਹਾਜ਼ ਤੋਂ ਕੋਈ ਐਮਰਜੈਂਸੀ ਸੰਦੇਸ਼ ਨਹੀਂ ਮਿਲਿਆ, ਨਾ ਹੀ ਖਰਾਬੀ ਦੀ ਖਬਰ ਸੀ। ਰੂਸੀ ਮੀਡੀਆ ਵਿਚ ਜਾਰੀ ਵੱਖ-ਵੱਖ ਬਿਆਨਾਂ ਅਨੁਸਾਰ ਸਰਕਾਰ ਨੇ ਕਿਹਾ ਹੈ ਕਿ ਹਾਦਸੇ ਦੇ ਪਿੱਛੇ ਮਨੁੱਖੀ ਗਲਤੀ ਇਸ ਲਈ ਨਹੀਂ ਹੋ ਸਕਦੀ ਕਿਉਂਕਿ ਪਾਇਲਟਾਂ ਨੂੰ 3600 ਘੰਟਿਆਂ ਤੋਂ ਵੱਧ ਜਹਾਜ਼ ਉਡਾਉਣ ਦਾ ਅਨੁਭਵ ਸੀ। ਇਸ ਦੁਰਘਟਨਾ ਵਿਚ 224 ਵਿਅਕਤੀ ਮਾਰੇ ਗਏ ਸਨ।

# ਕੈਨੇਡਾ ਵੱਲੋਂ ਪੰਜਾਬ ਨੂੰ ਦੋ ਸ਼ਹਿਰਾਂ ਵਿਚ ਦਫਤਰ ਖੋਲ੍ਹਣ ਦੀ ਪੇਸ਼ਕਸ਼

**ਚੰਡੀਗੜ੍ਹ:** ਕੈਨੇਡਾ-ਇੰਡੀਆ ਬਿਜਨਸ ਕੌਂਸਲ ਨੇ ਪੰਜਾਬ 'ਚ ਪੂੰਜੀ ਨਿਵੇਸ਼ ਖਿੱਚਣ ਲਈ ਸੂਬਾ ਸਰਕਾਰ ਨੂੰ ਕੈਨੇਡਾ ਦੇ ਦੋ ਵੱਡੇ ਸ਼ਹਿਰਾਂ ਵਿਚ ਦਫਤਰ ਖੋਲ੍ਹਣ ਦੀ ਤਜਵੀਜ਼ ਪੇਸ਼ ਕੀਤੀ ਹੈ। ਕੌਂਸਲ ਦਾ ਕਹਿਣਾ ਹੈ ਕਿ ਇਸ ਤੋਂ ਬਿਨਾਂ ਨਿਵੇਸ਼ ਖਿੱਚਣਾ ਤੇ ਕਾਰੋਬਾਰ ਵਧਾਉਣਾ ਮੁਸ਼ਕਲ ਹੈ।

ਪੰਜਾਬ ਸਰਕਾਰ ਨੇ ਇਸ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਹੈ। ਕੈਨੇਡਾ-ਇੰਡੀਆ ਬਿਜਨਸ ਕੌਂਸਲ ਦੇ ਉਪ ਚੇਅਰਮੈਨ ਕੇ.ਵੀ. ਰਾਠੀ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਤਜਵੀਜ਼ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਸਮੇਂ ਪੇਸ਼ ਕੀਤੀ ਸੀ ਜੋ ਉਨ੍ਹਾਂ ਪ੍ਰਵਾਨ ਕਰ ਲਈ।

ਸ੍ਰੀ ਰਾਠੀ ਨੇ ਕਿਹਾ ਕਿ ਜੇਕਰ ਪੰਜਾਬ ਦੇ ਕੈਨੇਡਾ ਵਿਚ ਪੂੰਜੀ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਦਫਤਰ ਹੋਣਗੇ ਤਾਂ ਇਸ ਦੇ ਚੰਗੇ ਨਤੀਜੇ ਸਾਹਮਣੇ ਆਉਣਗੇ। ਟੋਰਾਂਟੋ ਤੇ ਵੈਨਕੂਵਰ ਵਿਚ ਪੰਜਾਬੀਆਂ ਦੀ ਕਾਫੀ ਵਸੋਂ ਹੈ ਤੇ ਉਹ ਪੰਜਾਬ ਵਿਚ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੇ ਕੈਨੇਡਾ ਫੂਡ ਪ੍ਰੋਸੈਸਿੰਗ, ਸੂਚਨਾ ਤਕਨਾਲੋਜੀ, ਸਿੱਖਿਆ, ਆਧਾਰੀ ਢਾਂਚੇ ਆਦਿ ਖੇਤਰਾਂ ਵਿਚ ਸਾਂਝ ਕਾਇਮ ਕਰ ਸਕਦੇ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਹੇਠ ਇਕ ਵਫਦ ਨੇ ਕੁਝ ਸਮਾਂ ਪਹਿਲਾਂ ਕੈਨੇਡਾ ਦਾ ਦੌਰਾ ਕੀਤਾ ਸੀ ਤੇ ਉਨ੍ਹਾਂ ਵਪਾਰ ਤੇ ਨਿਵੇਸ਼ ਵਿਚ ਦਿਲਚਸਪੀ ਦਿਖਾਈ ਸੀ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)


# ਵਿਨੋਦ ਖੰਨਾ, ਖਾਲਸਾ ਤੇ ਬ੍ਰਹਮਪੁਰਾ ਖਰਚੀਲੇ ਸੰਸਦ ਮੈਂਬਰ

**ਚੰਡੀਗੜ੍ਹ:** ਪੰਜਾਬ ਦੇ ਲੋਕ ਸਭਾ ਮੈਂਬਰਾਂ ਵਿਚੋਂ ਵਿਨੋਦ ਖੰਨਾ ਨੇ ਇਕ ਸਾਲ ਦੌਰਾਨ ਸਭ ਤੋਂ ਵੱਧ ਯਾਤਰਾ ਭੱਤਾ ਹਾਸਲ ਕੀਤਾ ਹੈ। ਜੂਨ 2014 ਤੋਂ ਲੈ ਕੇ ਜੂਨ 2015 ਦੇ ਸਮੇਂ ਦੌਰਾਨ ਸ੍ਰੀ ਖੰਨਾ ਵੱਲੋਂ ਵੱਖ-ਵੱਖ ਪੰਜ ਮਹੀਨਿਆਂ ਵਿਚ 14 ਲੱਖ 19 ਹਜ਼ਾਰ 518 ਰੁਪਏ ਯਾਤਰਾ ਤੇ ਰੋਜ਼ਾਨਾ ਭੱਤਾ ਲੋਕ ਸਭਾ ਤੋਂ ਹਾਸਲ ਕੀਤਾ ਗਿਆ। ਉਹ ਇਕੱਲੇ ਸੰਸਦ ਮੈਂਬਰ ਹਨ, ਜਿਨ੍ਹਾਂ ਨੇ ਕਿਸੇ ਇਕ ਮਹੀਨੇ ਮਈ 2015 ਵਿਚ ਤਿੰਨ ਲੱਖ 85 ਹਜ਼ਾਰ 963 ਰੁਪਏ ਦਾ ਟ੍ਰੈਵਿਲੰਗ ਤੇ ਰੋਜ਼ਾਨਾ ਭੱਤਾ ਹਾਸਲ ਕੀਤਾ ਹੈ। ਉਪਰੋਕਤ ਸੂਚਨਾਵਾਂ ਆਰ. ਟੀ.ਆਈ. ਕਾਰਕੁਨ ਦਿਨੇਸ਼ ਚੱਢਾ ਨੇ ਸੂਚਨਾ ਅਧਿਕਾਰ ਤਹਿਤ ਲੋਕ ਸਭਾ ਸਕੱਤਰੇਤ ਤੋਂ ਦਸਤਾਵੇਜ਼ਾਂ ਦੇ ਹਵਾਲੇ ਨਾਲ ਸਾਂਝੀਆਂ ਕੀਤੀਆਂ।

ਬ੍ਰਹਮਪੁਰਾ ਤੋਂ ਬਾਅਦ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਨੌਂ ਮਹੀਨਿਆਂ ਦੇ ਯਾਤਰਾ ਰੋਜ਼ਾਨਾ ਭੱਤੇ ਵਜੋਂ ਸੱਤ ਲੱਖ 16 ਹਜ਼ਾਰ 428 ਰੁਪਏ, ਹਰਿੰਦਰ ਸਿੰਘ ਖਾਲਸਾ ਨੇ ਅੱਠ ਮਹੀਨਿਆਂ ਵਿਚ ਛੇ ਲੱਖ 79 ਹਜ਼ਾਰ 828 ਰੁਪਏ, ਰਵਨੀਤ ਸਿੰਘ ਬਿੱਟੂ ਨੇ ਛੇ ਮਹੀਨਿਆਂ ਵਿਚ ਛੇ ਲੱਖ 38 ਹਜ਼ਾਰ 396 ਰੁਪਏ, ਸ. ਸ਼ੇਰ ਸਿੰਘ ਘੁਬਾਇਆ ਨੇ ਅੱਠ ਮਹੀਨਿਆਂ ਵਿਚ ਛੇ ਲੱਖ 12 ਹਜ਼ਾਰ 181 ਰੁਪਏ, ਸ੍ਰੀ ਵਿਜੇ ਸਾਂਪਲਾ ਨੇ ਚਾਰ ਮਹੀਨਿਆਂ ਵਿਚ ਪੰਜ ਲੱਖ ਛੇ ਹਜ਼ਾਰ 950 ਰੁਪਏ, ਭਗਵੰਤ ਮਾਨ ਨੇ ਛੇ ਮਹੀਨੇ 'ਚ 4 ਲੱਖ 1221 ਰੁਪਏ, ਚੌਧਰੀ ਸੰਤੋਖ ਸਿੰਘ ਨੇ 10 ਮਹੀਨਿਆਂ ਵਿਚ ਤਿੰਨ ਲੱਖ 57 ਹਜ਼ਾਰ 51 ਰੁਪਏ, ਡਾ. ਧਰਮਵੀਰ ਗਾਂਧੀ ਨੇ ਛੇ ਮਹੀਨਿਆਂ ਵਿਚ ਤਿੰਨ ਲੱਖ 37 ਹਜ਼ਾਰ 490 ਰੁਪਏ ਤੇ ਪ੍ਰੋ. ਸਾਧੂ ਸਿੰਘ ਨੇ ਛੇ ਮਹੀਨਿਆਂ ਵਿਚ ਦੋ ਲੱਖ 71 ਹਜ਼ਾਰ 936 ਰੁਪਏ, ਕੈਪਟਨ ਅਮਰਿੰਦਰ ਸਿੰਘ ਨੇ ਤਿੰਨ ਮਹੀਨਿਆਂ ਵਿਚ ਇਕ ਲੱਖ 18 ਹਜ਼ਾਰ ਰੁਪਏ ਹਾਸਲ ਕੀਤੇ।


*To Advertise with Punjab Times*
***Call: 847-359-0746***



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**
**Homeopathic natural medicines supply**



*Gurdip Singh Sandhu*
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:**
*The California Homeopathic Society*
National Center For Homeopathy- USA
**Ph:(408) 687-1899**
**(408) 729-6691**
Fax:(408)292-6200
Email: Homeomdicine@yahoo.com
Website: www.Homeopathyatoz.com
***Toll Free: 1-877-OK-HOMEO (1-877-654-6636)***



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
**Listen on :Radio Sets (CA, WA, NV)**
**Dial in 832-551-5029 or 605-475-6868**
**Android & iPhone App**
**www.PunjabiRadioUSA.com**
**Ph: 408-272-5200**



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

## ਹੈਡ ਗ੍ਰੰਥੀ ਦੀ ਲੋੜ ਹੈ

ਗੁਰਦੁਆਰਾ ਸਿੱਖ ਸੈਂਟਰ ਆਫ ਦੀ ਗਲਫ ਕੋਸਟ ਏਰੀਆ, ਇੰਕ. ਹਿਊਸਟਨ, ਟੈਕਸਸ (ਅਮਰੀਕਾ) ਵਾਸਤੇ ਹੈਡ ਗ੍ਰੰਥੀ ਦੀ ਲੋੜ ਹੈ

**ਯੋਗਤਾਵਾਂ**

ਉਮੀਦਵਾਰ ਪੜ੍ਹਿਆ-ਲਿਖਿਆ ਹੋਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਤੇ ਗੁਰਮਤਿ ਅਨੁਸਾਰ ਵਿਆਖਿਆ ਕਰ ਸਕਦਾ ਹੋਵੇ।
ਅੰਗਰੇਜ਼ੀ ਬੋਲ ਅਤੇ ਪੜ੍ਹ ਸਕਦਾ ਹੋਵੇ ਤਾਂ ਜੋ ਸਾਧ ਸੰਗਤ ਅਤੇ ਬੱਚਿਆਂ ਨੂੰ ਅੰਗਰੇਜ਼ੀ ਵਿਚ ਸਮਝਾ ਸਕੇ।
ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਵੇ ਅਤੇ ਰਹਿਤ ਮਰਿਆਦਾ ਅਨੁਸਾਰ ਚੱਲਣ ਵਾਲਾ ਹੋਵੇ। ਪਹਿਲਾਂ ਹੈਡ ਗ੍ਰੰਥੀ ਵਜੋਂ ਨਿਭਾਈ ਸੇਵਾ ਦਾ ਵੇਰਵਾ ਵੀ ਚਾਹੀਦਾ ਹੈ।
ਸਾਧ ਸੰਗਤ ਵਿਚ ਏਕਤਾ ਬਣਾਈ ਰੱਖਣ ਦਾ ਸੁਭਾਅ ਹੋਵੇ। ਲੋੜ ਪੈਣ 'ਤੇ ਪੰਥ ਦੇ ਨਾਲ ਖੜ੍ਹਾ ਹੋਵੇ।
ਗ੍ਰੰਥੀ ਸਿੰਘ ਦੀ ਉਮਰ 45 ਸਾਲ ਤੋਂ ਜਿਆਦਾ ਅਤੇ ਸ਼ਾਦੀ-ਸ਼ੁਦਾ ਹੋਵੇ।

*ਚਾਹਵਾਨ ਸਿੰਘ ਇਸ ਫੋਨ ਅਤੇ ਪਤੇ ਉਤੇ ਸੰਪਰਕ ਕਰਨ:*
ਸ. ਹਰਜੀਤ ਸਿੰਘ, ਫੋਨ: 832-964-3300
ਸ. ਸੁਖਦੇਵ ਸਿੰਘ, ਫੋਨ: 832-330-9500
**8819 Prairie Drive, Houston, Texas 77064 USA**

# 84 ਦੇ ਪੀੜਤਾਂ ਨੂੰ ਇਨਸਾਫ ਲਈ ਨਿੱਤਰੀਆਂ ਸੰਘਰਸ਼ਸ਼ੀਲ ਧਿਰਾਂ

**ਨਵੀਂ ਦਿੱਲੀ:** ਮਨੁੱਖੀ ਅਧਿਕਾਰਾਂ ਲਈ ਸੰਘਰਸ਼ਸ਼ੀਲ ਵੱਖ-ਵੱਖ ਜਥੇਬੰਦੀਆਂ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਲੈ ਕੇ ਦਿੱਲੀ ਵਿਚ ਰੋਸ ਮਾਰਚ ਕੱਢਿਆ ਗਿਆ। ਮੰਡੀ ਹਾਊਸ ਤੋਂ ਲੈ ਕੇ ਜੰਤਰ-ਮੰਤਰ ਤੱਕ ਕੱਢੇ ਗਏ ਇਸ ਮਾਰਚ ਵਿਚ ਸਵਾ ਦਰਜਨ ਜਥੇਬੰਦੀਆਂ/ ਸਵੈ-ਸੇਵੀ ਸੰਗਠਨਾਂ ਨੇ ਸ਼ਿਰਕਤ ਕੀਤੀ ਤੇ ਸਿੱਖਾਂ ਨੂੰ ਇਨਸਾਫ ਦੇਣ ਦੀ ਮੰਗ ਭਾਰਤੀ ਨਿਆਂ ਪ੍ਰਬੰਧ ਤੋਂ ਕੀਤੀ ਗਈ।

ਇਸ ਮਾਰਚ ਵਿਚ ਬੁਲਾਰਿਆਂ ਦੀ ਸੁਰ ਸਿੱਖਾਂ ਨੂੰ 31 ਸਾਲ ਬਾਅਦ ਵੀ ਇਨਸਾਫ ਨਾ ਮਿਲਣ ਤੋਂ ਉਪਜੀ ਬੇਗਾਨਗੀ ਉਪਰ ਕੇਂਦਰਤ ਰਹੀ। ਲੋਕ ਰਾਜ ਸੰਗਠਨ ਦੇ ਆਗੂ ਰਾਘਵਨ ਤੇ ਨਿਊ ਡੈਮੋਕ੍ਰੇਟਿਕ ਦੇ ਆਗੂ ਸੈਫੂਦੀਨ ਐਡਵੋਕੇਟ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ 31 ਸਾਲ ਬੀਤਣ ਉਤੇ ਵੀ ਨਿਰਦੋਸ਼ ਸਿੱਖਾਂ ਨੂੰ ਮਾਰਨ ਵਾਲਿਆਂ ਨੂੰ ਸਜ਼ਾ ਨਹੀਂ ਹੋਈ ਹੈ। ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸਰਕਾਰਾਂ ਗੰਭੀਰ ਨਹੀਂ ਰਹੀਆਂ ਜਿਸ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਕਈ ਬੁਲਾਰਿਆਂ ਨੇ ਇਸ ਮੁੱਦੇ ਉੱਤੇ ਹੁੰਦੀ ਸਿਆਸਤ ਬੰਦ ਕਰਨ ਦੀ ਦੁਹਾਈ ਦਿੱਤੀ ਤੇ ਕਿਹਾ ਕਿ ਸਿਰਫ ਇਸ ਇਕ ਨਵੰਬਰ ਨੂੰ ਸੰਘਰਸ਼ ਕਰਨ ਤੱਕ ਸੀਮਤ ਨਾ ਰਹੀਏ ਤੇ ਅੱਗੇ ਵੀ ਵਧਿਆ ਜਾਵੇ।

ਇਸ ਮਾਰਚ ਵਿਚ ਔਰਤਾਂ ਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲਿਆਂ ਨੇ ਸਿੱਖ ਕਤਲੇਆਮ ਨੂੰ ਨਾ ਭੁੱਲਣਯੋਗ ਕਾਰਾ ਕਰਾਰ ਦਿੱਤਾ ਤੇ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ ਨੂੰ ਆਪਣੇ ਹਾਲ ਉਪਰ ਛੱਡ ਦਿੱਤਾ ਸੀ ਤੇ ਮੰਗ ਕੀਤੀ ਗਈ ਕਿ ਸਰਕਾਰੀ ਕਤਲੇਆਮ ਬੰਦ ਕੀਤਾ ਜਾਵੇ।

ਇਸ ਰੋਸ ਮਾਰਚ ਉਪਰ ਲਾਲ ਝੰਡੇ ਦਾ ਅਸਰ ਜ਼ਿਆਦਾ ਦਿਸਿਆ ਤੇ ਪਹਿਲੀ ਵਾਰ ਮਨੁੱਖੀ ਅਧਿਕਾਰਾਂ ਨਾਲ ਲੜਨ ਵਾਲੇ ਸਿੱਖਾਂ ਦੇ ਮਸਲੇ ਵਿਚ ਇਸ ਤਰ੍ਹਾਂ ਇਕੱਠੇ ਹੋਏ। 'ਲੋਕ ਰਾਜ ਸੰਗਠਨ' ਦੀ ਅਗਵਾਈ ਹੇਠ ਇਸ ਮਾਰਚ ਵਿਚ ਕਮਿਊਨਿਸਟ ਗਦਰ ਪਾਰਟੀ ਆਫ ਇੰਡੀਆ, ਸੋਸ਼ਲ ਡੈਮੋਕ੍ਰੇਟਿਕ ਪਾਰਟੀ, ਸਿੱਖ ਫੋਰਮ, ਜਮਾਇਤੇ-ਇਸਲਾਮੀ ਹਿੰਦ, ਬਿਬੇਕ ਟਰਸਟ, ਆਲ ਇੰਡੀਆ ਫਾਰਵਰਡ ਬਲਾਕ, (ਸੀ.ਪੀ.ਆਈ. ਐਮ.ਐਲ) ਨਿਊ ਪੋਲਰੇਏਸ਼ਨ ਤੇ ਐਸੋਸੀਏਸ਼ਨ ਫਾਰ ਸਿਵਲ ਰਾਈਟਸ ਆਦਿ ਨੇ ਹਿੱਸਾ ਲਿਆ ਤੇ ਸਿੱਖ ਭਾਈਚਾਰੇ ਨੂੰ ਇਨਸਾਫ ਦੇਣ ਦੀ ਮੰਗ ਕੀਤੀ।




## ਅਦਾਲਤ ਵੱਲੋਂ ਟਾਈਟਲਰ ਕੇਸ ਦਾ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਜਗਦੀਸ਼ ਟਾਈਟਲਰ ਨਾਲ ਜੁੜੇ ਮਾਮਲੇ ਦੀ ਕੜਕੜਡੂਮਾ ਦੀ ਅਦਾਲਤ ਵਿਚ ਸੁਣਵਾਈ ਹੋਈ। ਸੀ.ਬੀ.ਆਈ. ਨੇ ਦੋ ਨਵੇਂ ਦੋਸ਼ਾਂ ਬਾਰੇ ਜਿਰ੍ਹਾ ਦੌਰਾਨ ਦਾਅਵਾ ਕੀਤਾ ਕਿ ਗਵਾਹ ਸੁਰਿੰਦਰ ਸਿੰਘ ਉਪਰ ਦਬਾਅ ਜਗਦੀਸ਼ ਟਾਈਟਲਰ ਨੇ ਨਹੀਂ ਸੀ ਪਾਇਆ ਸਗੋਂ ਵਕੀਲ ਐਚ.ਐਸ. ਫੂਲਕਾ ਨੇ ਉਸ ਨੂੰ ਧਮਕਾ ਕੇ ਗਵਾਹੀ ਦਿਵਾਈ ਸੀ। ਪੁਲ ਬੰਗਸ਼ ਗੁਰਦੁਆਰੇ ਵਿਚ ਮਾਰੇ ਗਏ ਤਿੰਨ ਸਿੱਖਾਂ ਬਾਰੇ ਮੁਕੱਦਮੇ ਦੀ ਜਿਰ੍ਹਾ ਖਤਮ ਹੋਈ ਤੇ ਅਦਾਲਤ ਨੇ 17 ਨਵੰਬਰ ਲਈ ਫੈਸਲਾ ਰਾਖਵਾਂ ਕਰ ਲਿਆ ਹੈ।

## ਦਿੱਲੀ ਸਰਕਾਰ ਨੂੰ ਜਾਂਚ ਟੀਮ ਬਣਾਉਣ ਦਾ ਹੱਕ: ਫੂਲਕਾ

**ਨਵੀਂ ਦਿੱਲੀ:** ਨਵੰਬਰ '84 ਦੇ ਕੇਸ ਲੜ ਰਹੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਕਤਲ-ਏ-ਆਮ ਬਾਰੇ ਦਿੱਲੀ ਸਰਕਾਰ ਨੂੰ ਵਿਸ਼ੇਸ਼ ਜਾਂਚ ਟੀਮ ਬਣਾਉਣ ਦੇ ਅਧਿਕਾਰ ਹਨ। ਪਹਿਲਾਂ ਵੀ ਦਿੱਲੀ ਸਰਕਾਰ ਨੇ ਐਸ.ਆਈ.ਟੀ. ਬਣਾਉਣ ਦਾ ਐਲਾਨ ਕੀਤਾ ਸੀ, ਪਰ ਕੇਂਦਰ ਸਰਕਾਰ ਵੱਲੋਂ ਐਸ.ਆਈ.ਟੀ. ਬਣਾਈ ਗਈ ਹੈ, ਜਿਸ ਦੇ ਕਾਰਜਕਾਲ ਵਿਚ ਛੇ ਮਹੀਨੇ ਦਾ ਹੋਰ ਵਾਧਾ ਪਿਛਲੇ ਦਿਨੀਂ ਕੀਤਾ ਗਿਆ ਸੀ।

## ਕੇਜਰੀਵਾਲ ਵੱਲੋਂ 1332 ਪੀੜਤ ਪਰਿਵਾਰਾਂ ਨੂੰ ਮੁਆਵਜ਼ਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸਿੱਖਾਂ ਦਾ ਨਵੰਬਰ 1984 'ਚ ਕਤਲ-ਏ-ਆਮ ਦੇਸ਼ ਉਤੇ ਇਕ ਧੱਬਾ ਹੈ। 31 ਸਾਲ ਬੀਤਣ 'ਤੇ ਵੀ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਤੇ ਪੀੜਤ ਪਰਿਵਾਰ ਇਨਸਾਫ ਲਈ ਹਾਲੇ ਵੀ ਠੋਕਰਾਂ ਖਾ ਰਹੇ ਹਨ।

ਸ੍ਰੀ ਕੇਜਰੀਵਾਲ ਨੇ ਤਿਲਕ ਵਿਹਾਰ ਵਿਚ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਸਿੱਖ ਵਿਧਾਇਕਾਂ ਅਵਤਾਰ ਸਿੰਘ ਕਾਲਕਾ, ਜਰਨੈਲ ਸਿੰਘ ਤੇ ਜਗਦੀਪ ਸਿੰਘ ਨਾਲ ਮਿਲ ਕੇ 1332 ਪੀੜਤ ਪਰਿਵਾਰਾਂ ਦੀਆਂ ਵਿਧਵਾਵਾਂ ਨੂੰ ਪੰਜ-ਪੰਜ ਲੱਖ ਰੁਪਏ ਦੇ ਚੈੱਕ ਵੰਡੇ ਤੇ ਕਿਹਾ ਕਿ ਬਾਕੀ ਰਹਿੰਦੇ ਪਰਿਵਾਰਾਂ ਨੂੰ ਵੀ ਇਹ ਚੈੱਕ ਛੇਤੀ ਹੀ ਕਾਗਜ਼ੀ ਕਾਰਵਾਈ ਪੂਰੀ ਕਰਨ ਬਾਅਦ ਦਿੱਤੇ ਜਾਣਗੇ। ਇਹ ਚੈੱਕ ਕੁੱਲ 2600 ਪਰਿਵਾਰਾਂ ਨੂੰ ਦਿੱਤੇ ਜਾਣੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਨਵੰਬਰ '84 ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲ ਜਾਂਦੀਆਂ ਤਾਂ ਨਾ ਗੁਜਰਾਤ ਵਿਚ ਦੰਗੇ ਭੜਕਦੇ ਤੇ ਨਾ ਹੀ ਦਾਦਰੀ ਕਾਂਡ ਵਾਪਰਦੇ। ਉਨ੍ਹਾਂ ਮੌਜੂਦਾ ਮਾਹੌਲ ਬਾਰੇ ਕਿਹਾ ਕਿ ਫਿਰਕੂ ਭਾਵਨਾਵਾਂ ਭੜਕਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤੇ ਸਮਾਜ ਇਸ ਤੋਂ ਚਿੰਤਤ ਹੈ। ਰਾਸ਼ਟਰਪਤੀ ਨੂੰ ਵੀ ਦੇਸ਼ ਦੀ ਅਖੰਡਤਾ ਨੂੰ ਬਚਾਈ ਰੱਖਣ ਲਈ ਲੋਕਾਂ ਨੂੰ ਅਪੀਲ ਕਰਨੀ ਪੈ ਰਹੀ ਹੈ।

## ਮੋਦੀ ਤੇ ਕੇਜਰੀਵਾਲ ਸਰਕਾਰ ਉਤੇ ਵਰ੍ਹੇ ਜੀ.ਕੇ.

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਵੱਡਾ ਹੱਲਾ ਬੋਲਿਆ ਹੈ। ਸ. ਜੀ.ਕੇ. ਨੇ ਕਾਂਗਰਸ ਸਰਕਾਰ ਦੇ ਨਾਲ ਹੀ ਸ੍ਰੀ ਮੋਦੀ ਤੇ ਕੇਜਰੀਵਾਲ ਨੂੰ ਸਿੱਧੇ ਹੱਥੀਂ ਲਿਆ। ਭਾਜਪਾ ਸਰਕਾਰ ਤੋਂ ਸਿੱਖਾਂ ਨੂੰ ਇਨਸਾਫ ਮਿਲਣ ਦੀ ਉਮੀਦ ਹੋਣ ਦੀ ਗੱਲ ਕਰਦੇ ਹੋਏ ਉਨ੍ਹਾਂ ਨੇ ਕਾਂਗਰਸ ਸਰਕਾਰ ਦੀ ਤਰ੍ਹਾਂ ਇਸ ਕਤਲੇਆਮ ਦੀ ਜਾਂਚ ਕਰਨ ਵਾਲੀ ਦਿੱਲੀ ਪੁਲਿਸ ਤੇ ਸੀ.ਬੀ.ਆਈ. ਉਤੇ ਮੋਦੀ ਸਰਕਾਰ ਦੌਰਾਨ ਵੀ ਕਾਤਲਾਂ ਦਾ ਪੱਖ ਲੈਣ ਦਾ ਦੋਸ਼ ਲਗਾਇਆ। ਸੀ.ਬੀ.ਆਈ. ਉਤੇ ਜੀ.ਕੇ. ਨੇ ਜਾਣਬੁੱਝ ਕੇ ਮੁਕੱਦਮੇ ਨੂੰ ਕਮਜ਼ੋਰ ਕਰਨ ਦਾ ਵੀ ਦੋਸ਼ ਲਾਇਆ।

## ਸਿੱਖ ਕਤਲੇਆਮ ਦੇ ਤੱਥਾਂ ਬਾਰੇ ਕੈਪਟਨ ਨੇ ਮੋਦੀ ਨੂੰ ਵੰਗਾਰਿਆ

**ਨਵੀਂ ਦਿੱਲੀ:** ਸਾਬਕਾ ਮੁੱਖ ਮੰਤਰੀ ਅਤੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਦਾ ਸਾਹਮਣੇ ਕਰ ਰਹੇ ਆਰ.ਐਸ.ਐਸ. ਵਰਕਰਾਂ ਖਿਲਾਫ ਕਾਰਵਾਈ ਕਰਨ ਲਈ ਵੰਗਾਰਦਿਆਂ ਪੁੱਛਿਆ ਕਿ ਪੀੜਤ ਸਿੱਖਾਂ ਨੂੰ ਇਨਸਾਫ਼ ਦੇਣ ਲਈ ਪ੍ਰਧਾਨ ਮੰਤਰੀ ਨੂੰ ਕਿਹੜੀ ਚੀਜ਼ ਰੋਕ ਰਹੀ ਹੈ? ਮੋਦੀ ਵੱਲੋਂ ਸਿੱਖ ਕਤਲੇਆਮ ਬਾਰੇ ਕਾਂਗਰਸ 'ਤੇ ਕੀਤੇ ਹਮਲੇ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਉਤੇ ਹਮਲਾ ਕਰਨ ਦੀ ਬਜਾਏ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿਚ ਕੇਸਾਂ ਦਾ ਸਾਹਮਣਾ ਕਰ ਰਹੇ ਆਰ.ਐਸ.ਐਸ. ਦੇ ਵਰਕਰਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸਿੱਖ ਕਤਲੇਆਮ ਦੇ ਦੋਸ਼ ਵਿਚ ਆਰ.ਐਸ.ਐਸ. ਦੇ ਵਰਕਰਾਂ ਖ਼ਿਲਾਫ਼ 120 ਕੇਸ ਦਰਜ ਹਨ। ਉਨ੍ਹਾਂ ਮੁਲਕ ਵਿਚ ਵਧ ਰਹੀ ਅਸਹਿਣਸ਼ੀਲਤਾ ਖ਼ਿਲਾਫ਼ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਰਾਸ਼ਟਰਪਤੀ ਭਵਨ ਵੱਲ ਰੋਸ ਮਾਰਚ ਕੀਤਾ।

ਦੱਸਣਯੋਗ ਹੈ ਕਿ ਮਈ, 2014 ਵਿਚ ਕਾਂਗਰਸ ਦੇ ਕੇਂਦਰੀ ਸੱਤਾ ਵਿੱਚੋਂ ਬਾਹਰ ਹੋਣ ਬਾਅਦ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰ



ਕਾਂਗਰਸ ਵੱਲੋਂ ਉਲੀਕੇ ਕਿਸੇ ਸੰਘਰਸ਼ ਵਿਚ ਪੁੱਜੇ ਸਨ। ਇਸੇ ਦੌਰਾਨ ਕਈ ਆਗੂਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਦਿੱਲੀ ਵਿਚ ਇਸ ਮੌਜੂਦਗੀ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੀ ਕਮਾਨ ਮਿਲਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਪੰਜਾਬ ਦੀ ਲੀਡਰਸ਼ਿਪ ਬਾਰੇ ਪੁੱਛਣ 'ਤੇ ਕੈਪਟਨ ਨੇ ਕਿਹਾ ਕਿ ਇਸ ਬਾਰੇ ਫੈਸਲਾ ਜਲਦੀ ਹੀ ਸਾਹਮਣੇ ਆ ਜਾਵੇਗਾ।

## ਸੂਰਤ ਸਿੰਘ ਖਾਲਸਾ ਮੁੜ ਹਸਪਤਾਲ ਦਾਖ਼ਲ

**ਲੁਧਿਆਣਾ:** ਸਿੱਖ ਬੰਦੀਆਂ ਦੀ ਰਿਹਾਈ ਲਈ ਇਸ ਸਾਲ ਜਨਵਰੀ ਤੋਂ ਭੁੱਖ ਹੜਤਾਲ 'ਤੇ ਬੈਠੇ ਸੂਰਤ ਸਿੰਘ ਖਾਲਸਾ ਨੂੰ ਮੰਗਲਵਾਰੀਂ ਪਹਿਲਾਂ ਡੀ.ਐਮ.ਸੀ. ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ, ਪਰ ਉਸ ਤੋਂ ਬਾਅਦ ਅਚਾਨਕ ਫਿਰ ਦਾਖਲ ਕਰ ਲਿਆ ਗਿਆ। ਖਾਲਸਾ ਦੇ ਬੇਟੇ ਰਵਿੰਦਰਜੀਤ ਸਿੰਘ ਨੇ ਦਾਅਵਾ ਕੀਤਾ ਕਿ ਪਹਿਲਾਂ ਡਾਕਟਰਾਂ ਨੇ ਉਨ੍ਹਾਂ ਦੇ ਪਿਤਾ ਨੂੰ ਡਿਸਚਾਰਜ ਕਰਨ ਦੀ ਗੱਲ ਕਹੀ ਸੀ, ਪਰ ਜਦੋਂ ਉਹ ਹਸਪਤਾਲ ਪਹੁੰਚੇ ਤਾਂ ਉਨ੍ਹਾਂ ਨੇ ਦੁਬਾਰਾ ਦਾਖ਼ਲ ਕਰ ਲਿਆ।

ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੰਗਲਵਾਰ ਸਵੇਰੇ ਪ੍ਰਸ਼ਾਸਨ ਅਤੇ ਹਸਪਤਾਲ ਵੱਲੋਂ ਫੋਨ ਆਇਆ ਸੀ ਕਿ ਖਾਲਸਾ ਨੂੰ ਹਸਪਤਾਲ ਤੋਂ ਛੁੱਟੀ ਕਰ ਦਿੱਤੀ ਗਈ ਹੈ। ਬਾਅਦ ਦੁਪਹਿਰ 1.30 ਵਜੇ ਉਹ ਜਦ ਡਾਕਟਰਾਂ ਕੋਲ ਪਹੁੰਚੇ ਤਾਂ ਉਨ੍ਹਾਂ ਛੁੱਟੀ ਕਰਨ ਤੋਂ ਮਨ੍ਹਾਂ ਕਰ ਦਿੱਤਾ। ਜਦੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਗੱਲ ਕੀਤੀ ਤਾਂ ਕਿਹਾ ਗਿਆ ਕਿ ਹਾਲੇ ਕੁਝ ਦੇਰ ਇੰਤਜ਼ਾਰ ਕਰੋ। ਤਿੰਨ ਵਜੇ ਤੱਕ ਉਨ੍ਹਾਂ ਇੰਤਜ਼ਾਰ ਕੀਤਾ ਪਰ ਡਾਕਟਰਾਂ ਨੇ ਛੁੱਟੀ ਨਹੀਂ ਦਿੱਤੀ।

## ਅਕਾਲੀ ਲੀਡਰਸ਼ਿਪ ਤੋਂ ਨਿਰਾਸ਼ ਸੀ ਇੰਦਰਾ ਗਾਂਧੀ: ਫੋਤੇਦਾਰ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਾਕਾ ਨੀਲਾ ਤਾਰਾ ਦਾ ਭਾਰੀ ਮਨ ਨਾਲ ਹੁਕਮ ਦਿੱਤਾ ਸੀ। ਉਨ੍ਹਾਂ ਦੇ ਸਹਿਯੋਗੀ ਰਹੇ ਤੇ ਸੀਨੀਅਰ ਕਾਂਗਰਸ ਆਗੂ ਮਾਖਨ ਲਾਲ ਫੋਤੇਦਾਰ ਨੇ ਆਪਣੀ ਕਿਤਾਬ 'ਦਿ ਚਿਨਾਰ ਲੀਵਜ਼' ਵਿਚ ਇਸ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਆਪਣੀ ਕਿਤਾਬ ਵਿਚ ਦਾਅਵਾ ਕੀਤਾ ਹੈ ਕਿ ਇੰਦਰਾ ਗਾਂਧੀ ਪੰਜਾਬ ਦੇ ਵਿਗੜੇ ਹਾਲਾਤ ਨੂੰ ਸੁਧਾਰਨ ਲਈ ਯਤਨਸ਼ੀਲ ਸਨ, ਪਰ ਤਤਕਾਲੀ ਅਕਾਲੀ ਲੀਡਰਸ਼ਿਪ ਵੱਲੋਂ ਪੱਲਾ ਨਾ ਫੜਾਏ ਜਾਣ ਕਰਕੇ ਉਹ ਨਿਰਾਸ਼ ਹੋ ਗਏ ਸਨ। ਉਨ੍ਹਾਂ ਮੁਤਾਬਕ 1980 ਦੇ ਦਹਾਕੇ ਦੀ ਸ਼ੁਰੂਆਤ ਵਿਚ ਅਕਾਲੀ ਲੀਡਰਸ਼ਿਪ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਚੜ੍ਹਤ ਨੂੰ ਚੁਪਚਾਪ ਦੇਖਦੀ ਰਹੀ ਤੇ ਪੰਜਾਬ ਵਿਚ ਹੋ ਰਹੀਆਂ ਹੱਤਿਆਵਾਂ ਬਾਰੇ ਅਕਾਲੀ ਆਗੂਆਂ ਨਾਲ ਕਈ ਦੌਰ ਦੀ ਗੱਲਬਾਤ ਤੋਂ ਬਾਅਦ ਵੀ ਕੋਈ ਹੱਲ ਨਹੀਂ ਨਿਕਲਿਆ।

ਸ੍ਰੀ ਫੋਤੇਦਾਰ ਨੇ ਲਾਲਾ ਜਗਤ ਨਰਾਇਣ ਤੇ ਡੀ.ਆਈ.ਜੀ. ਏ.ਐਸ. ਅਟਵਾਲ ਦੀਆਂ ਹੱਤਿਆਵਾਂ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਲਿਖਿਆ ਹੈ ਕਿ ਇੰਦਰਾ ਗਾਂਧੀ ਹਰਿਮੰਦਰ ਸਾਹਿਬ ਬਾਰੇ ਪੂਰਾ ਆਦਰ ਸਤਿਕਾਰ ਰੱਖਦੇ ਸਨ ਤੇ ਸਿੱਖਾਂ ਦੀਆਂ ਭਾਵਨਾਵਾਂ ਦਾ ਵੀ ਖਿਆਲ ਰੱਖਦੇ ਸਨ, ਪਰ ਉਨ੍ਹਾਂ ਆਪਣੇ ਫਰਜ਼ ਨੂੰ ਡੋਲਣ ਨਹੀਂ ਦਿੱਤਾ ਤੇ ਮੁਲਕ ਨੂੰ ਬਚਾਉਣ ਖਾਤਰ ਫੌਜ ਨੂੰ ਚੜ੍ਹਾਈ ਦੇ ਹੁਕਮ ਦਿੱਤੇ ਸਨ।

## ਜਗਤਾਰ ਸਿੰਘ ਤਾਰਾ ਖਿਲਾਫ਼ ਚਾਰਜਸ਼ੀਟ

**ਚੰਡੀਗੜ੍ਹ:** ਪੁਲਿਸ ਨੇ ਖਾੜਕੂ ਜਗਤਾਰ ਸਿੰਘ ਤਾਰਾ ਖ਼ਿਲਾਫ 11 ਸਾਲ ਪੁਰਾਣੇ ਬੁੜੈਲ ਜੇਲ੍ਹ ਮਾਮਲੇ ਵਿਚ ਅਦਾਲਤ 'ਚ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਥਾਈਲੈਂਡ ਤੋਂ ਗ੍ਰਿਫ਼ਤਾਰ ਕੀਤੇ ਗਏ ਜਗਤਾਰ ਸਿੰਘ ਤਾਰਾ ਨੂੰ ਯੂ.ਟੀ. ਪੁਲਿਸ ਦੇ ਅਪਰੇਸ਼ਨ ਸੈੱਲ ਨੇ 17 ਫਰਵਰੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਜ਼ਿਲ੍ਹਾ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਦੀ ਮੰਗ ਕੀਤੀ ਸੀ, ਪਰ ਅਦਾਲਤ ਨੇ ਅਪੀਲ ਖ਼ਾਰਜ ਕਰ ਦਿਤੀ ਸੀ। ਅਦਾਲਤ ਨੇ ਤਾਰਾ ਦੀ ਇਸ ਮਾਮਲੇ 'ਚ ਜ਼ਮਾਨਤ ਦੇ ਵੀ ਨਿਰਦੇਸ਼ ਦਿੱਤੇ ਸਨ, ਪਰ ਜ਼ਮਾਨਤ ਬਾਂਡ ਦੀ ਪ੍ਰਕਿਰਿਆ ਪੂਰੀ ਨਾ ਕਰਨ ਕਰ ਕੇ ਉਸ ਨੂੰ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਸੀ।

ਲਗਭਗ ਨੌਂ ਮਹੀਨੇ ਬਾਅਦ ਇਸ ਮਾਮਲੇ 'ਚ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਚਾਰਜਸ਼ੀਟ 'ਚ ਦੇਸ਼ ਧ੍ਰੋਹ ਦੀਆਂ ਜਿਨ੍ਹਾਂ ਧਾਰਾਵਾਂ ਤਹਿਤ ਜਗਤਾਰ ਸਿੰਘ ਤਾਰਾ ਨੂੰ ਮੁਲਜ਼ਮ ਦੱਸਿਆ ਗਿਆ ਹੈ, ਉਹ ਧਾਰਾਵਾਂ ਇਸ ਮਾਮਲੇ 'ਚ ਸ਼ਾਮਿਲ ਹੋਰ ਮੁਲਜ਼ਮਾਂ 'ਤੇ ਦੋਸ਼ ਆਇਦ ਹੋਣ ਤੋਂ ਪਹਿਲਾਂ ਹੀ ਹਟਾ ਲਈਆਂ ਗਈਆਂ ਸਨ।

ਬਚਾਅ ਪੱਖ ਵੱਲੋਂ ਇਸ ਮਾਮਲੇ 'ਚ ਅਪੀਲ ਦਿੱਤੀ ਗਈ ਸੀ ਕਿ ਹੋਰ ਮੁਲਜ਼ਮਾਂ ਵਾਂਗ ਜਗਤਾਰ ਸਿੰਘ ਤਾਰਾ ਕੇਸ ਵਿਚ ਵੀ ਫ਼ਰਾਰੀ ਦੀ ਜ਼ਮਾਨਤੀ ਧਾਰਾ 224 ਲੱਗੇ ਹੋਣ ਕਾਰਨ ਤਾਰਾ ਨੂੰ ਰਿਮਾਂਡ 'ਤੇ ਨਹੀਂ ਭੇਜਿਆ ਜਾ ਸਕਦਾ। ਦੇਸ਼ ਧ੍ਰੋਹ ਦੇ ਇਲਾਵਾ ਤਾਰਾ ਖਿਲਾਫ ਅਪਰਾਧਿਕ ਸਾਜ਼ਿਸ਼ ਕਰਨ ਅਤੇ ਫ਼ਰਾਰੀ ਦੀਆਂ ਧਾਰਾਵਾਂ ਵੀ ਲਾਈਆਂ ਗਈਆਂ ਹਨ।

## ਭੌਰ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਬਾਰੇ ਚੁੱਕੇ ਸੁਆਲ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬੀਤੇ ਸਾਲਾਂ ਦੌਰਾਨ ਸਿਆਸੀ ਆਗੂਆਂ, ਵਿਧਾਇਕਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀਆਂ ਸਿਫਾਰਿਸ਼ਾਂ 'ਤੇ ਭਰਤੀ ਕੀਤੇ ਗਏ ਮੁਲਾਜ਼ਮਾਂ ਨੂੰ ਸੁਆਲਾਂ ਦੇ ਘੇਰੇ 'ਚ ਲਿਆਉਂਦੇ ਹੋਏ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਦੀ ਜਿਥੇ ਉਚ ਪੱਧਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ, ਉਥੇ ਇਹ ਵੀ ਪੜਤਾਲ ਕਰਵਾਈ ਜਾਣੀ ਚਾਹੀਦੀ ਹੈ ਕਿ ਜਿਹੜੇ ਮੁਲਾਜ਼ਮ ਭਰਤੀ ਕੀਤੇ ਗਏ ਹਨ, ਉਨ੍ਹਾਂ ਦਾ ਪਿਛੋਕੜ ਸਿੱਖੀ ਵਾਲਾ ਜਾਂ ਪੰਥਕ ਹੈ ਜਾਂ ਨਹੀਂ।

ਇਥੇ ਜਾਇਦਾਦ ਉਪ-ਕਮੇਟੀ ਦੀ ਬੈਠਕ ਤੋਂ ਬਾਅਦ ਗੱਲਬਾਤ ਕਰਦੇ ਹੋਏ ਜਥੇਦਾਰ ਭੌਰ ਨੇ ਕਿਹਾ ਕਿ ਹੁਣ ਲੋੜ ਹੈ ਕਿ ਬੀਤੇ ਸਾਲਾਂ ਦੌਰਾਨ ਭਰਤੀ ਹੋਏ ਸੈਂਕੜੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੇ ਪਿਛੋਕੜ ਦੀ ਪੜਤਾਲ ਕਰਵਾਈ ਜਾਵੇ ਤਾਂ ਜੋ ਇਹ ਸਪਸ਼ਟ ਹੋਵੇ ਕਿ ਉਨ੍ਹਾਂ ਵਿਚੋਂ ਕੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਲੋਕਾਂ ਜਾਂ ਪੰਥ ਵਿਰੋਧੀ ਧਿਰ ਨਾਲ ਸਬੰਧਤ ਤਾਂ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖਣ ਤੋਂ ਬਾਅਦ ਜਥੇਦਾਰ ਸੁਖਦੇਵ ਸਿੰਘ ਭੌਰ ਨੂੰ ਉਨ੍ਹਾਂ ਦੇ ਸਿਆਸੀ ਭਵਿੱਖ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਤਾਂ ਮੁੱਢ ਤੋਂ ਅਕਾਲੀ ਹਨ। ਕਿਸੇ ਹੋਰ ਪਾਰਟੀ 'ਚ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

## ਅਮਨਜੋਤ ਕੌਰ ਰਾਮੂਵਾਲੀਆ ਵੱਲੋਂ ਅਸਤੀਫਾ

**ਮੁਹਾਲੀ:** ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਅਕਾਲੀ ਦਲ ਨੂੰ ਅਲਵਿਦਾ ਕਹਿਣ ਤੋਂ ਬਾਅਦ ਉਨ੍ਹਾਂ ਦੀ ਬੇਟੀ ਅਮਨਜੋਤ ਕੌਰ ਰਾਮੂਵਾਲੀਆ ਨੇ ਮੁਹਾਲੀ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ. ਰਾਮੂਵਾਲੀਆ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਦੀ ਕੈਬਨਿਟ ਵਿਚ ਮੰਤਰੀ ਬਣ ਗਏ ਸਨ। ਅਕਾਲੀ ਦਲ ਨੇ ਬੀਬੀ ਰਾਮੂਵਾਲੀਆ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ।




# ਪੰਥਕ ਮਸਲਿਆਂ ਉਤੇ ਵਿਚਾਰ ਕਰਨ ਲਈ ਅਮਰੀਕਾ ਵਿਚਲੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦੀ ਮੀਟਿੰਗ ਲਈ ਸੱਦਾ

ਪੰਜਾਬ ਵਿਚ ਹਾਲ ਹੀ ਵਿਚ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਉਸ ਪਿਛੋਂ ਰੋਹ ਵਿਚ ਆਈਆਂ ਸੰਗਤਾਂ ਉਪਰ ਪੁਲਿਸ ਤਸ਼ੱਦਦ ਤੇ ਗੋਲੀ ਚਲਾ ਕੇ ਦੋ ਸਿੰਘਾਂ ਨੂੰ ਮਾਰ ਦਿੱਤੇ ਜਾਣ ਅਤੇ ਸਿੱਖਾਂ ਨਾਲ ਹੋਰ ਬੇਇਨਸਾਫੀਆਂ ਤੋਂ ਦੁਖੀ ਹੋਏ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੇ ਖੇਤਰੀ ਪੱਧਰ ਉਤੇ ਆਲੇ-ਦੁਆਲੇ ਦੇ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦੀਆਂ ਮੀਟਿੰਗਾਂ ਕੀਤੀਆਂ ਹਨ। ਇਨ੍ਹਾਂ ਮੀਟਿੰਗਾਂ ਵਿਚ ਪੰਜਾਬ ਵਿਚ ਹੋਈਆਂ-ਵਾਪਰੀਆਂ ਘਟਨਾਵਾਂ ਅਤੇ ਉਨ੍ਹਾਂ ਸਬੰਧੀ ਅਮਰੀਕਾ ਵਸਦੇ ਸਿੱਖ ਕੀ ਕਰਨ, ਇਸ ਸਬੰਧੀ ਕੁਝ ਬਹੁਤ ਜ਼ਰੂਰੀ ਅਤੇ ਅਹਿਮ ਮਤੇ ਪਾਸ ਕੀਤੇ ਗਏ ਹਨ।

ਅਜਿਹੇ ਕਦਮ ਕੌਮੀ ਪੱਧਰ ਅਤੇ ਵਿਸ਼ਵ ਪੱਧਰ ਉਤੇ ਉਠਾਏ ਜਾਣ ਦੀ ਵੀ ਲੋੜ ਹੈ। ਇਨ੍ਹਾਂ ਮੀਟਿੰਗਾਂ ਰਾਹੀਂ ਉਪਰੋਕਤ ਮਸਲੇ ਉਤੇ ਸਿੱਖ ਏਕੇ ਦਾ ਸੁਨੇਹਾ ਜਾਣਾ ਚਾਹੀਦਾ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਅਮੈਰਿਕਨ ਸਿੱਖ ਕੌਂਸਲ ਵਲੋਂ ਅਮਰੀਕਾ ਵਿਚਲੇ ਉਨ੍ਹਾਂ ਸਭ ਗੁਰਦੁਆਰਾ ਪ੍ਰਬੰਧਕਾਂ ਅਤੇ ਪੰਥਕ ਜਥੇਬੰਦੀਆਂ, ਜੋ ਇਸ ਮਸਲੇ ਉਤੇ ਗੰਭੀਰ ਅਤੇ ਚਿੰਤਤ ਹਨ, ਨੂੰ ਅਪੀਲ ਹੈ ਕਿ ਉਹ ਆਪਣੀ ਸੰਗਤ ਦੇ ਵਿਚਾਰ ਸਾਂਝੇ ਕਰਨ ਲਈ ਅਮਰੀਕਾ ਭਰ ਦੇ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦੀ ਹੇਠ ਦਿੱਤੇ ਪ੍ਰੋਗਰਾਮ ਅਨੁਸਾਰ ਹੋ ਰਹੀ ਮੀਟਿੰਗ ਵਿਚ ਆਪਣਾ ਇਕ ਨੁਮਾਇੰਦਾ ਜ਼ਰੂਰ ਭੇਜਣ:

## ਤਾਰੀਖ: 13 ਅਤੇ 14 ਨਵੰਬਰ, 2015

**ਸਥਾਨ: ਗੁਰਦੁਆਰਾ ਸਾਹਿਬ, ਪੈਲਾਟਾਈਨ (ਸ਼ਿਕਾਗੋ) 1280 Winnetka St., Palatine, IL 60067**

ਮੀਟਿੰਗ 13 ਨਵੰਬਰ, ਸ਼ੁੱਕਰਵਾਰ ਨੂੰ ਸ਼ਾਮੀਂ 6 ਵਜੇ ਅਰੰਭ ਹੋਵੇਗੀ ਅਤੇ ਸਨਿਚਰਵਾਰ ਸ਼ਾਮ ਕਰੀਬ 6 ਵਜੇ ਤੱਕ ਜਾਰੀ ਰਹੇਗੀ।

ਰਜਿਸਟ੍ਰੇਸ਼ਨ ਦੀ ਪੁਸ਼ਟੀ ਦੇ ਤੌਰ 'ਤੇ ਵਿਸਤ੍ਰਿਤ ਏਜੰਡਾ ਮੁਹੱਈਆ ਕੀਤਾ ਜਾਏਗਾ।

ਵਾਜਬ ਪ੍ਰਬੰਧਕ ਕਰਨ ਵਾਸਤੇ ਇਸ ਮੀਟਿੰਗ ਵਿਚ ਆਪਣੇ ਵਿਚਾਰ ਸਾਂਝੇ ਕਰਨ ਲਈ ਆਉਣ ਵਾਲੇ ਹਰ ਸੱਜਣ ਦੇ ਨਾਂ-ਪਤੇ ਅਤੇ ਫੋਨ ਨੰਬਰ ਦੀ ਜਾਣਕਾਰੀ ਦੇਣ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਰਜਿਸਟ੍ਰੇਸ਼ਨ ਕਰਵਾ ਕੇ ਅਮੈਰਿਕਨ ਸਿੱਖ ਕੌਂਸਲ ਦੀ ਮਦਦ ਕੀਤੀ ਜਾਵੇ:

http://americansikhcouncil.org/2015/11/02/call-for-panthic-meet/

ਕੌਂਸਲ ਵਲੋਂ ਹਰ ਨੁਮਾਇੰਦੇ ਨੂੰ ਆਪਣੇ ਵਿਚਾਰ ਪ੍ਰਗਟਾਉਣ ਲਈ ਬਰਾਬਰ ਦਾ ਸਮਾਂ ਦਿੱਤਾ ਜਾਵੇਗਾ। ਸਾਨੂੰ ਉਮੀਦ ਹੈ ਕਿ ਤੁਸੀਂ ਆਪਣੇ ਗੁਰਦੁਆਰਾ ਸਾਹਿਬ ਅਤੇ/ ਜਾਂ ਆਪਣੀ ਪੰਥਕ ਜਥੇਬੰਦੀ ਦਾ ਨੁਮਾਇੰਦਾ ਭੇਜ ਕੇ ਸਾਨੂੰ ਧੰਨਵਾਦੀ ਬਣਾਓਗੇ।

# Call for a national Panthic meeting of all the representatives from the Gurdwara Sahibs in the US

Seriously concerned by the recent desecration of Sri Guru Granth Sahib in Punjab and other injustices against the Sikh population in Punjab, the various Gurdwara Sahib managements have called regional meetings of representatives from surrounding Gurdwara Sahibs. Some very important and significant resolutions have been adopted at the convened meetings across the US, covering the Sikhi related issues in Punjab what action should the US population should take. The same now needs to happen at the national level and then at the global level. The message of a united Sikh front for the same collective causes should emanate from such meetings.

Keeping that in mind, the American Sikh Council is requesting all those Gurdwara Sahibs and Sikh Organizations in the US, who are passionate and serious for this cause and would like to contribute their views, to please send one representative each to present your sangat's views at the meeting of representatives from Gurdwara Sahibs in US, scheduled for **November 13-14, 2015** being held at the **SRS Gurdwara Sahib, 1280 Winnetka St, Palatine, IL 60067 in Palatine (Chicago), Illinois.** The meeting will start at 6:00 PM on Friday November 13 and will continue till approximately 6:00 PM Saturday. Detail agenda will be provided as part of the confirmation of your registration.

To assure proper arrangements for everyone coming to share their views, please help ASC with the name and contact information of the representative attending the meeting by registering at the http://americansikhcouncil.org/2015/11/02/call-for-panthic-meet/.

ASC will assure equal time for every representative wishing to add their views to the information that has been shared till then. ASC Looks forward to your active participation in representing your Gurdwara Sahib and/or your Sikh organization, at the SRS Gurdwara Palatine, IL.

## ਬੇਨਤੀ ਕਰਤਾ: ਅਮੈਰਿਕਨ ਸਿੱਖ ਕੌਂਸਲ

**AMERICAN SIKH COUNCIL**

**VOICE OF SIKHS IN AMERICA**

*(Formerly World Sikh Council - America Region)*

# ਅਸਹਿਣਸ਼ੀਲਤਾ ਖਿਲਾਫ ਬੁੱਧੀਜੀਵੀਆਂ ਦਾ ਕਾਫਲਾ ਹੋਇਆ ਲੰਬਾ

**ਨਵੀਂ ਦਿੱਲੀ:** ਦੇਸ਼ ਵਿਚ ਅਸਹਿਣਸ਼ੀਲਤਾ ਤੇ ਫਿਰਕੂ ਤਣਾਅ ਵਾਲੇ ਮਾਹੌਲ ਖਿਲਾਫ ਬੁੱਧੀਜੀਵੀਆਂ ਦਾ ਕਾਫਲਾ ਲੰਬਾ ਹੁੰਦਾ ਜਾ ਰਿਹਾ ਹੈ। ਲੇਖਕਾਂ, ਫਿਲਮਸਾਜ਼ਾਂ ਤੇ ਸਾਇੰਸਦਾਨਾਂ ਦੇ ਨਾਲ ਹੁਣ ਇਤਿਹਾਸਕਾਰ ਵੀ ਇਸ ਲੜਾਈ ਵਿਚ ਕੁੱਦ ਪਏ ਹਨ। ਚੋਟੀ ਦੇ ਸਾਇੰਸਦਾਨ ਪੀ.ਐਮ. ਭਾਰਗਵ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਉਤੇ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦੀਆਂ ਚਾਲਾਂ ਚੱਲਣ ਦੇ ਦੋਸ਼ ਲਾਉਂਦਿਆਂ ਆਪਣਾ ਪਦਮ ਭੂਸ਼ਣ ਐਵਾਰਡ ਵਾਪਸ ਮੋੜਨ ਦਾ ਐਲਾਨ ਕੀਤਾ ਹੈ। ਬੁੱਧੀਜੀਵੀਆਂ ਵੱਲੋਂ ਛੇੜੀ ਇਸ ਮੁਹਿੰਮ ਵਿਚ ਸਾਇੰਸਦਾਨਾਂ ਦੇ ਦੂਜੇ ਸਮੂਹ ਦੀ ਸ਼ਮੂਲੀਅਤ ਦੇ ਨਾਲ ਹੀ ਰੋਮਿਲਾ ਥਾਪਰ, ਇਰਫਾਨ ਹਬੀਬ, ਕੇ.ਐਨ. ਪੰਨੀਕਰ ਤੇ ਮ੍ਰਿਦੁਲਾ ਮੁਖਰਜੀ ਸਣੇ 53 ਇਤਿਹਾਸਕਾਰਾਂ ਨੇ ਕਿਹਾ ਕਿ ਮੁਲਕ ਵਿਚ ਜਾਰੀ 'ਬਹੁਤ ਹੀ ਮਾੜੇ ਮਾਹੌਲ' ਦੇ ਬਾਵਜੂਦ ਸ੍ਰੀ ਮੋਦੀ ਇਕ ਵੀ ਭਰੋਸਾ ਦਿਵਾਊ ਬਿਆਨ ਦੇਣ ਵਿਚ ਨਾਕਾਮ ਰਹੇ ਹਨ।

ਇਸ ਤੋਂ ਪਹਿਲਾਂ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਵਿਦਿਆਰਥੀਆਂ ਵੱਲੋਂ 140 ਦਿਨ ਲੰਬੀ ਹੜਤਾਲ ਤੋਂ ਬਾਅਦ ਇਕ ਦਰਜਨ ਫਿਲਮ ਨਿਰਮਾਤਾਵਾਂ ਵੱਲੋਂ ਸਨਮਾਨ ਵਾਪਸ ਕਰਨ ਦੇ ਫੈਸਲੇ ਨੇ ਅਸਹਿਣਸ਼ੀਲ ਮਾਹੌਲ ਖਿਲਾਫ ਲੜਾਈ ਨੂੰ ਮਜ਼ਬੂਤੀ ਬਖਸ਼ੀ ਸੀ। ਲੇਖਕਾਂ ਤੇ ਕਲਾਕਾਰਾਂ ਤੋਂ ਸ਼ੁਰੂ ਹੋਈ ਇਸ ਆਵਾਜ਼ ਵਿਚ 53 ਇਤਿਹਾਸਕਾਰਾਂ ਤੇ ਵੱਡੀਆਂ ਸੰਸਥਾਵਾਂ ਨਾਲ ਜੁੜੇ ਸਾਇੰਸਦਾਨਾਂ ਵੀ ਸ਼ਾਮਲ ਹੋ ਗਏ ਹਨ। ਜ਼ਿਕਰਯੋਗ ਹੈ ਕਿ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਵਿਦਿਆਰਥੀ ਕਿਸੇ ਯੋਗ ਵਿਅਕਤੀ ਦੀ ਬਜਾਏ ਸਿਰਫ ਭਾਜਪਾ ਦਾ ਮੈਂਬਰ ਹੋਣ ਦੀ ਕਾਬਲੀਅਤ ਨਾਲ ਗਜੇਂਦਰ ਚੌਹਾਨ ਨੂੰ ਇੰਸਟੀਚਿਊਟ ਦਾ ਚੇਅਰਮੈਨ ਲਗਾਉਣ ਦੇ ਖਿਲਾਫ ਸੰਘਰਸ਼ ਕਰ ਰਹੇ ਹਨ। ਵਿਚਾਰਾਂ ਦੇ ਵਖਰੇਵੇਂ ਕਰਕੇ ਕੱਟੜਪੰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਹੱਤਿਆਵਾਂ ਤੇ ਗਾਂ-ਮਾਸ ਦੇ ਮੁੱਦੇ ਉਤੇ ਬਣਾਇਆ ਜਾ ਰਿਹਾ ਮਾਹੌਲ ਦੇਸ਼ ਦੇ ਬਹੁ-ਧਰਮੀ, ਬਹੁ-ਨਸਲੀ, ਬਹੁ-ਭਾਸ਼ਾਈ ਤੇ ਬਹੁ-ਸੱਭਿਆਚਾਰੀ ਵਾਲੀ ਛਬਿ ਨਾਲ ਮੇਲ ਨਹੀਂ ਖਾਂਦਾ। ਇਤਿਹਾਸਕਾਰਾਂ ਦਾ ਇਹ ਕਹਿਣਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਹ ਸੰਕੇਤ ਦੇਣ ਵਿਚ ਵੀ ਕਾਮਯਾਬ ਨਹੀਂ ਹੋਏ ਕਿ ਉਹ ਦੇਸ਼ ਦੇ ਸੰਵਿਧਾਨ ਨੂੰ ਲਾਗੂ ਕਰਦਿਆਂ ਮਾਹੌਲ ਵਿਗਾੜਨ ਵਾਲਿਆਂ ਦੇ ਨਾਲ ਨਹੀਂ ਖੜ੍ਹੇ ਹੋਏ।

ਹੈਦਰਾਬਾਦ ਦੇ ਨਾਮੀ ਸੈਂਟਰ ਫਾਰ ਸੈਲੂਲਰ ਐਂਡ ਮੋਲੇਕਿਊਲਰ ਬਾਇਓਲੋਜੀ ਦੇ ਬਾਨੀ ਸ੍ਰੀ ਭਾਰਗਵ (87 ਸਾਲ) ਨੇ ਕਿਹਾ ਕਿ ਉਹ 1986 ਵਿਚ ਮਿਲਿਆ ਆਪਣਾ ਐਵਾਰਡ ਵਾਪਸ ਮੋੜ ਰਹੇ ਹਨ। ਮੌਜੂਦਾ ਹਕੂਮਤ ਦੇਸ਼ ਨੂੰ ਲੋਕਤੰਤਰ ਤੋਂ ਲਾਂਭੇ ਲਿਜਾ ਰਹੀ ਹੈ ਤੇ ਮੁਲਕ ਨੂੰ ਹਿੰਦੂ ਧਾਰਮਿਕ ਤਾਨਾਸ਼ਾਹੀ ਬਣਾਉਣ ਵੱਲ ਵਧ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਸਲ ਵਿਚ ਦੇਸ਼ ਵਿਚ ਭਾਜਪਾ ਦੇ ਨਾਂ ਉਤੇ ਆਰ.ਐਸ.ਐਸ. ਹੀ ਰਾਜ ਕਰ ਰਹੀ ਹੈ।

## ਇਤਿਹਾਸਕਾਰ ਤੇ ਵਿਗਿਆਨੀ ਵੀ ਮੋਰਚੇ 'ਤੇ ਡਟੇ




## ਇਨਾਮ ਮੋੜਨ ਵਾਲੇ ਸਰਕਾਰ ਵਿਰੋਧੀ ਕਰਾਰ

**ਪਟਨਾ:** ਕੇਂਦਰੀ ਮੰਤਰੀਆਂ ਅਰੁਣ ਜੇਤਲੀ ਤੇ ਰਾਜਨਾਥ ਸਿੰਘ ਨੇ ਐਵਾਰਡ ਮੋੜਨ ਵਾਲੇ ਬੁੱਧੀਜੀਵੀਆਂ ਦੀ ਨੁਕਤਾਚੀਨੀ ਕਰਦਿਆਂ ਇਨ੍ਹਾਂ ਨੂੰ 'ਕੱਟੜ ਭਾਜਪਾ ਵਿਰੋਧੀ ਅਨਸਰ' ਤੇ ਸਾਜ਼ਿਸ਼ ਕਰਾਰ ਦਿੱਤਾ ਹੈ। ਸ੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਮੇਰੇ ਖਿਆਲ ਵਿਚ ਇਹ ਸਭ ਕੁਝ ਸਿਆਸੀ ਕਾਰਨਾਂ ਕਰ ਕੇ ਹੋ ਰਿਹਾ ਹੈ, ਜਦੋਂਕਿ ਵਿਰੋਧ ਜ਼ਾਹਰ ਕਰਨ ਦੇ ਹੋਰ ਵੀ ਤਰੀਕੇ ਹਨ।

## ਮੂਡੀਜ਼ ਨੇ ਵੀ ਕੀਤਾ ਮੋਦੀ ਨੂੰ ਖਬਰਦਾਰ

**ਨਵੀਂ ਦਿੱਲੀ:** ਆਲਮੀ ਅਦਾਰੇ ਮੂਡੀਜ਼ ਨੇ ਵੀ ਅਸਹਿਣਸ਼ੀਲਤਾ ਬਾਰੇ ਕੇਂਦਰ ਦੀ ਮੋਦੀ ਸਰਕਾਰ ਨੂੰ ਖਬਰਦਾਰ ਕੀਤਾ ਹੈ। ਮੂਡੀਜ਼ ਨੇ ਆਪਣੀ ਇਕ ਤਾਜ਼ਾ ਰਿਪੋਰਟ ਵਿਚ ਕਿਹਾ ਹੈ ਕਿ ਜੇ ਭਾਜਪਾ ਆਗੂ ਬਾਜ਼ ਨਾ ਆਏ ਤਾਂ ਇਸ ਦੀ ਕੀਮਤ ਭਾਰਤ ਨੂੰ 'ਘਰੇਲੂ ਤੇ ਆਲਮੀ ਪੱਧਰ ਉਤੇ ਸਾਖ ਦੇ ਨੁਕਸਾਨ' ਵਜੋਂ ਚੁਕਾਉਣੀ ਪੈ ਸਕਦੀ ਹੈ।

ਅਦਾਰੇ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭਾਜਪਾ ਆਗੂਆਂ ਨੂੰ ਭੜਕਾਊ ਕਾਰਵਾਈਆਂ ਤੋਂ ਵਰਜਣ ਤੇ ਕਾਬੂ ਵਿਚ ਰੱਖਣ ਦੀ ਸਲਾਹ ਦਿੱਤੀ ਹੈ। ਮੂਡੀਜ਼ ਨੇ ਕਿਹਾ ਹੈ ਕਿ ਭਾਜਪਾ ਕੋਲ ਅਹਿਮ ਸੁਧਾਰ ਪਾਸ ਕਰਨ ਲਈ ਸੰਸਦ ਦੇ ਉਪਰਲੇ ਸਦਨ ਰਾਜ ਸਭਾ ਵਿਚ ਬਹੁਮਤ ਨਹੀਂ ਹੈ ਤੇ ਵਿਰੋਧੀ ਧਿਰ ਲਗਾਤਾਰ ਅੜਿੱਕੇ ਪਾ ਰਹੀ ਹੈ। ਇਸ ਦੌਰਾਨ ਹਾਲ ਹੀ ਵਿਚ ਵੱਖ-ਵੱਖ ਭਾਜਪਾ ਆਗੂਆਂ ਵੱਲੋਂ ਕੀਤੀ ਵਿਵਾਦਗ੍ਰਸਤ ਬਿਆਨਬਾਜ਼ੀ ਦੌਰਾਨ ਪਾਰਟੀ ਆਪਣਾ ਬਚਾਅ ਕਰਨ ਵਿਚ ਨਾਕਾਮ ਰਹੀ ਹੈ। ਮੂਡੀਜ਼ ਐਨਾਲਿਟਿਕਸ, ਜੋ ਮੂਡੀਜ਼ ਕਾਰਪੋਰੇਸ਼ਨ ਦੀ ਆਰਥਿਕ ਖੋਜ ਤੇ ਵਿਸ਼ਲੇਸ਼ਣ ਡਿਵੀਜ਼ਨ ਹੈ, ਵੱਲੋਂ ਤਿਆਰ ਇਸ ਰਿਪੋਰਟ ਵਿਚ ਕਿਹਾ ਗਿਆ ਹੈ, 'ਭਾਵੇਂ ਮੋਦੀ ਨੇ ਆਪਣੇ ਆਪ ਨੂੰ ਕੌਮਪ੍ਰਸਤ ਬਿਆਨਬਾਜ਼ੀ ਤੋਂ ਦੂਰ ਹੀ ਰੱਖਿਆ ਹੈ, ਪਰ ਵੱਖ-ਵੱਖ ਭਾਰਤੀ ਘੱਟ ਗਿਣਤੀਆਂ ਵਿਚ ਉਕਸਾਹਟ ਪੈਦਾ ਕੀਤੇ ਜਾਣ ਨਾਲ ਤਣਾਅ ਬਣਿਆ ਹੈ।

## ਤਰਕਸ਼ੀਲਾਂ ਵੱਲੋਂ ਫਿਰਕਾਪ੍ਰਸਤੀ ਦਾ ਵਿਰੋਧ

**ਅੰਮ੍ਰਿਤਸਰ:** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਵੱਲੋਂ ਦੇਸ਼ ਵਿਚ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਵਿਰੁੱਧ ਵਧ ਰਹੀ ਫਿਰਕੂ ਅਸਹਿਣਸ਼ੀਲਤਾ ਖਿਲਾਫ ਹਾਲ ਗੇਟ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਜਥੇਬੰਦਕ ਮੁਖੀ ਸੁਮੀਤ ਸਿੰਘ ਨੇ ਮੌਜੂਦਾ ਫਿਰਕੂ ਤੇ ਫਾਸ਼ੀਵਾਦੀ ਹਮਲਿਆਂ ਪ੍ਰਤੀ ਮੋਦੀ ਸਰਕਾਰ ਵੱਲੋਂ ਧਾਰੀ ਸਾਜ਼ਿਸ਼ੀ ਚੁੱਪ ਦੀ ਸਖਤ ਨਿਖੇਧੀ ਕੀਤੀ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਕੁਝ ਫਿਰਕੂ ਸੰਗਠਨਾਂ ਵੱਲੋਂ ਸਾਹਿਤਕਾਰਾਂ, ਲੇਖਕਾਂ ਤੇ ਪੱਤਰਕਾਰਾਂ ਦੇ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕਰਨ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਵਿਧਾਨਕ ਹੱਕਾਂ ਉਤੇ ਗੁੱਝੀ ਪਾਬੰਦੀ ਲਾਈ ਜਾ ਰਹੀ ਹੈ ਤੇ ਵਿਰੋਧ ਕਰਨ ਵਾਲੇ ਤਰਕਸ਼ੀਲ ਸਾਹਿਤਕਾਰਾਂ ਤੇ ਪੱਤਰਕਾਰਾਂ ਉਤੇ ਫਿਰਕੂ ਹਮਲੇ ਕਰ ਕੇ ਦੇਸ਼ ਵਿਚ ਭਗਵਾ ਫਾਸ਼ੀਵਾਦ ਫੈਲਾਇਆ ਜਾ ਰਿਹਾ ਹੈ, ਜੋ ਕਿ ਨਾਗਰਿਕਾਂ ਦੇ ਜਮਹੂਰੀ ਹੱਕਾਂ ਉਤੇ ਸਿੱਧਾ ਹਮਲਾ ਹੈ। ਐਡਵੋਕੇਟ ਅਮਰਜੀਤ ਬਾਈ ਨੇ ਮੋਦੀ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਅੱਗੇ ਰੱਖ ਰਹੀ ਹੈ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਸਕੱਤਰ ਰਜਿੰਦਰ ਮਡੈਲ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਵਿਦਿਅਕ, ਸੱਭਿਆਚਾਰਕ, ਸਾਹਿਤਕ ਕਲਾ ਦੀਆਂ ਸਰਕਾਰੀ ਸੰਸਥਾਵਾਂ ਵਿਚ ਫਿਰਕੂ ਸੋਚ ਵਾਲੇ ਤੇ ਗੈਰ ਤਜਰਬੇਕਾਰ ਵਿਅਕਤੀ ਨਿਯੁਕਤ ਕਰਕੇ ਸਿੱਖਿਆ, ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ।

## ਯੂ.ਐਨ.ਓ. 'ਚ ਭਾਰਤ ਵੱਲੋਂ ਅਸਹਿਣਸ਼ੀਲਤਾ ਦਾ ਵਿਰੋਧ

**ਸੰਯੁਕਤ ਰਾਸ਼ਟਰ:** ਇਕ ਪਾਸੇ ਜਿਥੇ ਦੇਸ਼ ਵਿਚ ਜਾਰੀ ਫਿਰਕੂ ਤਣਾਅ ਤੇ ਅਸਹਿਣਸ਼ੀਲਤਾ ਵਾਲੇ ਮਾਹੌਲ ਸਬੰਧੀ ਸਰਕਾਰ ਦੀ ਢਿੱਲ-ਮੱਠ ਖਿਲਾਫ ਬੁੱਧੀਜੀਵੀਆਂ ਵੱਲੋਂ ਆਪਣੇ ਕੌਮੀ ਐਵਾਰਡ ਤੱਕ ਵਾਪਸ ਮੋੜੇ ਜਾ ਰਹੇ ਹਨ, ਉਥੇ ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਦਾਅਵਾ ਕੀਤਾ ਹੈ ਕਿ ਦੇਸ਼ ਨੂੰ ਆਪਣੀ 'ਅਨੇਕਤਾ ਵਿਚ ਏਕਤਾ' ਉਤੇ ਮਾਣ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਫਸਟ ਸਕੱਤਰ ਮਯੰਕ ਜੋਸ਼ੀ ਨੇ ਕਿਹਾ ਹੈ ਕਿ ਭਾਰਤ ਧਰਮ, ਨਸਲ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਵੈਰ-ਵਿਰੋਧ ਤੇ ਅਸਹਿਣਸ਼ੀਲਤਾ ਦੇ ਖਿਲਾਫ ਹੈ।

ਸ੍ਰੀ ਜੋਸ਼ੀ ਯੂ.ਐਨ. ਦੀ ਆਮ ਸਭਾ ਦੀ ਮਨੁੱਖੀ ਹੱਕਾਂ ਸਬੰਧੀ ਤੀਜੀ ਕਮੇਟੀ ਦੀ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਇਕ ਬਹੁ-ਧਾਰਮਿਕ, ਬਹੁ-ਨਸਲੀ ਤੇ ਬਹੁ-ਸੱਭਿਆਚਾਰਕ ਦੇਸ਼ ਹੋਣ ਦੇ ਨਾਤੇ, ਸਾਨੂੰ ਆਪਣੀ ਅਨੇਕਤਾ ਵਿਚ ਏਕਤਾ ਉਤੇ ਮਾਣ ਹੈ ਤੇ ਅਸੀਂ ਕੌਮਾਂ, ਲੋਕਾਂ, ਧਰਮਾਂ ਤੇ ਸੱਭਿਆਚਾਰਾਂ ਦਰਮਿਆਨ ਆਪਸੀ ਸਮਝ ਦੇ ਪੁਲ ਸਿਰਜਣ ਦੀ ਹਰੇਕ ਕੋਸ਼ਿਸ਼ ਦੀ ਹਮਾਇਤ ਕਰਦੇ ਹਾਂ।

## ਕਤਲੇਆਮ ਪੀੜਤਾਂ ਨੇ ਪੋਥੀਆਂ ਲੂਹ ਕੇ ਰੋਸ ਪ੍ਰਗਟਾਇਆ



**ਨਵੀਂ ਦਿੱਲੀ:** ਨਵੰਬਰ 1984 ਦੇ ਪੀੜਤਾਂ ਨੇ ਕਿਤਾਬਾਂ ਨੂੰ ਅੱਗ ਲਾ ਕੇ ਆਪਣੇ ਰੋਹ ਅਤੇ ਰੋਸ ਦਾ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ ਪੀੜਤਾਂ ਨੇ ਸਵਾਲ ਕੀਤਾ ਕਿ 32 ਸਾਲਾਂ ਤੋਂ ਉਹ ਇਨਸਾਫ ਦੀ ਉਡੀਕ ਕਰ ਰਹੇ ਹਨ, ਪਰ ਕਿਸੇ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਪ੍ਰਦਰਸ਼ਨਕਾਰੀਆਂ ਨੇ 1984 ਦੇ ਕਤਲੇਆਮ ਉਤੇ ਲਿਖੀ ਕਿਤਾਬ 'ਸਰਕਾਰੀ ਕਤਲ-ਏ-ਆਮ' ਦੀਆਂ 500 ਕਾਪੀਆਂ ਫੂਕੀਆਂ। ਇਸ ਤੋਂ ਬਾਅਦ ਸਿੱਖਾਂ ਵੱਲੋਂ ਜੰਤਰ-ਮੰਤਰ ਉਤੇ ਆਪਣੇ ਰੋਸ ਦਾ ਮੁਜ਼ਾਹਰਾ ਵੀ ਕੀਤਾ ਗਿਆ। ਪ੍ਰਦਰਸ਼ਨ ਦੀ ਅਗਵਾਈ ਗੁਰਚਰਨ ਸਿੰਘ ਬੱਬਰ ਵੱਲੋਂ ਕੀਤੀ ਗਈ ਜਿਨ੍ਹਾਂ 'ਸਰਕਾਰੀ ਕਤਲ-ਏ-ਆਮ' ਕਿਤਾਬ ਲਿਖੀ ਸੀ। ਇਸ ਕਿਤਾਬ ਨੂੰ 1998 ਵਿਚ ਬੈਨ ਕੀਤਾ ਗਿਆ ਸੀ ਹਾਲਾਂਕਿ ਇਸ ਬੈਨ ਨੂੰ ਕਰੜੇ ਵਿਰੋਧ ਤੋਂ ਬਾਅਦ ਹਟਾ ਲਿਆ ਗਿਆ ਸੀ। ਇਸੇ ਦੌਰਾਨ ਕੁਝ ਹਲਕਿਆਂ ਵੱਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਗੁਰਚਰਨ ਸਿੰਘ ਬੱਬਰ ਆਪਣੀ ਹੀ ਕਿਤਾਬ ਦੀਆਂ ਕਾਪੀਆਂ ਸਾੜ ਕੇ ਆਖਰ ਸਾਬਤ ਕੀ ਕਰਨਾ ਚਾਹੁੰਦੇ ਹਨ? ਸਰਕਾਰ ਅਤੇ ਲੋਕਾਂ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਲਈ ਕੋਈ ਹੋਰ ਰਾਹ ਅਖਤਿਆਰ ਕਰਨਾ ਚਾਹੀਦਾ ਸੀ।

## ਸ਼ਿਵ ਸੈਨਾ-ਭਾਜਪਾ ਗੱਠਜੋੜ 'ਚ ਤਰੇੜਾਂ

**ਠਾਣੇ:** ਭਾਜਪਾ-ਸ਼ਿਵ ਸੈਨਾ ਸਬੰਧਾਂ ਵਿਚ ਉਸ ਵੇਲੇ ਫਿਰ ਤੋਂ ਤਰੇੜ ਆ ਗਈ ਜਦ ਸ਼ਿਵ ਸੈਨਾ ਮੁਖੀ ਉੱਧਵ ਠਾਕਰੇ ਨੇ ਧਮਕੀ ਦਿੱਤੀ ਕਿ ਜੇਕਰ ਬੀ.ਜੇ.ਪੀ. ਨੇ ਆਪਣਾ ਹੰਕਾਰ ਬਣਾਈ ਰੱਖਿਆ ਤਾਂ ਉਨ੍ਹਾਂ ਦੀ ਪਾਰਟੀ ਐਨ.ਡੀ.ਏ. ਤੋਂ ਅਲੱਗ ਹੋ ਜਾਵੇਗੀ ਤੇ ਮਹਾਂਰਾਸ਼ਟਰ ਸਰਕਾਰ ਵਿਚ ਪਾਰਟੀ ਦੇ ਇਕ ਮੰਤਰੀ ਨੇ ਅਸਤੀਫਾ ਦੇਣ ਦਾ ਪ੍ਰਸਤਾਵ ਵੀ ਦੇ ਦਿੱਤਾ।



ਦੂਜੇ ਪਾਸੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਸ ਨੂੰ 'ਨੌਟੰਕੀ' ਕਰਾਰ ਦਿੰਦਿਆਂ ਖਾਰਜ ਕਰ ਦਿੱਤਾ। ਸ਼ਿਵ ਸੈਨਾ ਦੇ ਮੰਤਰੀ ਏਕਨਾਥ ਸ਼ਿੰਦੇ ਨੇ ਠਾਕਰੇ ਵੱਲੋਂ ਫੜਨਵੀਸ 'ਤੇ ਨਿਸ਼ਾਨਾ ਲਾਏ ਜਾਣ ਮਗਰੋਂ ਕਲਿਆਣ ਵਿਚ ਰੱਖੀ ਚੋਣ ਰੈਲੀ ਵਿਚ ਅਸਤੀਫਾ ਦੇਣ ਦੀ ਪੇਸ਼ਕਸ਼ ਕਰ ਦਿੱਤੀ। ਠਾਕਰੇ ਨੇ ਚਿਤਾਵਨੀ ਦਿੱਤੀ ਕਿ ਜੇਕਰ ਬੀ.ਜੇ.ਪੀ. ਨੇ ਆਪਣਾ ਹੰਕਾਰ ਬਣਾਈ ਰੱਖਿਆ ਤਾਂ ਸ਼ਿਵ ਸੈਨਾ ਗੱਠਜੋੜ ਤੋੜਨ ਵਿਚ ਸੰਕੋਚ ਨਹੀਂ ਕਰੇਗੀ। ਸ਼ਿੰਦੇ ਦੇ ਇਸ ਬਿਆਨ ਉਤੇ ਠਾਕਰੇ ਨੇ ਕਿਹਾ ਕਿ ਉਨ੍ਹਾਂ ਨੂੰ ਇਕੱਲੇ ਅਸਤੀਫਾ ਨਹੀਂ ਦੇਣਾ ਹੋਵੇਗਾ ਤੇ ਜੇਕਰ ਜ਼ਰੂਰੀ ਹੋਇਆ ਤਾਂ ਪਾਰਟੀ ਇਕ ਸਾਂਝਾ ਫੈਸਲਾ ਲਵੇਗੀ, ਪਰ ਮੁੱਖ ਮੰਤਰੀ ਫੜਨਵੀਸ ਨੇ ਸ਼ਿੰਦੇ ਦੇ ਇਸ ਬਿਆਨ ਨੂੰ ਨੌਟੰਕੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ।

## ਕਾਂਗਰਸ ਨੇ ਕੱਸੀ ਭਾਜਪਾ ਉਤੇ ਤਨਜ਼

**ਨਵੀਂ ਦਿੱਲੀ:** ਸਰਦਾਰ ਪਟੇਲ ਦੀ 140ਵੀਂ ਜਨਮ ਵਰ੍ਹੇਗੰਢ ਮੌਕੇ ਮੋਦੀ ਸਰਕਾਰ ਵੱਲੋਂ ਕਰਵਾਈ ਗਈ 'ਏਕਤਾ ਦੌੜ' ਨੂੰ ਪਾਖੰਡ ਕਰਾਰ ਦਿੰਦਿਆਂ ਕਾਂਗਰਸ ਨੇ ਕੇਂਦਰ ਨੂੰ ਦੇਸ਼ ਦੀ ਇਕਜੁੱਟਤਾ ਵੱਲ ਧਿਆਨ ਦੇਣ ਲਈ ਕਿਹਾ ਹੈ। ਕਾਂਗਰਸ ਆਗੂ ਆਨੰਦ ਸ਼ਰਮਾ ਨੇ ਇਕ ਵਾਰ ਫਿਰ ਸਰਦਾਰ ਪਟੇਲ ਨੂੰ 'ਕਾਂਗਰਸ ਦਾ ਨੇਤਾ' ਕਰਾਰ ਦਿੰਦਿਆਂ ਕਿਹਾ ਕਿ ਸਰਦਾਰ ਪਟੇਲ ਨੇ ਆਰ.ਐਸ.ਐਸ. ਉਤੇ ਪਾਬੰਦੀ ਲਾਉਣ ਦੇ ਹੁਕਮ ਦਿੱਤੇ ਸਨ।

ਭਾਜਪਾ ਨੂੰ ਪਹਿਲਾਂ ਉਹ ਹੁਕਮ ਪੜ੍ਹਨੇ ਚਾਹੀਦੇ ਹਨ। ਕਾਂਗਰਸ ਨੇਤਾ ਨੇ ਭਾਜਪਾ ਨੂੰ ਨਿਸ਼ਾਨੇ ਉਤੇ ਲੈਂਦਿਆਂ ਕਿਹਾ ਕਿ ਭਾਜਪਾ ਕੋਲ ਆਪਣੇ ਹੀਰੋ ਜਾਂ ਨੇਤਾ ਨਹੀਂ ਹਨ। ਉਹ ਨੇਤਾ ਵੀ ਕਾਂਗਰਸ ਤੋਂ ਉਧਾਰ ਲੈ ਰਹੇ ਹਨ ਤੇ ਇਨ੍ਹਾਂ ਦੀ ਚੋਣ ਵਿਚ ਵੀ ਸੂਝ-ਬੂਝ ਦਾ ਇਸਤੇਮਾਲ ਨਹੀਂ ਕਰ ਰਹੇ। ਉਨ੍ਹਾਂ ਦਾਅਵਾ ਕੀਤਾ ਕਿ ਸਰਦਾਰ ਪਟੇਲ ਤੇ ਆਰ.ਐਸ.ਐਸ. ਵਿਚਾਲੇ ਉਸ ਵੇਲੇ ਹੋਈ ਚਿੱਠੀ-ਪੱਤਰ ਵਿਚ ਇਹ ਰਾਇ ਕਾਇਮ ਕੀਤੀ ਗਈ ਸੀ ਕਿ ਆਰ.ਐਸ.ਐਸ. ਸਿਆਸੀ ਮਾਮਲਿਆਂ ਵਿਚ ਦਖਲਅੰਦਾਜ਼ੀ ਨਹੀਂ ਕਰੇਗਾ ਤੇ ਸਿਰਫ ਸਮਾਜਿਕ, ਸੱਭਿਆਚਾਰਕ ਸੰਸਥਾ ਵਜੋਂ ਹੀ ਕੰਮ ਕਰੇਗੀ।

## ਮੋਦੀ ਸਰਕਾਰ ਨੂੰ ਫਿਰਕੂ ਸੋਚ ਖਿਲਾਫ ਡਟਣ ਦਾ ਸੱਦਾ

### ਬਹੁਲਵਾਦ ਦੀ ਸ਼ਕਤੀ ਨੂੰ ਸੁਰੱਖਿਅਤ ਕਰਨ ਦੀ ਲੋੜ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਫਿਰ ਦੇਸ਼ ਦੇ ਬਹੁਲਵਾਦੀ ਚਰਿੱਤਰ ਨੂੰ ਸੁਰੱਖਿਅਤ ਰੱਖਣ ਦੀ ਗੱਲ ਕਰਦਿਆਂ ਕਿਹਾ ਕਿ ਭਾਰਤ ਆਪਣੀ ਇਕਮਿਕਤਾ ਤੇ ਸਹਿਣਸ਼ੀਲਤਾ ਦੀ ਸ਼ਕਤੀ ਕਾਰਨ ਹੀ ਵਧਿਆ ਫੁੱਲਿਆ ਹੈ। ਬਹੁਲਵਾਦ ਸਾਡੀ ਸਮੂਹਿਕ ਸ਼ਕਤੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਰਾਸ਼ਟਰਪਤੀ ਨੇ 19 ਅਕਤੂਬਰ ਨੂੰ ਆਪਣੇ ਜੱਦੀ ਕਸਬੇ ਸੂਰੀ ਵਿਚ ਸਮਾਗਮ ਦੌਰਾਨ ਸਵਾਲ ਕੀਤਾ ਸੀ, 'ਕੀ ਮੁਲਕ ਵਿਚ ਵਿਰੋਧੀ ਵਿਚਾਰ ਸਹਿਣ ਦੀ ਸ਼ਕਤੀ ਖਤਮ ਹੋ ਗਈ ਹੈ?'



### ਸਹਿਣਸ਼ੀਲਤਾ ਤੇ ਆਪਸੀ ਸਤਿਕਾਰ ਜ਼ਰੂਰੀ: ਰਾਜਨ

**ਨਵੀਂ ਦਿੱਲੀ:** ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਉਤੇ ਚੱਲ ਰਹੀ ਬਹਿਸ ਨੂੰ ਅੱਗੇ ਤੋਰਦਿਆਂ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਕਿ ਨਵੇਂ ਵਿਚਾਰਾਂ ਲਈ ਸਾਜ਼ਗਾਰ ਮਾਹੌਲ ਬਣਾਉਣ ਲਈ ਸਹਿਣਸ਼ੀਲਤਾ ਤੇ ਆਪਸੀ ਸਤਿਕਾਰ ਬਹੁਤ ਜ਼ਰੂਰੀ ਹੈ ਤੇ ਕਿਸੇ ਵੀ ਵਿਸ਼ੇਸ਼ ਸਮੁਦਾਇ ਉਤੇ ਸਰੀਰਕ ਜਾਂ ਸ਼ਾਬਦਿਕ ਹਮਲਾ ਕਰਨ ਦੀ ਆਗਿਆ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਭਾਰਤ ਦੀ ਵਾਦ ਵਿਵਾਦ ਦੀ ਪਰੰਪਰਾ ਤੇ ਸਵਾਲ ਕਰਨ ਦੀ ਆਜ਼ਾਦ ਭਾਵਨਾ ਆਰਥਿਕ ਵਿਕਾਸ ਲਈ ਮਹੱਤਵਪੂਰਨ ਹੈ।



### ਘੱਟ ਗਿਣਤੀਆਂ ਦੇ ਮਨ 'ਚ ਭੈਅ: ਨਾਰਾਇਣ ਮੂਰਤੀ

**ਨਵੀਂ ਦਿੱਲੀ:** ਇਨਫੋਸਿਸ ਦੇ ਬਾਨੀ ਐਨ.ਆਰ. ਨਾਰਾਇਣ ਮੂਰਤੀ ਅਸਹਿਣਸ਼ੀਲਤਾ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਪਹਿਲੇ ਕਾਰੋਬਾਰੀ ਆਗੂ ਹਨ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੇ ਮਨ ਵਿਚ ਡਰ ਬੈਠ ਗਿਆ ਹੈ ਤੇ ਸਰਕਾਰ ਨੂੰ ਉਨ੍ਹਾਂ ਦਾ ਵਿਸ਼ਵਾਸ ਬਹਾਲ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਇਕ ਟੀ.ਵੀ. ਚੈਨਲ ਨਾਲ ਗੱਲਬਾਤ ਦੌਰਾਨ ਕਿਹਾ ਕਿ ਦੇਸ਼ ਵਾਸੀਆਂ ਦੇ ਮਨ ਵਿਚ ਵਿਸ਼ਵਾਸ, ਊਰਜਾ, ਉਤਸ਼ਾਹ ਤੇ ਭਰੋਸਾ ਲਿਆਉਣਾ ਇਸ ਸਰਕਾਰ ਜਾਂ ਕਿਸੇ ਵੀ ਹੋਰ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ।




# ਜਨੂੰਨ ਦੀ ਕਾਂਗ ਅੱਗੇ ਚਿੰਤਕ ਵੀ ਡਟ ਕੇ ਖੜੇ ਹੋਣ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਕਰੋੜਾਂ ਸੁਹਿਰਦ ਲੋਕਾਂ ਵਾਂਗ ਆਪਣੇ ਵਤਨ ਬਾਰੇ ਸਾਨੂੰ ਵੀ ਇਹ ਵਿਸ਼ਵਾਸ ਹੈ ਕਿ ਭਾਰਤ ਕਦੀ ਪਾਕਿਸਤਾਨ ਵਰਗਾ ਨਹੀਂ ਬਣ ਸਕਦਾ। ਸਾਡੀ ਦਿਲੀ ਕਾਮਨਾ ਹੈ ਕਿ ਇਹ ਵਿਸ਼ਵਾਸ ਕਾਇਮ ਰਹੇ। ਭਾਰਤ ਦੇ ਲੋਕ ਇਸ ਕਾਮਨਾ ਨੂੰ ਪੱਕੀ ਰੱਖਣ ਲਈ ਬੜਾ ਕੁਝ ਕਰ ਰਹੇ ਹਨ, ਤਾਂ ਕਿ ਭਾਰਤ ਅਨੇਕਤਾ ਵਿਚ ਏਕਤਾ ਦੀ ਸੁਲੱਖਣੀ ਮਿਸਾਲ ਬਣਿਆ ਰਹੇ। ਖਤਰਾ ਫਿਰ ਕਾਇਮ ਹੈ ਕਿ ਇਹ ਦੇਸ਼ ਕੁਰਾਹੇ ਪਾਇਆ ਜਾ ਸਕਦਾ ਹੈ। ਪਿਛਲੇ ਦਿਨਾਂ ਵਿਚ ਭਾਰਤ ਦੇ ਬਹੁਤ ਸਾਰੇ ਨਾਮਵਰ ਲੋਕਾਂ ਨੇ ਇਸ ਕੁਰਾਹੇ ਦੇ ਵਿਰੋਧ ਵਿਚ ਆਪਣੇ ਐਵਾਰਡ ਵਾਪਸ ਕਰ ਦਿੱਤੇ ਤੇ ਕੁਝ ਹੋਰ ਕਰਨ ਵਾਲੇ ਹਨ। ਵਿਰੋਧ ਦਾ ਇੱਕ ਤਰੀਕਾ ਇਹ ਹੈ, ਇੱਕ ਇਸ ਤੋਂ ਅਗਲਾ ਹੈ। ਜਦੋਂ ਇਸ ਵਰਤਾਰੇ ਵਿਚਲੇ ਗਲਤ ਰੁਖ ਦੀ ਉਨ੍ਹਾਂ ਨੂੰ ਸਮਝ ਪੈ ਗਈ ਹੈ, ਫਿਰ ਉਨ੍ਹਾਂ ਨੂੰ ਐਵਾਰਡ ਮੋੜਨ ਦੀ ਥਾਂ ਆਪਣੇ ਲੋਕਾਂ ਨੂੰ ਇਸ ਵਰਤਾਰੇ ਦੇ ਵਿਰੋਧ ਵਿਚ ਜਾਗ੍ਰਿਤ ਕਰਨ ਲਈ ਸਰਗਰਮ ਹੋਣਾ ਚਾਹੀਦਾ ਹੈ। ਇਹ ਕਹਿ ਦੇਣਾ ਕਾਫੀ ਨਹੀਂ ਕਿ ਮੈਂ ਇਸ ਬਾਰੇ ਇੱਕ ਨਵੀਂ ਲਿਖਤ ਲਿਖ ਦਿੱਤੀ ਹੈ।



ਗੋਵਿੰਦ ਪਾਨਸਰੇ

ਦੇਸ਼ ਦੀ ਬਹੁਤ ਵੱਡੀ ਗਿਣਤੀ ਇਹ ਲਿਖਤਾਂ ਪੜ੍ਹਨ ਜੋਗਾ ਵਕਤ ਹੀ ਨਹੀਂ ਕੱਢ ਸਕਦੀ। ਅਗਲੇ ਡੰਗ ਦੀ ਰੋਟੀ ਦੇ ਫਿਕਰ ਵਿਚ ਫਸੇ ਹੋਏ ਉਨ੍ਹਾਂ ਆਮ ਲੋਕਾਂ ਕੋਲ ਖੁਦ ਜਾਣਾ ਪੈਣਾ ਹੈ।


ਗੱਲ ਫਿਰ ਉਥੇ ਖੜੀ ਹੈ ਕਿ ਕੁਝ ਲੋਕ ਕਹਿੰਦੇ ਹਨ ਕਿ ਭਾਰਤ ਹੁਣ ਪਾਕਿਸਤਾਨ ਬਣਨ ਵੱਲ ਵਧੀ ਜਾਂਦਾ ਹੈ ਤੇ ਕੁਝ ਇਸ ਨੂੰ ਭਾਰਤ ਦੀ ਮੌਜੂਦਾ ਸਰਕਾਰ ਦੇ ਵਿਰੋਧ ਦੀ ਮੁਹਿੰਮ ਕਹਿੰਦੇ ਹਨ। ਅਸਲ ਕਹਾਣੀ ਕੀ ਹੈ?

ਪਾਕਿਸਤਾਨ ਇੱਕ ਧਰਮ ਦੀ ਸਰਦਾਰੀ ਲਈ ਬਣਾਇਆ ਗਿਆ ਸੀ। ਹੁਣ ਇਹ ਉਸੇ ਧਰਮ ਦੀਆਂ ਦੋ ਮੁੱਢਲੀਆਂ ਧਾਰਾਵਾਂ ਸੁੰਨੀ ਤੇ ਸ਼ੀਆ ਦੇ ਆਪਸੀ ਭੇੜ ਤੱਕ ਆ ਪੁੱਜਾ ਹੈ। ਮੁਹੰਮਦ ਅਲੀ ਜਿਨਾਹ ਨੇ ਭਾਵੇਂ ਕਿਹਾ ਸੀ ਕਿ ਵੱਖਰਾ ਦੇਸ਼ ਬਣਨ ਪਿੱਛੋਂ ਦੂਸਰੇ ਧਰਮ ਦੇ ਲੋਕਾਂ ਨਾਲ ਕਿਸੇ ਤਰ੍ਹਾਂ ਦੀ ਵਧੀਕੀ ਨਹੀਂ ਹੋਵੇਗੀ, ਪਰ ਥੋੜ੍ਹਾ ਚਿਰ ਪਿੱਛੋਂ ਹਿੰਦੂਆਂ, ਸਿੱਖਾਂ ਤੇ ਈਸਾਈਆਂ ਵਿਰੁੱਧ ਹਮਲੇ ਸ਼ੁਰੂ ਹੋ ਗਏ ਸਨ। ਬੀਤੀ ਸਦੀ ਦਾ ਚੌਥਾ ਹਿੱਸਾ ਲੰਘਣ ਤੱਕ ਪਾਕਿਸਤਾਨ ਵਿਚੋਂ ਇਹ ਸਰਕਾਰੀ ਐਲਾਨ ਜਾਰੀ ਹੋ ਗਿਆ ਕਿ ਕਾਦੀਆਨੀ ਮੁਸਲਮਾਨ ਨੂੰ ਮੁਸਲਿਮ ਨਹੀਂ ਮੰਨਿਆ ਜਾਵੇਗਾ। ਨਾ ਕਿਸੇ ਨੇ ਹਿੰਦੂ, ਸਿੱਖ ਜਾਂ ਈਸਾਈ ਉਤੇ ਹਮਲੇ ਦਾ ਵਿਰੋਧ ਕੀਤਾ ਸੀ, ਨਾ ਈਸਾਈ ਅਤੇ ਕਾਦੀਆਨੀ ਦਾ, ਪਰ ਹੁਣ ਉਸ ਦੇਸ਼ ਅੰਦਰ ਇਸਲਾਮ ਦੇ ਦੋ ਮੁੱਖ ਫਿਰਕਿਆਂ ਵਿਚੋਂ ਸ਼ੀਆ ਵੀ ਉਸੇ ਵਰਤਾਰੇ ਦਾ ਨਿਸ਼ਾਨਾ ਬਣਨ ਲੱਗੇ ਹਨ। ਇਸ ਨਾਲ ਤਰਥੱਲੀ ਮੱਚ ਗਈ ਹੈ। ਪਾਕਿਸਤਾਨ ਨੂੰ ਵੱਖਰਾ ਦੇਸ਼ ਬਣਾਉਣ ਵਾਲਾ ਮੁਹੰਮਦ ਅਲੀ ਜਿਨਾਹ ਆਪ ਸ਼ੀਆ ਮੁਸਲਮਾਨ ਸੀ। ਉਸ ਦੇ ਬਣਾਏ ਦੇਸ਼ ਵਿਚ ਹੁਣ ਉਸੇ ਦੀ ਸ਼ੀਆ ਬਰਾਦਰੀ ਵਾਲੇ ਲੋਕਾਂ ਨੂੰ ਕਤਲ ਕੀਤਾ ਜਾਣ ਲੱਗ ਪਿਆ ਹੈ। ਇਸ ਵਿਚ ਕਾਤਲ ਵੀ ਕਸੂਰਵਾਰ ਹਨ, ਉਹ ਸ਼ੀਆ ਮੁਸਲਮਾਨ ਵੀ ਦੋਸ਼ੀ ਹਨ, ਜਿਹੜੇ ਹਿੰਦੂ, ਸਿੱਖ, ਈਸਾਈ ਤੇ ਫਿਰ ਕਾਦੀਆਨੀਆਂ ਨੂੰ ਕੁੱਟ ਪੈਂਦੀ ਚੁੱਪ ਕਰ ਕੇ ਵੇਖਦੇ ਅਤੇ ਇਹ ਸੋਚਦੇ ਰਹੇ ਕਿ ਇਸ ਨਾਲ ਸਾਡਾ ਕੋਈ ਵਾਸਤਾ ਨਹੀਂ ਹੈ।

ਇਹ ਵਰਤਾਰਾ ਵੀ ਪਾਕਿਸਤਾਨ ਦਾ ਹੈ ਕਿ ਜਿਸ ਨਾਲ ਕੋਈ ਕਿੜ ਕੱਢਣੀ ਹੋਵੇ, ਉਸ ਉਤੇ ਇਹ ਦੋਸ਼ ਥੱਪ ਦਿਉ ਕਿ ਮੇਰੇ ਸਾਹਮਣੇ ਇਸ ਬੰਦੇ ਨੇ ਅੱਲ੍ਹਾ, ਕੁਰਾਨ, ਇਸਲਾਮ ਜਾਂ ਪੈਗੰਬਰ ਦੀ ਸ਼ਾਨ ਦੇ ਖਿਲਾਫ ਕੁਝ ਕਿਹਾ ਸੀ। ਕਿਸੇ ਗਵਾਹ ਦੀ ਲੋੜ ਨਹੀਂ, ਉਹ ਬੰਦਾ ਮਾਰ ਦਿੱਤਾ ਜਾਵੇ ਤਾਂ ਕਾਨੂੰਨ ਉਸ ਨੂੰ ਗਲਤ ਨਹੀਂ ਮੰਨਦਾ। ਕਈ ਕੇਸ ਇਹੋ ਜਿਹੇ ਵਾਪਰ ਚੁੱਕੇ ਹਨ, ਜਿੱਥੇ ਬੰਦਾ ਮਾਰ ਦਿੱਤੇ ਜਾਣ ਪਿੱਛੋਂ ਸਾਬਤ ਹੋ ਗਿਆ ਕਿ ਇਹ ਕੁਫਰ ਉਸ ਬੰਦੇ ਨੇ ਕਦੇ ਵੀ ਨਹੀਂ ਸੀ ਬੋਲਿਆ। ਸੱਚਾਈ ਉਦੋਂ ਸਾਹਮਣੇ ਆਈ, ਜਦੋਂ ਭੜਕੀ ਹੋਈ ਭੀੜ ਉਸ ਬੰਦੇ ਨੂੰ ਕੁੱਟ-ਕੁੱਟ ਕੇ ਮਾਰ ਚੁੱਕੀ ਸੀ। ਪਿੱਛੋਂ ਸਾਹਮਣੇ ਆਏ ਸੱਚ ਦਾ ਕੋਈ ਲਾਭ ਨਹੀਂ ਹੁੰਦਾ, ਮਰ ਗਏ ਕਦੇ ਮੁੜ ਕੇ ਨਹੀਂ ਆਉਂਦੇ।

ਭਾਰਤ ਕਦੇ ਪਾਕਿਸਤਾਨ ਨਹੀਂ ਬਣਨਾ ਚਾਹੀਦਾ, ਪਰ ਇਸ ਦੇ ਉਸ ਰਾਹੇ ਪੈਣ ਵਾਲੇ ਝਉਲੇ ਇਸ ਕਰ ਕੇ ਪੈਂਦੇ ਹਨ ਕਿ ਇਥੇ ਵੀ ਇਹੋ ਕੁਝ ਵਾਪਰਨ ਲੱਗ ਪਿਆ ਹੈ। ਉਤਰ ਪ੍ਰਦੇਸ਼ ਵਿਚ ਦਾਦਰੀ ਨੇੜੇ ਬਿਸਾਹੜਾ ਪਿੰਡ ਵਿਚ ਇਸੇ ਤਰ੍ਹਾਂ ਭੀੜ ਭੜਕਾ ਕੇ ਅਖਲਾਕ ਨਾਂ ਦਾ ਬੰਦਾ ਮਾਰਿਆ ਗਿਆ ਹੈ। ਪਿੱਛੋਂ ਸਾਬਤ ਹੋ ਗਿਆ ਕਿ ਉਸ ਦੇ ਘਰ ਵਿਚ ਗਊ-ਮਾਸ ਨਹੀਂ, ਬੱਕਰੇ ਦਾ ਮਾਸ ਸੀ। ਹੁਣ ਦਿੱਲੀ ਵਿਚ ਇਸ ਦੀ ਝਲਕ ਪੇਸ਼ ਹੋ ਗਈ ਹੈ। ਕੇਰਲਾ ਭਵਨ ਦੇ ਖਿਲਾਫ ਪੁਲਿਸ ਨੂੰ ਇੱਕ ਸ਼ਰਾਰਤੀ ਨੇ ਸੂਚਨਾ ਦੇ ਦਿੱਤੀ ਕਿ ਉਥੇ ਗਊ ਦਾ ਮਾਸ ਕੰਟੀਨ ਵਿਚ ਵਰਤਾਇਆ ਜਾਂਦਾ ਹੈ। ਪੁਲਿਸ ਦੀ ਇੱਕ ਧਾੜ ਖੜੇ ਪੈਰ ਕੇਰਲਾ ਭਵਨ ਜਾ ਵੜੀ। ਕੰਟੀਨ ਚੈਕ ਕੀਤੀ ਤਾਂ ਉਥੇ ਗਊ ਮਾਸ ਨਹੀਂ, ਸਿਰਫ ਮੱਝ ਦਾ ਮਾਸ ਮਿਲਦਾ ਸੀ। ਪੁਲਿਸ ਵਾਪਸ ਆ ਗਈ। ਹੁਣ ਪੁਲਿਸ ਕਹਿੰਦੀ ਹੈ ਕਿ ਅਸੀਂ ਸਿਰਫ ਚੈਕ ਕੀਤਾ ਹੈ ਕਿ ਗਊ ਦਾ ਮਾਸ ਨਾ ਹੋਵੇ, ਪਰ ਗਲਤ ਗੱਲ ਇਹ ਹੈ ਕਿ ਉਸ ਨੇ ਗਊ ਮਾਸ ਬਾਰੇ ਇਹ ਕਾਰਵਾਈ ਬਿਨਾਂ ਕਿਸੇ ਅਧਿਕਾਰ ਤੋਂ ਕੀਤੀ ਹੈ। ਦਿੱਲੀ ਵਿਚ ਗਊ ਮਾਸ ਖਾਣ ਉਤੇ ਪਾਬੰਦੀ ਹੀ ਨਹੀਂ ਹੈ। ਜਿੱਥੇ ਇਹ ਪਾਬੰਦੀ ਨਹੀਂ ਹੈ, ਉਥੇ ਕੋਈ ਕੁਝ ਖਾਂਦਾ ਰਹੇ, ਪੁਲਿਸ ਨੂੰ ਜਾ ਕੇ ਛਾਪਾ ਮਾਰਨ ਦਾ ਹੱਕ ਨਹੀਂ ਸੀ। ਕਾਨੂੰਨ ਨੂੰ ਪੜ੍ਹਨ ਬਿਨਾਂ ਝੂਠੀ ਅਫਵਾਹ ਉਤੇ ਇਸ ਤਰ੍ਹਾਂ ਇੱਕ ਰਾਜ ਸਰਕਾਰ ਦੇ ਕੰਪਲੈਕਸ ਵਿਚ ਜਾ ਕੇ ਛਾਪਾ ਮਾਰਨ ਦਾ ਕੰਮ ਉਦਾਂ ਦਾ ਹੈ, ਜਿਵੇਂ ਪਾਕਿਸਤਾਨ ਵਿਚ ਕੁਫਰ ਦੀ ਅਫਵਾਹ ਫੈਲਾ ਕੇ ਬੰਦਾ ਮਾਰ ਦੇਣ ਵਾਲਾ ਕੰਮ। ਨੱਕ ਬਚਾਉਣ ਲਈ ਪੁਲਿਸ ਨੇ ਹਿੰਦੂ ਸੈਨਾ ਵਾਲੇ ਵਿਸ਼ਣੂ ਗੁਪਤਾ ਦੇ ਖਿਲਾਫ ਕੇਸ ਦਰਜ ਕੀਤਾ ਹੈ, ਪਰ ਕੇਸ ਪੁਲਿਸ ਵਾਲਿਆਂ ਦੇ ਖਿਲਾਫ ਵੀ ਦਰਜ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਇਹ ਗੈਰ ਕਾਨੂੰਨੀ ਹਰਕਤ ਕੀਤੀ ਅਤੇ ਕੇਂਦਰ ਨਾਲ ਰਾਜ ਦੇ ਸਬੰਧਾਂ ਵਿਚ ਕੌੜ ਵਧਾਈ ਹੈ।

ਥੋੜ੍ਹਾ ਸਮਾਂ ਰੁਕ ਜਾਓ, ਪਾਕਿਸਤਾਨ ਵਰਗੀ ਜ਼ਿਹਨੀਅਤ ਇਥੋਂ ਤੱਕ ਜਾਣ ਵਾਲੀ ਹੈ ਕਿ



ਸੁਧੇਂਦਰ ਕੁਲਕਰਨੀ

ਸਰਕਾਰ ਦੇ ਖਿਲਾਫ ਜਿਹੜੇ ਲੋਕ ਕੁਝ ਗੱਲਾਂ ਲਈ ਨੁਕਤਾਚੀਨੀ ਦਾ ਲਫਜ਼ ਬੋਲਣਗੇ ਜਾਂ ਲਿਖ ਬੈਠਣਗੇ, ਉਨ੍ਹਾਂ ਵਿਰੁੱਧ ਦੇਸ਼ ਨਾਲ ਧਰੋਹ ਦਾ, ਆਪਣੇ ਦੇਸ਼ ਨਾਲ ਗੱਦਾਰੀ ਦਾ, ਕੇਸ ਦਰਜ ਹੋਣ ਲੱਗ ਪਵੇਗਾ। ਪਿਛਲੇ ਦਿਨੀਂ ਮਹਾਰਾਸ਼ਟਰ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਵਾਪਸ ਲਿਆ ਹੈ, ਜਿਹੜਾ ਇਸ ਮਕਸਦ ਲਈ ਜਾਰੀ ਕੀਤਾ ਗਿਆ ਸੀ ਕਿ ਜਿਸ ਵਿਅਕਤੀ ਨੇ ਸਰਕਾਰ ਦੇ ਕਿਸੇ ਵੀ ਪ੍ਰਤੀਨਿਧ ਦੀ ਕੋਈ ਨੁਕਤਾਚੀਨੀ ਕੀਤੀ, ਉਸ ਦੇ ਖਿਲਾਫ ਦੇਸ਼ ਧਰੋਹ ਦਾ ਕੇਸ ਦਰਜ ਹੋਵੇਗਾ। ਐਮਰਜੈਂਸੀ ਦੇ ਵਿਰੋਧ ਦਾ ਝੰਡਾ ਚੁੱਕਣ ਦਾ ਦਾਅਵਾ ਕਰਨ ਵਾਲੇ ਭਾਜਪਾ ਆਗੂਆਂ ਨੇ ਇਹ ਨਵਾਂ ਰਾਹ ਫੜ ਲਿਆ ਹੈ। ਹਰ ਪਾਸੇ ਵਿਰੋਧ ਹੋਇਆ ਵੇਖ ਕੇ ਉਸ ਰਾਜ ਦੀ ਸਰਕਾਰ ਨੇ ਹਾਈ ਕੋਰਟ ਜਾ ਕੇ ਕਹਿ ਦਿੱਤਾ ਕਿ ਨੋਟੀਫਿਕੇਸ਼ਨ ਲਾਗੂ ਨਹੀਂ ਹੋਵੇਗਾ। ਹੁਣ ਨੋਟੀਫਿਕੇਸ਼ਨ ਤਾਂ ਲਾਗੂ ਨਹੀਂ ਹੋਵੇਗਾ, ਪਰ ਮਾਨਸਿਕਤਾ ਨਹੀਂ ਬਦਲ ਜਾਣੀ।

ਇਹ ਮਾਨਸਿਕਤਾ ਸਿਰਫ ਭਾਰਤ ਵਿਚ ਹੀ ਨਹੀਂ ਮਹਿਸੂਸ ਕੀਤੀ ਜਾ ਰਹੀ, ਸਾਰੇ ਸੰਸਾਰ ਵਿਚ ਇਸ ਜਨੂੰਨੀ ਮਾਨਸਿਕਤਾ ਦਾ 'ਡੰਕਾ ਵੱਜ ਰਿਹਾ' ਸੁਣ ਸਕਦੇ ਹਾਂ। ਪ੍ਰਧਾਨ ਮੰਤਰੀ ਦੇ ਵਾਰ-ਵਾਰ ਕੀਤੇ ਗਏ ਵਿਦੇਸ਼ ਫੇਰਿਆਂ ਨਾਲ ਵੀ ਵਿਦੇਸ਼ ਤੋਂ ਇਥੇ ਕਿਸੇ ਨੇ 'ਮੇਕ ਇਨ ਇੰਡੀਆ' ਲਈ ਪੂੰਜੀ ਇਸ ਕਰ ਕੇ ਨਹੀਂ ਲਾਈ ਕਿ ਕੱਲ੍ਹ ਨੂੰ ਭੀੜ ਭੜਕਾ ਕੇ ਉਨ੍ਹਾਂ ਦੇ ਗ਼ਲ ਪਾ ਦਿੱਤੀ ਜਾਵੇਗੀ ਕਿ ਉਹ ਗਊ-ਮਾਸ ਖਾਂਦੇ ਹਨ, ਉਨ੍ਹਾਂ ਨੂੰ ਇਹ ਡਰ ਹੈ। ਪਹਿਲਾਂ ਇਸ ਗੱਲ ਨੂੰ ਵਿਰੋਧੀਆਂ ਦਾ ਨਰਿੰਦਰ ਮੋਦੀ ਦੇ ਖਿਲਾਫ ਬਣੀ-ਬਣਾਈ ਧਾਰਨਾ ਦਾ ਪ੍ਰਚਾਰ ਕਹਿ ਕੇ ਟਾਲਿਆ ਜਾਂਦਾ ਸੀ, ਪਰ ਜਦੋਂ ਸੰਸਾਰ ਪ੍ਰਸਿੱਧ ਅਦਾਰੇ 'ਮੂਡੀਜ਼' ਨੇ ਵੀ ਚਿਤਾਵਨੀ ਭੇਜ ਦਿੱਤੀ ਹੈ ਤਾਂ ਇਸ ਬਾਰੇ ਸੋਚਣਾ ਪਵੇਗਾ। ਕੋਈ ਚਿਤਾਵਨੀ ਕਿਸੇ ਵੀ ਪੱਖ ਤੋਂ ਜਦੋਂ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਮੂਡੀਜ਼ ਦਾ ਅਦਾਰਾ ਜਾਰੀ ਕਰਦਾ ਸੀ, ਭਾਜਪਾ ਦੇ ਆਗੂ ਉਸ ਦੀ ਬੀਨ ਉਤੇ ਨੱਚਦੇ ਦਿਖਾਈ ਦੇਂਦੇ ਸਨ। ਹੁਣ ਖੁਦ ਉਨ੍ਹਾਂ ਬਾਰੇ ਚਿਤਾਵਨੀ ਆਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਦਾ ਪ੍ਰਧਾਨ ਮੰਤਰੀ ਆਪਣੀ ਪਾਰਟੀ ਤੇ ਇਸ ਨਾਲ ਜੁੜੇ ਹੋਏ ਸੰਗਠਨਾਂ ਦੀ ਨਕੇਲ ਕੱਸੇ, ਵਰਨਾ ਭਾਰਤ ਦੀ ਸਾਖ ਡਿੱਗ ਜਾਵੇਗੀ ਅਤੇ ਇਸ ਦੇ ਵਿਕਾਸ ਦੀਆਂ ਸੰਭਾਵਨਾਵਾਂ ਉਤੇ ਅਸਰ ਪਵੇਗਾ। ਏਦਾਂ ਦੀ ਚਿਤਾਵਨੀ ਮੂਡੀਜ਼ ਵੱਲੋਂ ਕਿਸੇ ਦੇਸ਼ ਬਾਰੇ ਆਮ ਕਰਕੇ ਉਦੋਂ ਹੀ ਜਾਰੀ ਹੁੰਦੀ ਹੈ, ਜਦੋਂ ਪਾਣੀ ਸਿਰਾਂ ਉਤੋਂ ਲੰਘ ਗਿਆ ਜਾਪਦਾ ਹੈ। ਹੁਣ 'ਸੰਸਾਰ ਵਿਚ ਡੰਕਾ ਵੱਜ ਰਿਹਾ' ਦੱਸਣ ਵਾਲਿਆਂ ਨੂੰ ਇਸ ਡੰਕੇ ਦਾ ਜਵਾਬ ਦੇਣਾ ਔਖਾ ਹੋ ਗਿਆ ਹੈ।

ਭਾਜਪਾ ਦੇ ਆਪਣੇ ਕੁਝ ਆਗੂ ਵੀ ਇਸ ਜਨੂੰਨ ਦਾ ਸ਼ਿਕਾਰ ਹੋ ਰਹੇ ਹਨ। ਸੁਧੇਂਦਰ ਕੁਲਕਰਨੀ ਦੇ ਮੂੰਹ ਉਤੇ ਕਾਲਾ ਰੰਗ ਫੇਰ ਦਿੱਤਾ ਗਿਆ ਹੈ। ਇਹੋ ਕੁਲਕਰਨੀ ਕਿਸੇ ਵੇਲੇ ਅਟਲ ਬਿਹਾਰੀ ਵਾਜਪਾਈ ਦਾ ਚੇਲਾ ਹੁੰਦਾ ਸੀ। ਕਈ ਲੋਕ ਇਹ ਕਹਿ ਦੇਂਦੇ ਹਨ ਕਿ ਵਾਜਪਾਈ ਬੜਾ ਮਾਡਰੇਟ ਸੀ। ਅਸੀਂ ਇਸ ਦਾ ਖੰਡਨ ਨਹੀਂ ਕਰਦੇ, ਪਰ ਇਹ ਕਹਾਂਗੇ ਕਿ ਲੋੜ ਜੋਗਾ ਮਾਡਰੇਟ ਰਹਿ ਕੇ ਲੋੜ ਜੋਗਾ ਜਨੂੰਨ ਵੀ ਭੜਕਾ ਲੈਂਦਾ ਸੀ। ਇੱਕ ਵਕਤ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਨਾਲ ਕਿਸੇ ਵੀ ਛੇੜ-ਛਾੜ ਦੇ ਵਿਰੁੱਧ ਹੁਕਮ ਜਾਰੀ ਕੀਤਾ ਸੀ। ਉਦੋਂ ਤੱਕ ਮਸਜਿਦ ਨੂੰ ਢਾਹੁਣ ਲਈ ਭੀੜ ਉਸ ਪਾਸੇ ਤੁਰ ਚੁੱਕੀ ਸੀ। ਭੀੜ ਦੀ ਅਗਵਾਈ ਲਾਲ ਕ੍ਰਿਸ਼ਨ ਅਡਵਾਨੀ ਕਰ ਰਿਹਾ ਸੀ। ਇਸ ਤੋਂ ਇੱਕ ਦਿਨ ਪਹਿਲਾਂ ਲਖਨਊ ਵਿਚ ਇੱਕ ਵੱਡੀ ਰੈਲੀ ਵਿਚ ਇਹ ਭਾਸ਼ਣ ਵਾਜਪਾਈ ਨੇ ਕੀਤਾ ਸੀ ਕਿ ਸੁਪਰੀਮ ਕੋਰਟ ਦਾ ਹੁਕਮ ਹੋਇਆ ਹੈ ਕਿ ਕੋਈ ਕਾਰ ਸੇਵਾ ਨਹੀਂ ਕੀਤੀ ਜਾਵੇਗੀ, ਪਰ ਜਦੋਂ ਉਥੇ ਲੱਖਾਂ ਲੋਕਾਂ ਦੀ ਭੀੜ ਨੇ ਜਾ ਕੇ ਬਹਿਣਾ ਹੈ ਤਾਂ ਜ਼ਮੀਨ ਪੱਧਰੀ ਕਰਨੀ ਪਵੇਗੀ, ਕੁਝ 'ਨੋਕੀਲੇ ਪੱਥਰ' ਤੋੜਨੇ ਪੈਣਗੇ। ਵਾਜਪਾਈ



ਦਾਬੋਲਕਰ

ਦੇ 'ਨੋਕੀਲੇ ਪੱਥਰ' ਦਾ ਅਰਥ ਮਸਜਿਦ ਦੇ ਗੁੰਬਦ ਸੀ, ਜਿਹੜੇ ਅਗਲੇ ਦਿਨ ਢਾਹ ਦਿੱਤੇ ਗਏ ਤੇ 'ਮਾਡਰੇਟ ਵਾਜਪਾਈ' ਖੁਦ ਦਿੱਲੀ ਜਾ ਬੈਠਾ ਸੀ।

ਫਿਰ ਜਦੋਂ ਵਾਜਪਾਈ ਤੋਂ ਲਾਲ ਕ੍ਰਿਸ਼ਨ ਅਡਵਾਨੀ ਭਾਰੂ ਹੁੰਦਾ ਜਾਪਿਆ ਤਾਂ ਇਹੋ ਸੁਧੇਂਦਰ ਕੁਲਕਰਨੀ ਪਾਸਾ ਬਦਲ ਕੇ ਅਡਵਾਨੀ ਦਾ ਚਾਟੜਾ ਬਣ ਗਿਆ। ਹਰ ਉਸ ਮੋੜ ਉਤੇ ਉਹ ਅਡਵਾਨੀ ਦੇ ਨਾਲ ਖੜਾ ਸੀ, ਜਿੱਥੋਂ ਜਨੂੰਨੀ ਦਾਅ-ਪੇਚ ਖੇਡੇ ਜਾਂਦੇ ਸਨ। ਹੁਣ ਸੁਧੇਂਦਰ ਆਪ ਉਸੇ ਜਨੂੰਨ ਦੇ ਜਲਵੇ ਦਾ ਖਮਿਆਜ਼ਾ ਭੁਗਤ ਚੁੱਕਾ ਹੈ। ਇਸ ਵਿਚੋਂ ਇੱਕ ਵੱਡਾ ਸਬਕ ਉਨ੍ਹਾਂ ਲੋਕਾਂ ਵਾਸਤੇ ਨਿਕਲਦਾ ਹੈ, ਜਿਹੜੇ ਨਿੱਤ ਨਵੇਂ ਜਨੂੰਨ ਦੇ ਤਜਰਬੇ ਕਰਦੇ ਪਏ ਹਨ। ਭਾਜਪਾ ਦੇ ਵੱਖਰੀ ਪਾਰਟੀ ਬਣਨ ਮਗਰੋਂ ਜਨੂੰਨ ਦੇ ਰੱਥ ਲੈ ਕੇ ਚੱਲਣ ਦੀ ਪਿਰਤ ਲਾਲ ਕ੍ਰਿਸ਼ਨ ਅਡਵਾਨੀ ਨੇ ਪਾਈ ਸੀ। ਉਸ ਦੇ ਪਿੱਛੋਂ ਇੱਕ 'ਏਕਾਤਮਤਾ ਯਾਤਰਾ' ਲੈ ਕੇ ਸ੍ਰੀਨਗਰ ਨੂੰ ਪਾਰਟੀ ਪ੍ਰਧਾਨ ਵਜੋਂ ਮੁਰਲੀ ਮਨੋਹਰ ਜੋਸ਼ੀ ਗਿਆ ਸੀ। ਬਾਅਦ ਵਿਚ ਅਡਵਾਨੀ ਅਤੇ ਜੋਸ਼ੀ ਦੋਵੇਂ ਜਣੇ ਮਾਡਰੇਟ ਹੋਣ ਦਾ ਝੰਡਾ ਚੁੱਕਣ ਤੁਰ ਪਏ, ਪਰ ਜਿਸ ਜਨੂੰਨ ਦਾ ਰਾਹ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਵਿਖਾ ਦਿੱਤਾ ਸੀ, ਚੇਲੇ ਉਸੇ ਰਾਹ ਉਤੇ ਤੁਰੇ ਜਾਂਦੇ ਹਨ। ਅਡਵਾਨੀ ਤੇ ਜੋਸ਼ੀ ਹੁਣ ਦੋਵੇਂ ਜਣੇ ਗੁੱਠੇ ਲੱਗੇ ਪਏ ਹਨ। ਇਸਲਾਮ ਦੇ ਨਾਂ ਉਤੇ ਪਾਕਿਸਤਾਨ ਬਣਾਉਣ ਵਾਲੇ ਸ਼ੀਆ ਮੁਸਲਮਾਨ ਮੁਹੰਮਦ ਅਲੀ ਜਿਨਾਹ ਦਾ ਸ਼ੀਆ ਭਾਈਚਾਰਾ ਇਸ ਵੇਲੇ ਪਾਕਿਸਤਾਨ ਵਿਚ ਕੁੱਟ ਖਾ ਰਿਹਾ ਹੈ। ਭਾਰਤ ਵਿਚ ਜਨੂੰਨ ਦੇ ਰਾਹ ਜਿਹੜੇ ਵਾਜਪਾਈ, ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਨੇ ਭੀੜ ਤੋਰੀ ਸੀ, ਉਨ੍ਹਾਂ ਦੀ ਚਾਲੀ ਸਾਲ ਸੇਵਾ ਕਰ ਚੁੱਕਾ ਸੁਧੇਂਦਰ ਕੁਲਕਰਨੀ ਹੁਣ ਉਸੇ ਜਨੂੰਨ ਦੇ ਕਾਲੇ ਰੰਗ ਦਾ ਰੰਗਿਆ ਮੂੰਹ ਲੈ ਕੇ ਪ੍ਰੈਸ ਮੂਹਰੇ ਬੈਠਾ ਦਿਖਾਈ ਦੇਂਦਾ ਹੈ। ਅਡਵਾਨੀ ਦੇ ਚੇਲਿਆਂ ਨੂੰ ਜਦੋਂ ਜਨੂੰਨ ਦੇ ਝੰਡਾ ਬਰਦਾਰਾਂ ਨੇ ਨਹੀਂ ਬਖਸ਼ਿਆ ਤਾਂ ਜਿਹੜੇ ਲੋਕ ਅੱਜ ਉਸੇ ਤਰ੍ਹਾਂ ਜਨੂੰਨ ਭੜਕਾ ਕੇ ਰਾਜਨੀਤੀ ਕਰਨਾ ਚਾਹੁੰਦੇ ਹਨ, ਕਿਸੇ ਦਿਨ ਇਹੋ ਕੁਝ ਉਨ੍ਹਾਂ ਨੂੰ ਵੀ ਭੁਗਤਣਾ ਪੈ ਸਕਦਾ ਹੈ।

ਅਸੀਂ ਫਿਰ ਯਕੀਨ ਨਾਲ ਕਹਿਣਾ ਚਾਹੁੰਦੇ ਹਾਂ ਕਿ ਭਾਰਤ ਕਦੇ ਪਾਕਿਸਤਾਨ ਨਹੀਂ ਬਣ ਸਕਦਾ, ਪਰ ਇਸ ਨੂੰ ਉਸ ਪਾਸੇ ਵੱਲ ਜਾਣ ਤੋਂ ਰੋਕਣ ਲਈ ਨੇਕ ਸੋਚ ਵਾਲੇ ਲੋਕਾਂ ਨੂੰ ਆਪਣਾ ਫਰਜ਼ ਨਿਭਾਉਣਾ ਹੋਵੇਗਾ। ਅੱਗੇ ਡੱਕਾ ਲਾਏ ਬਿਨਾਂ ਵਹਿਣ ਨਹੀਂ ਰੋਕੇ ਜਾ ਸਕਦੇ। ਪਿੰਡਾਂ ਦੇ ਲੋਕਾਂ ਨੂੰ ਪਤਾ ਹੈ ਕਿ ਵਹਿਣ ਵੱਡਾ ਹੋਵੇ ਤਾਂ ਪਹਿਲਾਂ ਉਸ ਅੱਗੇ ਕੋਈ ਬੰਦਾ ਆਪ ਲੇਟਦਾ ਹੈ ਤੇ ਬਾਕੀ ਮਿੱਟੀ ਪਾਉਂਦੇ ਹਨ, ਵਰਨਾ ਮਿੱਟੀ ਨਾਲੋ-ਨਾਲ ਰੁੜ੍ਹੀ ਜਾਂਦੀ ਅਤੇ ਬੰਨ੍ਹ ਮਾਰਨਾ ਔਖਾ ਹੁੰਦਾ ਹੈ। ਇਸ ਵਾਰ ਜਨੂੰਨ ਦੀ ਕਾਂਗ ਵੱਡੀ ਹੈ। ਗੱਲ ਸਿਰਫ ਐਵਾਰਡ ਵਾਪਸੀਆਂ ਨਾਲ ਬਣਨ ਵਾਲੀ ਨਹੀਂ, ਕੁਝ ਲੋਕਾਂ ਨੂੰ ਇਸ ਦਾ ਸੇਕ ਸਹਾਰਨ ਲਈ ਆਪਣਾ ਪਿੰਡਾ ਅੱਗੇ ਕਰਨਾ ਪੈ ਸਕਦਾ ਹੈ। ਦਾਬੋਲਕਰ, ਪਾਂਸਰੇ, ਕੁਲਬਰਗੀ ਨਾਲ ਵਾਪਰੇ ਕਹਿਰ ਦੇ ਬਾਅਦ ਚਿੰਤਕਾਂ ਦੀ ਚੁੱਪ ਟੁੱਟਣ ਲੱਗੀ ਹੈ। ਤਰੀਕਾ ਕੋਈ ਵਰਤਿਆ ਹੋਵੇ, ਚੁੱਪ ਤਾਂ ਟੁੱਟੀ ਹੈ, ਸਾਨੂੰ ਉਨ੍ਹਾਂ ਦੇ ਨਾਲ ਖੜੋਣਾ ਪਵੇਗਾ, ਜਿਨ੍ਹਾਂ ਨੇ ਚੁੱਪ ਤੋੜਨ ਦੀ ਜੁਰਅੱਤ ਕੀਤੀ ਹੈ। ਸ਼ੁਕਰ ਹੈ ਕਿ ਚੁੱਪ ਟੁੱਟੀ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 7 ਨਵੰਬਰ 2015*

## ਮੋਦੀ ਦੀ ਖਾਮੋਸ਼ੀ, ਮੂਡੀ ਦੇ ਬੋਲ

ਸੰਸਾਰ ਦੀ ਪ੍ਰਸਿੱਧ ਕਰੈਡਿਟ ਰੇਟਿੰਗ ਏਜੰਸੀ ਮੂਡੀਜ਼ ਕਾਰਪੋਰੇਸ਼ਨ ਜੋ ਆਮ ਕਰ ਕੇ ਮੂਡੀਜ਼ ਵਜੋਂ ਜਾਣੀ ਜਾਂਦੀ ਹੈ, ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੱਚ ਉਜਾਗਰ ਕਰ ਦਿੱਤਾ ਹੈ। ਅਸਹਿਣਸ਼ੀਲਤਾ, ਕੱਟੜਤਾ ਅਤੇ ਹੋਰ ਅਹਿਮ ਮੁੱਦਿਆਂ ਬਾਰੇ ਖਾਮੋਸ਼ ਚਲੇ ਆ ਰਹੇ ਮੋਦੀ ਨੂੰ ਇਸ ਰੇਟਿੰਗ ਏਜੰਸੀ ਨੇ ਸਾਫ ਸਾਫ ਸ਼ਬਦਾਂ ਵਿਚ ਸਲਾਹ ਦਿੱਤੀ ਹੈ ਕਿ ਉਹ ਅਸਹਿਣਸ਼ੀਲਤਾ ਬਾਰੇ ਬੇਮੁਹਾਰ ਹੋਏ ਆਪਣੀ ਪਾਰਟੀ ਦੇ ਆਗੂਆਂ ਨੂੰ ਨੱਥ ਪਾਵੇ, ਨਹੀਂ ਤਾਂ ਦੇਸ-ਪਰਦੇਸ ਵਿਚ ਭਰੋਸਾ ਅਤੇ ਭੱਲ ਤਾਰ ਤਾਰ ਹੋ ਜਾਣਗੇ। ਅਸਲ ਵਿਚ ਅਸਹਿਣਸ਼ੀਲਤਾ ਖਿਲਾਫ ਲੇਖਕਾਂ ਵੱਲੋਂ ਬੁਲੰਦ ਕੀਤੀ ਆਵਾਜ਼ ਹੁਣ ਇਸ ਕਦਰ ਬੁਲੰਦ ਹੋ ਗਈ ਹੈ ਕਿ ਇਸ ਨੂੰ ਦਰਕਿਨਾਰ ਕਰਨਾ ਸਰਕਾਰ ਲਈ ਔਖਾ ਹੋ ਗਿਆ ਹੈ। ਸਰਕਾਰ, ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਭਾਵੇਂ ਇਸ ਮੁਹਿੰਮ ਨੂੰ 'ਨਕਲੀ' ਆਖ ਕੇ ਰੱਦ ਕਰਨ ਦਾ ਅਜੇ ਵੀ ਯਤਨ ਕਰ ਰਹੇ ਹਨ, ਪਰ ਇਹ ਗੱਲ ਹੁਣ ਸਪਸ਼ਟ ਹੋ ਗਈ ਹੈ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ 'ਮੋਦੀ ਮੁਹਿੰਮ' ਦੀ ਇਕ ਵਾਰ ਤਾਂ ਫੂਕ ਨਿਕਲ ਗਈ ਹੈ। ਉਂਜ ਵੀ ਮੂਡੀਜ਼ ਸੰਸਾਰ ਦੀਆਂ ਤਿੰਨ ਅਹਿਮ ਰੇਟਿੰਗ ਏਜੰਸੀਆਂ ਵਿਚੋਂ ਇਕ ਹੈ ਜਿਸ ਦੀਆਂ ਟਿੱਪਣੀਆਂ ਨੂੰ ਸੁੱਟ ਪਾਉਣਾ ਅਸੰਭਵ ਹੈ। ਹੁਣ ਤੱਕ ਪ੍ਰਧਾਨ ਮੰਤਰੀ ਨੇ ਦੇਸ-ਪਰਦੇਸ ਵਿਚ ਜੋ ਵੀ ਭਾਸ਼ਣ ਦਿੱਤੇ ਹਨ, ਉਨ੍ਹਾਂ ਨੇ ਆਪਣਾ ਮੁੱਖ ਏਜੰਡਾ, ਵਿਕਾਸ ਹੀ ਦੱਸਿਆ ਅਤੇ ਪ੍ਰਚਾਰਿਆ ਹੈ, ਪਰ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦੀ ਸਰਕਾਰ ਬਣੀ ਹੈ, ਮੁਲਕ ਵਿਚ ਫਿਰਕੂ ਤਣਾਅ ਲਗਾਤਾਰ ਵਧਿਆ ਹੈ। ਵਧ ਰਹੀ ਇਸ ਅਸਹਿਣਸ਼ੀਲਤਾ ਖਿਲਾਫ ਸਭ ਤੋਂ ਪਹਿਲਾਂ ਲੇਖਕਾਂ ਨੇ ਆਪਣਾ ਰੋਹ ਜ਼ਾਹਿਰ ਕੀਤਾ ਅਤੇ ਇਨਾਮ ਵਾਪਸ ਕਰਨੇ ਅਰੰਭ ਕਰ ਦਿੱਤੇ। ਬਾਅਦ ਵਿਚ ਇਸ ਕਾਫਲੇ ਵਿਚ ਚਿੱਤਰਕਾਰ, ਫਿਲਮਸਾਜ਼, ਇਤਿਹਾਸਕਾਰ, ਵਿਗਿਆਨੀ, ਅਰਥ ਸ਼ਾਸਤਰੀ ਅਤੇ ਹੋਰ ਤਬਕਿਆਂ ਦੇ ਲੋਕ ਵੀ ਆਣ ਜੁੜੇ। ਪਹਿਲਾਂ-ਪਹਿਲ ਸਰਕਾਰ ਨੇ ਇਹੀ ਪੈਂਤੜਾ ਮੱਲਿਆ ਕਿ ਇਹ ਮੁਹਿੰਮ ਭਾਜਪਾ ਵਿਰੋਧੀ ਅਨਸਰਾਂ ਵੱਲੋਂ ਚਲਾਈ ਜਾ ਰਹੀ ਹੈ, ਪਰ ਹੁਣ ਜਦੋਂ ਮੂਡੀਜ਼ ਅਤੇ ਇਨਫੋਸਿਸ ਦੇ ਮੋਢੀ ਕਾਰੋਬਾਰੀ ਨਰਾਇਣ ਮੂਰਤੀ ਵਰਗਿਆਂ ਨੇ ਵੀ ਅਸਹਿਣਸ਼ੀਲਤਾ ਦਾ ਮੁੱਦਾ ਉਠਾਇਆ ਹੈ ਤਾਂ ਸਰਕਾਰ ਅਤੇ ਭਾਜਪਾ ਕੋਲ ਇਸ ਦਾ ਕੋਈ ਜਵਾਬ ਨਹੀਂ ਰਿਹਾ। ਯੂ.ਪੀ.ਏ. ਸਰਕਾਰ ਵੇਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਤੇ ਮੌਨ ਧਾਰਨ ਦਾ ਦੋਸ਼ ਲਾਉਣ ਵਾਲੇ ਨਰੇਂਦਰ ਮੋਦੀ ਖੁਦ ਮੌਨ ਧਾਰ ਗਏ। ਹੁਣ ਤਾਂ ਭਾਜਪਾ ਨਾਲ ਸਬੰਧਤ ਰਹੇ ਚੋਟੀ ਦੇ ਪੱਤਰਕਾਰ ਅਤੇ ਵਾਜਪਾਈ ਸਰਕਾਰ ਵਿਚ ਮੰਤਰੀ ਰਹੇ ਅਰੁਣ ਸ਼ੋਰੀ ਨੇ ਵੀ ਕਹਿ ਸੁਣਾਇਆ ਕਿ ਪ੍ਰਧਾਨ ਮੰਤਰੀ ਬਿਹਾਰ ਚੋਣਾਂ ਜਿੱਤਣ ਖਾਤਰ ਹੀ ਖਾਮੋਸ਼ ਹੋਏ ਬੈਠੇ ਹਨ। ਉਨ੍ਹਾਂ ਮਿਹਣਾ ਮਾਰਿਆ ਹੈ ਕਿ ਟਵਿੱਟਰ ਉਤੇ ਨਿੱਤ ਟਿੱਪਣੀਆਂ ਕਰਨ ਵਾਲੇ ਪ੍ਰਧਾਨ ਮੰਤਰੀ, ਅਹਿਮ ਮੁੱਦਿਆਂ ਦੀ ਵਾਰੀ ਆਖਰਕਾਰ ਖਾਮੋਸ਼ ਕਿਉਂ ਹੋ ਗਏ? ਦੂਜੇ ਬੰਨੇ ਉਨ੍ਹਾਂ ਦੇ ਸਾਥੀਆਂ ਦੀ ਜ਼ੁਬਾਨ ਨਿੱਤ ਦਿਨ ਚੱਲ ਰਹੀ ਹੈ ਜਿਹੜੀ ਮੁਲਕ ਵਿਚ ਫਿਰਕੂ ਪਾੜਾ ਵਧਾ ਰਹੀ ਹੈ।

ਅਸਲ 'ਚ ਜਦੋਂ ਤੋਂ ਮੁਲਕ ਦੀ ਵਾਗਡੋਰ ਆਰ.ਐਸ.ਐਸ. ਦੇ ਸਿਆਸੀ ਵਿੰਗ ਭਾਜਪਾ ਦੇ ਹੱਥ ਆਈ ਹੈ, ਦੇਸ 'ਚ ਫਿਰਕੂ ਆਧਾਰ 'ਤੇ ਪਾਲਾਬੰਦੀ ਕੀਤੀ ਜਾ ਰਹੀ ਹੈ। ਸਰਕਾਰ ਨੇ 2011 ਵਾਲੀ ਮਰਦਮਸ਼ੁਮਾਰੀ ਨਾਲ ਸਬੰਧਤ ਅੰਕੜਿਆਂ 'ਚੋਂ ਧਰਮ ਨਾਲ ਸਬੰਧਤ ਅੰਕੜੇ ਕੱਢ ਕੇ ਐਵੇਂ ਹੀ ਨਹੀਂ ਸਨ ਨਸ਼ਰ ਕੀਤੇ! ਸਰਕਾਰ ਨੂੰ ਖਬਰ ਸੀ ਕਿ ਇਨ੍ਹਾਂ ਅੰਕੜਿਆਂ ਮੁਤਾਬਕ ਹਿੰਦੂਆਂ ਦੀ ਦਰ ਮਾਮੂਲੀ ਜਿਹੀ ਘਟੀ ਹੈ, ਇਸ ਲਈ ਇਸ ਨੂੰ ਮੁਸਲਮਾਨਾਂ ਦੀ ਵਧ ਰਹੀ ਗਿਣਤੀ ਨਾਲ ਜੋੜ ਕੇ ਪੇਸ਼ ਕੀਤਾ ਗਿਆ। ਉਦੋਂ ਸੰਘ ਦੀ ਇਸ ਸੌੜੀ ਸਿਆਸਤ ਵਿਚ ਆਪਣਾ ਸਿੱਖ ਭਾਈਚਾਰਾ ਵੀ ਆ ਗਿਆ ਸੀ; ਜਦਕਿ ਸਮੁੱਚੇ ਤੌਰ 'ਤੇ ਅਤੇ ਨਿਰਪੱਖ ਢੰਗ ਨਾਲ ਵਿਚਾਰਿਆਂ ਇਹ ਕੋਈ ਮਸਲਾ ਹੀ ਨਹੀਂ ਸੀ ਬਣਦਾ। ਸੰਘਵਾਦੀਆਂ ਨੇ ਇਸ ਮਸਲੇ ਨੂੰ ਐਸੀ ਤੂਲ ਦਿੱਤੀ ਕਿ ਸਾਰੀ ਚਰਚਾ ਮੁਸਲਮਾਨਾਂ ਵੱਲ ਮੋੜ ਦਿੱਤੀ ਗਈ। ਹੁਣ ਜਦੋਂ ਇਸ ਅਸਹਿਣਸ਼ੀਲਤਾ ਦਾ ਮੁੱਦਾ ਸਰਕਾਰ ਉਤੇ ਵੱਡੇ ਪੱਧਰ 'ਤੇ ਅਸਰ-ਅੰਦਾਜ਼ ਹੋਣਾ ਸ਼ੁਰੂ ਹੋ ਗਿਆ ਹੈ ਤਾਂ ਪ੍ਰਧਾਨ ਮੰਤਰੀ ਦਾ ਬਿਆਨ ਆਇਆ ਹੈ ਕਿ 1984 ਵਿਚ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ, ਭਾਵ ਕਾਂਗਰਸੀਆਂ ਨੂੰ ਇਹ ਮੁੱਦਾ ਉਠਾਉਣ ਦਾ ਹੱਕ ਹੀ ਨਹੀਂ ਹੈ। ਇਹ ਗੱਲ ਸੋਲਾਂ ਆਨੇ ਸਹੀ ਹੈ ਕਿ ਬੁਰੀ ਤਰ੍ਹਾਂ ਬੇਹਿੱਸ ਹੋਈ ਪਈ ਕਾਂਗਰਸ ਇਸ ਮੁੱਦੇ ਨੂੰ ਆਧਾਰ ਬਣਾ ਕੇ ਹੁਣ ਆਪਣੀ ਪੈਂਠ ਬਣਾਉਣ ਦਾ ਯਤਨ ਕਰ ਰਹੀ ਹੈ, ਪਰ ਤੱਥ ਇਹ ਵੀ ਹੈ ਕਿ 1984 ਵਾਲੇ ਮੁੱਦੇ ਨੂੰ ਦੋਹਾਂ ਧਿਰਾਂ ਨੇ ਸਦਾ ਸਿਆਸੀ ਲਾਹੇ ਲਈ ਹੀ ਵਰਤਿਆ ਹੈ। ਇਹ ਤੱਥ ਵੀ ਜੱਗ ਜ਼ਾਹਿਰ ਹੈ ਕਿ ਸਿੱਖਾਂ ਦੇ ਕਤਲੇਆਮ ਵਿਚ ਕਾਂਗਰਸੀਆਂ ਤੋਂ ਇਲਾਵਾ ਸੰਘ ਦੇ ਵਰਕਰ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ। ਦਰਅਸਲ ਮੋਦੀ ਸਰਕਾਰ ਬਣਨ ਪਿਛੋਂ ਜਿਸ ਤਰ੍ਹਾਂ ਦੀ ਪਾਲਾਬੰਦੀ ਆਰ.ਐਸ.ਐਸ. ਵਾਲੇ ਚਾਹੁੰਦੇ ਸਨ, ਉਸ ਤਰ੍ਹਾਂ ਦੀ ਪਾਲਾਬੰਦੀ ਅੱਜ ਸਮਾਜ ਦੇ ਕਰੀਬ ਹਰ ਤਬਕੇ ਤੱਕ ਹੋ ਗਈ ਜਾਪਦੀ ਹੈ। ਸੱਤਾ ਹਾਸਲ ਕਰਨ ਪਿਛੋਂ ਇਹ ਕਹਿਣਾ ਕਿ 800 ਸਾਲ ਬਾਅਦ ਪਹਿਲੀ ਵਾਰ ਹਿੰਦੂ ਰਾਜ ਦਾ ਝੰਡਾ ਬੁਲੰਦ ਹੋਇਆ ਹੈ, ਸੰਘ ਦੇ ਏਜੰਡੇ ਨਾਲ ਜੁੜਿਆ ਬਿਆਨ ਹੀ ਸੀ। ਲੇਖਕਾਂ ਅਤੇ ਹੋਰਾਂ ਨੇ ਐਨ ਸਹੀ ਸਮੇਂ ਦਖਲ ਦੇ ਕੇ ਹਿੰਦੂਵਾਦੀਆਂ ਨੂੰ ਚੇਤਾ ਕਰਵਾਇਆ ਹੈ ਕਿ ਦੇਸ ਦੇ ਸਰੋਕਾਰ ਕਿਸ ਤਰ੍ਹਾਂ ਦੇ ਰਹੇ ਹਨ ਅਤੇ ਭਵਿੱਖ ਵਿਚ ਕਿਸ ਤਰ੍ਹਾਂ ਦੇ ਰਹਿਣੇ ਚਾਹੀਦੇ ਹਨ। 21ਵੀਂ ਸਦੀ 'ਚ 18ਵੀਂ, 17ਵੀਂ ਜਾਂ 16ਵੀਂ ਸਦੀ ਨਹੀਂ ਲਿਆਂਦੀ ਜਾ ਸਕਦੀ। ਅਜਿਹੀ ਕੋਸ਼ਿਸ਼ ਕਰਨ ਵਾਲਿਆਂ ਨੂੰ ਦੇਰ-ਸਵੇਰ ਭਾਜੜ ਪੈਣੀ ਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪੰਜਾਬ ਤੇ ਪਰਵਾਸ!*

ਦੇਸ ਡੱਕਾ ਤੋੜਨਾ ਨ੍ਹੀਂ 'ਲੇਬਰ' ਕਹਾਉਣਾ ਜਾ ਕੇ,
ਪਹੁੰਚ ਪਰਦੇਸੀਂ 'ਸੈਟ' ਹੋਣ ਦਾ ਰਿਵਾਜ ਐ।
ਪੜ੍ਹਨ-ਗੁੜ੍ਹਨ ਵਾਲੀ ਰੀਤ ਹੁਣ ਬੰਦ ਹੋਈ,
ਵਿਰਸੇ ਤੋਂ ਪੁੱਠਾ ਹੋਇਆ ਵੱਖਰਾ ਅੰਦਾਜ਼ ਐ।
'ਐਨ ਆਰ ਆਈ' ਬਣ ਚੱਲਿਆ ਪੰਜਾਬ ਸਾਰਾ,
ਸੋਚਦਾ ਨਾ ਕੋਈ ਮਾਤ-ਭੂਮੀ ਵੀ ਨਾਰਾਜ਼ ਐ।
ਬਣੇ ਨੇ ਪੰਜਾਬੀ 'ਐਮ ਪੀ, ਮੇਅਰ' ਵਿਦੇਸ਼ਾਂ ਵਿਚ,
ਪਿਛੇ ਹੋਇਆ ਯੂ ਪੀ ਤੇ ਬਿਹਾਰੀਆਂ ਦਾ ਰਾਜ ਐ।
ਕੋਠੀ ਪਾਈ ਰੀਝ ਨਾਲ ਮੁੰਡੇ ਪਰਵਾਸੀਆਂ ਨੇ,
ਟੌਹਰ ਨਾਲ ਟੈਂਕੀ ਉਤੇ ਰੱਖਿਆ ਜਹਾਜ ਐ।
ਪੁੱਤ-ਪੋਤੇ ਨੂੰਹਾਂ ਸਾਰੇ 'ਬਾਹਰਲੇ ਮੁਲਕ' ਬੈਠੇ,
ਕੋਠੀ ਵਿਚ ਭਾਈਆ-ਬੇਬੇ ਭੱਈਆਂ ਦੇ ਮੁਥਾਜ ਐ।

# ਡਾਲਰਾਂ ਦੀ ਲਿਸ਼ਕ ਵਿਚ 'ਦਿੱਲੀ ਦੇ ਕਿੰਗਰੇ'

ਕੈਲੀਫੋਰਨੀਆ ਦੇ ਯੂਬਾ ਸਿਟੀ ਵਿਚ 'ਨੌਰਥ ਅਮੈਰੀਕਨ ਸਿੱਖ ਸੱਮਿਟ' ਹੋਇਆ। ਇਸ ਸੱਮਿਟ ਵਿਚ 3 ਮਤੇ ਪ੍ਰਵਾਨ ਕੀਤੇ ਗਏ ਅਤੇ ਦਾਅਵਾ ਕੀਤਾ ਗਿਆ ਕਿ ਸੌ ਗੁਰਦੁਆਰਿਆਂ ਤੇ ਸਿੱਖ ਜਥੇਬੰਦੀਆਂ ਨੇ ਪੰਜਾਬ ਵਿਚ ਸਿੱਖਾਂ ਦੇ ਮੌਜੂਦਾ ਸੰਕਟ ਉਤੇ ਵਿਚਾਰ-ਵਟਾਂਦਰਾ ਕੀਤਾ। ਇਸੇ ਤਰਜ਼ ਉਤੇ ਇੰਗਲੈਂਡ ਵਿਚ 'ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼' ਨੇ ਬਰਮਿੰਘਮ ਵਿਚ 'ਵਰਲਡ ਸਿੱਖ ਸੱਮਿਟ' ਕੀਤਾ ਜਿਸ ਵਿਚ 20 ਮੁਲਕਾਂ ਵਿਚੋਂ ਸਿੱਖਾਂ ਦੀ ਸ਼ਮੂਲੀਅਤ ਦਾ ਦਾਅਵਾ ਕੀਤਾ ਗਿਆ ਅਤੇ 8 ਮਤੇ ਪ੍ਰਵਾਨ ਕੀਤੇ। ਇਨ੍ਹਾਂ ਸਮਾਗਮਾਂ ਦਾ ਆਪਸ ਵਿਚ ਭਾਵੇਂ ਸਿੱਧਾ ਰਿਸ਼ਤਾ ਨਾ ਹੋਵੇ, ਪਰ ਇਨ੍ਹਾਂ ਵਿਚ ਪ੍ਰਵਾਨ ਕੀਤੇ ਗਏ ਮਤਿਆਂ ਦਾ ਆਪਸ ਵਿਚ ਪੇਚੀਦਾ ਰਿਸ਼ਤਾ ਬਣਦਾ ਹੈ। ਦੋਵਾਂ ਸਮਾਗਮਾਂ ਦਾ ਫ਼ੌਰੀ ਕਾਰਨ ਭਾਵੇਂ ਪੰਜਾਬ ਦੇ ਮੌਜੂਦਾ ਹਾਲਾਤ ਦੱਸਿਆ ਗਿਆ ਹੈ, ਪਰ ਮੀਡੀਆ ਵਿਚ ਨਸ਼ਰ



**ਦਲਜੀਤ ਅਮੀ**
**ਫੋਨ: +91-97811-21873**

ਹੋਈ ਤਫ਼ਸੀਲ ਤੋਂ ਜਾਪਦਾ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਜਾਂ ਰੱਦ ਕਰਨ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਪੰਜ ਪਿਆਰਿਆਂ ਅਤੇ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਏ ਦੋ ਨੌਜਵਾਨਾਂ ਦੇ ਮਸਲੇ ਮਹਿਜ਼ ਸਬੱਬ ਬਣੇ ਹਨ।

ਦੋਵਾਂ ਸਮਾਗਮਾਂ ਦੇ ਮਤਿਆਂ ਵਿਚ ਕੁਝ ਸ਼ਬਦਾਂ ਦੀ ਵਰਤੋਂ ਕੀਤੇ ਬਿਨਾਂ ਦਲੀਲ ਸਾਫ਼ ਪੇਸ਼ ਕੀਤੀ ਗਈ ਹੈ। ਇਨ੍ਹਾਂ ਦੋਵਾਂ ਸਮਾਗਮਾਂ ਦੇ ਮਤਿਆਂ ਦਾ ਰਿਸ਼ਤਾ ਗੁਰਦੁਆਰਾ ਪ੍ਰਬੰਧ ਅਤੇ ਸਿੱਖਾਂ ਦੇ ਧਾਰਮਿਕ ਮਸਲਿਆਂ ਨਾਲ ਹੈ, ਪਰ ਇਹ ਉਤਰੀ ਅਮਰੀਕਾ ਅਤੇ ਯੂਰਪ ਦੇ ਸਿੱਖਾਂ ਦੀ ਇਨ੍ਹਾਂ ਮਸਲਿਆਂ ਵਿਚ ਵਧੇਰੇ ਸੁਣਵਾਈ ਦੀ ਗੱਲ ਵਧੇਰੇ ਜ਼ੋਰ ਨਾਲ ਕਰਦੇ ਹਨ। ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਦਾ ਹਿੱਸਾ ਬਣਨ ਦੀ ਚਾਹਵਾਨ ਜਥੇਬੰਦੀ ਲਈ ਦੋ ਸ਼ਰਤਾਂ ਰੱਖੀਆਂ ਗਈਆਂ ਹਨ ਜੋ ਇਸ ਦੇ ਮਤਿਆਂ ਵਿਚ ਬੇਨਾਮੀਆ ਹਾਜ਼ਰ ਹਨ। ਦੋਵਾਂ ਸਮਾਗਮਾਂ ਦੇ ਮਤਿਆਂ ਵਿਚ ਅਕਾਲ ਤਖ਼ਤ ਦੀ ਗੁਰਮਤਿ ਮਰਿਆਦਾ, ਜਥੇਦਾਰ ਦੇ ਰੁਤਬੇ ਅਤੇ ਸਰਬੱਤ ਖ਼ਾਲਸਾ ਵਰਗੇ ਮਸਲੇ ਦਰਜ ਕੀਤੇ ਗਏ ਹਨ। ਇਨ੍ਹਾਂ ਸਾਰੇ ਮਸਲਿਆਂ ਦਾ ਜ਼ਿਕਰ ਉਤਰੀ ਅਮਰੀਕੀ ਅਤੇ ਯੂਰਪੀ ਸਿੱਖਾਂ ਦੇ ਪੈਂਤੜੇ ਤੋਂ ਹੋਇਆ, ਪਰ ਇਹ ਅਸਰਅੰਦਾਜ਼ੀ ਪੰਜਾਬ ਉਤੇ ਹੋਣੇ ਹਨ। ਇਸ ਲਈ ਇਨ੍ਹਾਂ ਸਮਾਗਮਾਂ ਅਤੇ ਮਤਿਆਂ ਦੇ ਹਵਾਲੇ ਨਾਲ ਉਤਰੀ ਅਮਰੀਕੀ ਅਤੇ ਯੂਰਪੀ ਸਿੱਖ ਜਥੇਬੰਦੀਆਂ ਦਾ ਰਿਸ਼ਤਾ ਸਮਝਣਾ ਜ਼ਰੂਰੀ ਹੈ। ਇਨ੍ਹਾਂ ਰਿਸ਼ਤਿਆਂ ਨੂੰ ਸਮਝਣ ਦੇ ਉਪਰਾਲੇ ਵਿਚ ਪੇਚੀਦਗੀ ਇਹ ਵੀ ਹੈ ਕਿ ਇਹ ਸਮਾਗਮ ਜਾਂ ਮਤੇ ਉਨ੍ਹਾਂ ਮੁਲਕਾਂ ਦੇ ਸਮੁੱਚੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰਦੇ। ਇਹ ਸਰਦੇ-ਪੁੱਜਦੇ ਸਿੱਖਾਂ ਦੀ ਧਾਰਮਿਕ ਮਸਲਿਆਂ ਉਤੇ 'ਸਮਝ' ਦੇ ਨਾਲ-ਨਾਲ ਉਨ੍ਹਾਂ ਦੀਆਂ ਸਿਆਸੀ ਮਨਸ਼ਿਆਂ ਦੀ ਨੁਮਾਇੰਦਗੀ ਕਰਦੇ ਜਾਪਦੇ ਹਨ।

ਯੂਬਾ ਸਿਟੀ ਵਾਲੇ ਸਮਾਗਮ ਦੇ ਮਤਿਆਂ ਵਿਚ ਅਕਾਲ ਤਖ਼ਤ ਨੂੰ ਗੁਰਮਤਿ ਮਰਿਆਦਾ ਮੁਤਾਬਕ ਕਿਸੇ ਸਿਆਸੀ ਅਤੇ ਨਿਜ਼ਾਮ ਦੇ ਘੇਰੇ ਤੋਂ ਬਾਹਰ ਖ਼ੁਦਮੁਖ਼ਤਾਰ ਅਦਾਰੇ ਵਜੋਂ ਮੁੜ ਸਥਾਪਿਤ ਕਰਨਾ ਸ਼ਾਮਿਲ ਹੈ। ਇਹ ਮਤਾ ਅਕਾਲ ਤਖ਼ਤ ਦੇ ਜਥੇਦਾਰ ਦੀ ਯੋਗਤਾ ਤੈਅ ਕਰਨ ਅਤੇ ਉਸ ਦੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ ਤੇ ਜੁਆਬਦੇਹ ਕਰਨ ਦੀ ਗੱਲ ਕਰਦਾ ਹੋਇਆ ਤਿੰਨ ਕਰੋੜ ਸਿੱਖਾਂ ਦੀ ਆਲਮੀ ਆਵਾਜ਼ ਨੂੰ ਸੁਣੇ ਜਾਣ ਦੀ ਮੰਗ ਕਰਦਾ ਹੈ। ਇਸ ਦੇ ਨਾਲ ਹੀ ਪੰਜ ਪਿਆਰਿਆਂ ਦੀ ਮਰਿਆਦਾ ਕਾਇਮ ਰੱਖਣ ਦਾ ਕਾਰਜ ਦਰਜ ਹੈ। ਦੂਜਾ ਮਤਾ (10 ਨਵੰਬਰ ਨੂੰ ਹੋਣ ਵਾਲੇ) ਸਰਬੱਤ ਖ਼ਾਲਸਾ ਦੀ ਹਮਾਇਤ ਕਰਦਾ ਹੈ ਅਤੇ ਉਤਰੀ ਅਮਰੀਕੀ ਸਿੱਖਾਂ ਦੀ ਨੁਮਾਇੰਦਗੀ ਕਰਨ ਦੀ ਗੱਲ ਕਰਦਾ ਹੋਇਆ ਪੰਥ ਨੂੰ 2016 ਦੀ ਵਿਸਾਖੀ ਤੱਕ ਜਥੇਦਾਰ ਦੀ ਆਰਜ਼ੀ ਨਾਮਜ਼ਦਗੀ ਦਾ ਹੱਕ ਦਿੰਦਾ ਹੈ। ਇਹ ਮਤਾ ਅਪਰੈਲ 2016 ਤੱਕ ਅਗਲਾ ਸਰਬੱਤ ਖ਼ਾਲਸਾ ਬੁਲਾਉਣ ਅਤੇ ਸਭ ਨੂੰ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ 10 ਨਵੰਬਰ ਨੂੰ ਸਰਬੱਤ ਖ਼ਾਲਸਾ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦਾ ਹੈ। ਤੀਜਾ ਮਤਾ ਉਤਰੀ ਅਮਰੀਕੀ ਸਿੱਖਾਂ ਦੀ ਆਵਾਜ਼ ਬੁਲੰਦ ਕਰਨ ਦੀ ਤਾਕੀਦ ਕਰਦਾ ਹੋਇਆ ਗੁਰਦੁਆਰਿਆਂ ਅਤੇ ਜਥੇਬੰਦੀਆਂ ਵਿਚੋਂ ਦੋ ਨੁਮਾਇੰਦਿਆਂ ਨੂੰ ਸ਼ਾਮਿਲ ਕਰਨ ਦੀ ਫ਼ੈਸਲਾ ਕਰਦਾ ਹੈ। ਇਹ ਬਿਨਾਂ ਕਿਸੇ ਊਚ-ਨੀਚ ਤੋਂ ਅਪਰੈਲ 2016 ਤੱਕ ਮੁਕਾਮੀ ਵਿਚਾਰ ਚਰਚਾਵਾਂ ਰਾਹੀਂ ਢਾਂਚਾ ਤੈਅ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ।

ਦੂਜੇ ਪਾਸੇ ਬਰਮਿੰਘਮ ਵਾਲੇ ਸਮਾਗਮ ਵਿਚ ਪਹਿਲਾ ਮਤਾ ਆਜ਼ਾਦ ਅਤੇ ਖ਼ੁਦਮੁਖ਼ਤਾਰ ਸਿੱਖ ਰਾਜ ਦਾ ਵਾਅਦਾ ਕਰਦਾ ਹੈ। ਦੂਜਾ ਮਤਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਫ਼ਖ਼ਰਿ-ਕੌਮ' ਦੀ ਥਾਂ 'ਗੱਦਾਰਿ-ਕੌਮ' ਕਰਾਰ ਦਿੰਦਾ ਹੈ। ਇਹ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਅਵਤਾਰ ਸਿੰਘ ਮੱਕੜ ਦੇ ਨਾਂਵਾਂ ਵਿਚੋਂ 'ਸਿੰਘ' ਹਟਾਏ ਜਾਣ ਦਾ ਫ਼ੈਸਲਾ ਕਰਦਾ ਹੈ। ਤੀਜਾ ਮਤਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੂੰ ਸਮਾਜ ਵਿਚੋਂ ਛੇਕਣ ਦਾ ਫ਼ੈਸਲਾ ਕਰਦਾ ਹੋਇਆ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਦੇ ਅਸਤੀਫ਼ਿਆਂ ਦੀ ਮੰਗ ਕਰਦਾ ਹੈ। ਇਹ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਕੌਮ ਨਾਲ ਗੱਦਾਰੀ ਕਰਨ ਅਤੇ ਸਿੱਖ ਵਿਰੋਧੀ ਸਰਗਰਮੀਆਂ ਲਈ ਅਹੁਦਿਆਂ ਤੋਂ ਹਟਾ ਕੇ ਸਮਾਜ ਵਿਚੋਂ ਛੇਕੇ ਜਾਣ ਦਾ ਫਰਮਾਨ ਜਾਰੀ ਕਰਦਾ ਹੈ। ਚੌਥਾ ਮਤਾ ਸਿੱਖਾਂ ਨੂੰ ਇੱਕਮੁੱਠ ਕਰਨ ਲਈ ਆਲਮੀ ਸਿੱਖ ਸੰਸਦ ਅਤੇ ਆਲਮੀ ਸਿੱਖ ਬੈਂਕ ਬਣਾਏ ਜਾਣ ਦੀ ਤਜਵੀਜ਼ ਪੇਸ਼ ਕਰਦਾ ਹੈ। ਪੰਜਵਾਂ ਮਤਾ ਪ੍ਰਵਾਨ ਕਰਦਾ ਹੈ ਕਿ ਸਰਬੱਤ ਖ਼ਾਲਸਾ ਰਾਹੀਂ ਆਲਮੀ ਸਿੱਖ ਬਰਾਦਰੀ ਦੀ ਨੁਮਾਇੰਦਗੀ ਕਰਨ ਵਾਲੇ ਜਥੇਦਾਰਾਂ ਬਣਾਏ ਜਾਣ ਦੀ ਮੰਗ ਕਰਦਾ ਹੈ। ਇਸ ਮਤੇ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਕਾਰਜ ਖੇਤਰ ਪੰਜਾਬ ਅਤੇ ਕੁਝ ਹੋਰ ਸੂਬਿਆਂ ਦੇ ਗੁਰਦੁਆਰਿਆਂ ਦੀ ਦੇਖਭਾਲ ਤੱਕ ਮਹਿਦੂਦ ਹੈ ਅਤੇ ਇਹ ਆਲਮੀ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੀ। ਛੇਵਾਂ ਮਤਾ ਪੰਜਾਬ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਅਦਾਰਿਆਂ ਦੀ ਸਹਿਮਤੀ ਨਾਲ ਬੁਲਾਏ ਜਾਣ ਦੀ ਮੰਗ ਉਤੇ ਜ਼ੋਰ ਦਿੰਦਾ ਹੈ। ਸੱਤਵਾਂ ਮਤਾ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਸ਼ਾਂਤਮਈ ਮੁਜ਼ਾਹਰਾਕਾਰੀਆਂ ਉਤੇ ਗੋਲੀ ਚਲਾਉਣ ਵਾਲੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਾ ਹੈ। ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਦੀ ਤੁਰੰਤ ਰਿਹਾਈ ਵੀ ਮੰਗੀ ਗਈ ਹੈ। ਆਖ਼ਰੀ ਮਤਾ 29 ਅਪਰੈਲ 1986 ਨੂੰ ਕੀਤੇ ਗਏ ਆਜ਼ਾਦ ਸਿੱਖ ਰਾਜ ਦੇ ਐਲਾਨਨਾਮੇ ਦੀ 30ਵੀਂ ਬਰਸੀ ਪੂਰੀ ਦੁਨੀਆਂ ਵਿਚ ਮਨਾਏ ਜਾਣ ਦਾ ਐਲਾਨ ਕਰਦਾ ਹੈ।

ਇਨ੍ਹਾਂ ਮਤਿਆਂ ਦਾ ਅੰਦਰੂਨੀ ਤਣਾਅ ਨਜ਼ਰਅੰਦਾਜ਼ ਕਰਨ ਤੋਂ ਬਾਅਦ ਕੁਝ ਸੁਆਲ ਕੀਤੇ ਜਾਣੇ ਜ਼ਰੂਰੀ ਬਣਦੇ ਹਨ। ਇਨ੍ਹਾਂ ਮਤਿਆਂ ਨਾਲ ਜੁੜੀ ਸਿਆਸਤ ਪੰਜਾਬ ਵਿਚ ਹੋਣੀ ਹੈ। ਕੀ ਇਹ ਸੁਆਲ ਪੰਜਾਬ ਦੇ ਸਿੱਖ ਸਿਆਸਤ ਨਾਲ ਜੁੜੇ ਆਗੂਆਂ ਨੂੰ ਪੁੱਛਿਆ ਜਾਣਾ ਬਣਦਾ ਹੈ ਕਿ ਉਹ ਉਤਰੀ ਅਮਰੀਕੀ ਜਾਂ ਯੂਰਪੀ ਸਿੱਖਾਂ ਦੇ ਸਿਆਸੀ ਮਨਸੂਬਿਆਂ ਲਈ ਭਾੜੇ ਦੇ ਕਾਰਕੁਨ ਹਨ ਜਾਂ ਉਨ੍ਹਾਂ ਦੀ ਆਪਣੀ ਖ਼ੁਦਮੁਖ਼ਤਾਰੀ ਵੀ ਕੋਈ ਮਾਅਨੇ ਰੱਖਦੀ ਹੈ? ਇਨ੍ਹਾਂ ਮਤਿਆਂ ਵਿਚ ਉਤਰੀ ਅਮਰੀਕੀ ਜਾਂ ਯੂਰਪੀ ਸਿੱਖਾਂ ਦੀ ਡਾਲਰੀ ਹਉਮੈ ਝਲਕਦੀ ਹੈ ਜਾਂ ਨਹੀਂ? ਕੀ ਪੰਜਾਬ ਦੇ ਮਸਲੇ ਉਤਰੀ ਅਮਰੀਕੀ ਜਾਂ ਯੂਰਪੀ ਸਿੱਖਾਂ ਦੇ ਦਸਵੰਧ ਦੀ ਧਾਰ ਨਾਲ ਤੈਅ ਕੀਤੇ ਜਾਣਗੇ ਜਾਂ ਆਪਣੇ ਘਰ ਦੀ ਰੁੱਖੀ-ਸੁੱਕੀ ਦਾ ਸਬਰ ਹਾਲੇ ਵੀ ਮਾਅਨੇ ਰੱਖਦਾ ਹੈ? ਜਦੋਂ ਮੌਜੂਦਾ ਸਿਆਸਤ ਦੇ ਹਰ ਪੱਖ ਦੀ ਪੜਚੋਲ ਵਿਚ ਖ਼ੁਫ਼ੀਆ ਏਜੰਸੀਆਂ ਦੀ ਭੂਮਿਕਾ ਪਰਖ਼ੀ ਜਾਂਦੀ ਹੈ ਤਾਂ ਇਨ੍ਹਾਂ ਮਤਿਆਂ ਪਿਛਲੀ ਡਾਲਰ ਤਾਕਤ ਦੀ ਪੜਚੋਲ ਕਿਉਂ ਨਹੀਂ ਹੋਣੀ ਚਾਹੀਦੀ?

ਪੂਰੀ ਦੁਨੀਆਂ ਦੀਆਂ ਪਰਵਾਸੀ ਬਰਾਦਰੀਆਂ ਉਤੇ ਜ਼ਿਆਦਾ ਖੋਜ ਇਨ੍ਹਾਂ ਪਰਵਾਸੀ ਬਰਾਦਰੀਆਂ ਦੇ ਲੋਕ ਕਰ ਰਹੇ ਹਨ। ਅਮਰੀਕਾ ਵਿਚ ਵਸਿਆ ਕੋਈ ਦੱਖਣੀ ਭਾਰਤੀ, ਅਮਰੀਕੀ ਸਿੱਖਾਂ ਉਤੇ ਖੋਜ ਕਰਦਾ ਹੈ ਜਾਂ ਕੋਈ ਦੱਖਣੀ ਏਸ਼ੀਆਈ ਜਾਂ ਯੂਰਪੀ ਮੂਲ ਦਾ ਖੋਜੀ ਇਸੇ ਵਿਸ਼ੇ ਦਾ ਅਧਿਐਨ ਕਰਦਾ ਹੈ। ਇਨ੍ਹਾਂ ਖੋਜਾਂ ਵਿਚ ਖੋਜ ਦੇ ਵਿਸ਼ੇ ਅਤੇ ਖੋਜੀ ਦਾ ਹੇਰਵਾ ਅਸਰਅੰਦਾਜ਼ ਹੁੰਦਾ ਹੈ ਅਤੇ ਵਿਸ਼ਾ ਮਹਿਜ਼ ਭਾਵੁਕ ਪੱਧਰ ਉਤੇ ਨਜਿੱਠਿਆ ਜਾਂਦਾ ਹੈ। ਜਦੋਂ ਉਤਰੀ ਅਮਰੀਕਾ, ਯੂਰਪ ਜਾਂ ਆਸਟਰੇਲੀਆ ਵਿਚ ਜਾਣ ਲਈ ਛਿੱਕੇ ਉਤੇ ਟੰਗੀਆਂ ਨੈਤਿਕ, ਧਾਰਮਿਕ, ਸਭਿਆਚਾਰਕ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਹਵਾਲੇ ਨਾਲ ਖੋਜ ਕੀਤੀ ਜਾਵੇਗੀ ਤਾਂ ਇਨ੍ਹਾਂ ਦੇ ਹੇਰਵੇ ਅੰਦਰਲੀ ਨਫ਼ਰਤ ਦੀਆਂ ਪਰਤਾਂ ਸਮਝ ਆਉਣਗੀਆਂ। ਦੂਜਾ ਪੱਖ ਇਹ ਹੈ ਕਿ ਉਤਰੀ ਅਮਰੀਕਾ ਅਤੇ ਯੂਰਪ ਦੀਆਂ ਸਰਕਾਰਾਂ ਨੇ ਹਰ ਮੂਲ ਦੇ ਪਰਵਾਸੀਆਂ ਨੂੰ ਆਪਣੇ ਮੁਲਕਾਂ ਖ਼ਿਲਾਫ਼ ਬੋਲਣ ਦੀ ਖੁੱਲ੍ਹ ਦਿੱਤੀ ਹੈ। ਇਸੇ ਦੇ ਨਤੀਜੇ ਵਜੋਂ ਪਰਵਾਸੀ ਇਨ੍ਹਾਂ ਮੁਲਕਾਂ ਦੀ ਵਿਦੇਸ਼ ਨੀਤੀ ਦੇ ਅਲੰਬਰਦਾਰ ਬਣੇ ਹਨ। ਮਿਸਾਲ ਵਜੋਂ ਉਤਰੀ ਅਮਰੀਕੀ ਸਿੱਖ ਭਾਈਚਾਰੇ ਦੇ ਅਸਰ-ਰਸੂਖ਼ ਵਾਲੇ ਤਬਕੇ ਆਪਣੇ ਆਪ ਨੂੰ ਅਮਰੀਕੀ ਕਦਰਾਂ-ਕੀਮਤਾਂ ਦਾ ਬਿਹਤਰੀਨ ਪੈਰੋਕਾਰ ਸਿੱਧ ਕਰਨ ਲੱਗਿਆ ਹੈ। ਆਪਣੇ-ਆਪ ਨੂੰ ਮੁਸਲਮਾਨਾਂ ਨਾਲੋਂ ਵੱਖਰਾ ਸਾਬਤ ਕਰਨ ਵਿਚ ਇਹ ਤਬਕਾ ਜੇ ਵੱਖਰੀ ਪਛਾਣ ਦਾ ਸਹਾਰਾ ਲੈਂਦਾ ਹੈ ਤਾਂ ਵੱਡੀ ਅਮਰੀਕੀ ਪਛਾਣ ਵਿਚ ਸਮਾਉਂਦਾ ਹੋਇਆ ਇਸਲਾਮ ਖ਼ਿਲਾਫ਼ ਨਫ਼ਰਤ ਫੈਲਾਉਣ ਦਾ ਸੰਦ ਵੀ ਬਣਦਾ ਹੈ।

ਇਹ ਪੰਜਾਬ ਦੇ ਅਦਾਰਿਆਂ ਅਤੇ ਜਥੇਬੰਦੀਆਂ ਨਾਲ ਆਪਣਾ ਨਾਦੀ-ਬਾਂਦੀ ਰਿਸ਼ਤਾ ਰੱਖਦੇ ਹਨ, ਪਰ ਦੂਜੇ ਪਾਸੇ ਇਨ੍ਹਾਂ ਦੀਆਂ ਵਫ਼ਾਦਾਰੀਆਂ ਤਾਂ ਆਪਣੇ ਮੁਲਕਾਂ ਨਾਲ ਹਨ। ਪੰਜਾਬ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਲੱਗੀ ਠੇਸ ਇਨ੍ਹਾਂ ਤੱਕ ਪੁੱਜਦੀ ਹੈ ਅਤੇ ਇਨ੍ਹਾਂ ਦੀ ਪੀੜ ਸੁਹਿਰਦ ਹੋ ਕੇ ਸਮਝਣੀ ਬਣਦੀ ਹੈ, ਪਰ ਕੁਝ ਸੁਆਲ ਅਹਿਮ ਹਨ। ਇਹ ਆਪਣੇ ਮੁਲਕਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਠੇਸ ਇਸੇ ਸ਼ਿੱਦਤ ਨਾਲ ਕਿਉਂ ਨਹੀਂ ਮਹਿਸੂਸ ਕਰਦੇ? ਇਹ ਕੈਨੇਡਾ-ਅਮਰੀਕਾ ਦੀ ਸਰਹੱਦ 'ਤੇ ਆਪਣੇ ਤਬਕੇ ਦੇ ਤਸਕਰਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਦੁਰਵਰਤੋਂ ਨੂੰ ਬੇਅਦਬੀ ਕਿਉਂ ਨਹੀਂ ਸਮਝਦੇ? ਜਦੋਂ ਇਹ ਪੰਜਾਬ ਨੂੰ ਅਕਲ ਦੇਣ ਦੀ ਗੱਲ ਕਰਦੇ ਹਨ ਤਾਂ ਕਿਤੇ ਇਹ ਗੋਰੀ ਨਸਲ ਦੀ ਉਸੇ ਧਾਰਨਾ ਦੀ ਨੁਮਾਇੰਦਗੀ ਤਾਂ ਨਹੀਂ ਕਰਦੇ ਜੋ ਪੂਰੀ ਦੁਨੀਆ ਨੂੰ 'ਫ਼ੌਜੀ ਹਮਲਿਆਂ ਜਾਂ ਭ੍ਰਿਸ਼ਟਾਚਾਰ ਰਾਹੀਂ ਜਮਹੂਰੀਅਤ ਦਾ ਸੁੱਖ' ਦੇਣਾ ਚਾਹੁੰਦੀ ਹੈ? ਸ਼ਾਇਦ ਇਹ ਯਾਦ ਕਰਨਾ ਕੁਥਾਂ ਨਾ ਹੋਵੇ ਕਿ ਅਫ਼ਗ਼ਾਨਿਸਤਾਨ ਉਤੇ ਹਮਲਾ ਕਰਨ ਵੇਲੇ ਅਮਰੀਕਾ ਨੇ ਬੰਬ ਸੁੱਟਣ ਤੋਂ ਪਹਿਲਾਂ ਕੁਰਾਨ ਦੀ ਵਿਆਖਿਆ ਕਰਦੀਆਂ ਹੱਥ-ਪਰਚੀਆਂ ਦਾ ਹਵਾਈ-ਜਹਾਜ਼ਾਂ ਰਾਹੀਂ ਮੀਂਹ ਵਰਸਾਇਆ ਸੀ।

ਪੰਜਾਬ ਦੇ ਆਪਣੇ ਜਾਏ/ਜਾਈਆਂ ਵਿਦੇਸ਼ੀ ਧਰਤੀ ਉਤੇ ਬੇਗ਼ਾਨਗੀ ਹੰਢਾਅ ਰਹੇ ਹਨ। ਇਹ ਜ਼ਰੂਰੀ ਨਹੀਂ ਕਿ ਇਹ 'ਆਪਣੇ' ਹਮੇਸ਼ਾ ਪੰਜਾਬ ਦੇ ਹਮਦਰਦ ਹੀ ਹੋਣ। ਇਨ੍ਹਾਂ ਦਾ ਹੇਰਵਾ ਸਾਡੀਆਂ ਤਕਲੀਫ਼ਾਂ ਦਾ ਬਾਣਾ ਪਾ ਕੇ ਪੰਜਾਬ ਦਾ ਕੀ ਕਰ ਸਕਦਾ ਹੈ? ਇਹ ਸੁਆਲ ਤਾਂ ਪੰਜਾਬ ਨੂੰ ਔਖਾ ਹੋ ਕੇ ਵੀ ਪੁੱਛਣਾ ਹੀ ਪਵੇਗਾ, ਕਿਉਂਕਿ ਸਾਡੀ ਹੋਂਦ ਦਾ ਇਮਤਿਹਾਨ ਸਿਰਫ਼ ਵਿਦੇਸ਼ੀਂ ਵਸਦੇ 'ਆਪਣਿਆਂ' ਜਾਂ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਹੇਰਵੇ ਨੇ ਨਹੀਂ, ਸਗੋਂ ਪੰਜਾਬ ਦੀ ਸਰਜ਼ਮੀਨ ਨੇ ਲੈਣਾ ਹੈ। ਖ਼ੁਦਮੁਖ਼ਤਾਰੀ ਦਾ ਸੁਆਲ ਦੂਜੇ ਦੇ ਦਸਵੰਧ ਦੀ ਮਾਰ ਵਿਚੋਂ ਨਿਕਲ ਜਾਣ ਨਾਲ ਵੀ ਜੁੜਦਾ ਹੈ। ਇਨ੍ਹਾਂ ਸੁਆਲਾਂ ਨਾਲ ਪੰਜਾਬ ਦੇ ਸਿਆਸਤਦਾਨਾਂ ਦੀ ਨਾਕਸ ਕਾਰਗੁਜ਼ਾਰੀ ਜਾਂ ਅਦਾਰਿਆਂ ਅਤੇ ਜਥੇਬੰਦੀਆਂ ਦੀ ਬਦਨੀਅਤੀ ਘਟ ਨਹੀਂ ਜਾਂਦੀ, ਪਰ ਪੰਜਾਬ ਵਸੇਂਦਿਆਂ/ਵਸੇਂਦੀਆਂ ਦੀ ਜ਼ਿੰਮੇਵਾਰੀ ਵਧ ਜਾਂਦੀ ਹੈ। ਆਖ਼ਰ ਪੰਜਾਬ ਨੇ ਜੇ ਮੜਕ ਨਾਲ ਤੁਰਨਾ ਹੈ ਤਾਂ 'ਭਾਦੋਂ ਦੀ ਧੁੱਪ' ਆਪਣੇ ਪਿੰਡੇ ਉਤੇ ਜਰਨੀ ਪੈਣੀ ਹੈ ਅਤੇ 'ਆਪਣੇ ਨਲਕਿਆਂ ਦਾ ਪਾਣੀ' ਪੀਣਾ ਪੈਣਾ ਹੈ। ਕੀ 'ਸ਼ਹੀਦਾਂ' ਨੂੰ ਹੁੰਦੀਆਂ 'ਡਾਲਰਾਂ ਦੀਆਂ ਵੇਲਾਂ' ਪੰਜਾਬੀ ਬੰਦੇ ਨੂੰ 'ਗੁਰਾਂ ਦੇ ਨਾਮ ਤੇ ਵਸਣ' ਦੇਣਗੀਆਂ? ਜੇ 'ਦਿੱਲੀ ਦੇ ਕਿੰਗਰੇ' ਢਾਹ ਕੇ 'ਲਾਹੌਰ ਦੇ ਤਖ਼ਤ ਢਾਹੁਣਾ' ਪੰਜਾਬੀ ਸੂਰਿਆਂ ਦਾ ਵਿਰਾਸਤੀ ਸੁਫ਼ਨਾ ਹੈ ਤਾਂ ਕੀ ਇਹ 'ਡਾਲਰਾਂ ਦੀ ਚਮਕ' ਵਿਚੋਂ ਸਿਰਜਿਆ ਜਾ ਸਕਦਾ ਹੈ?

# 1984 ਦਾ ਸਿੱਖ ਕਤਲੇਆਮ: ਕਿੱਥੇ ਹੈ ਇਨਸਾਫ਼?

31 ਅਕਤੂਬਰ, 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 6 ਨਵੰਬਰ, 1984 ਤੱਕ ਦਿੱਲੀ ਸਮੇਤ ਮੁਲਕ ਦੇ 18 ਸੂਬਿਆਂ ਦੇ ਤਕਰੀਬਨ 110 ਸ਼ਹਿਰਾਂ-ਕਸਬਿਆਂ ਵਿਚ 7000 ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਜਾਂ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ। ਧੀਆਂ-ਭੈਣਾਂ ਦੀ ਬੇਪਤੀ ਕੀਤੀ ਗਈ। ਸਰਕਾਰ, ਪ੍ਰਸ਼ਾਸਨ ਤੇ ਪੁਲਿਸ ਸਭ ਕੁਝ ਮੂਕ ਦਰਸ਼ਕ ਬਣ ਕੇ ਵੇਖਦੇ ਹੀ ਨਹੀਂ ਰਹੇ, ਸਗੋਂ ਪੁਲਿਸ ਕਾਤਲ ਧਾੜਾਂ ਦੀ ਮਦਦ ਵੀ ਕਰਦੀ ਰਹੀ।

ਇਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ/ਕਮੇਟੀਆਂ, 3600 ਤੋਂ ਵਧੇਰੇ ਗਵਾਹ, 31 ਸਾਲ ਦਾ ਵਕਫ਼ਾ ਅਤੇ ਅਦਾਲਤਾਂ 'ਚ ਇਨਸਾਫ਼ ਲਈ

ਤਲਵਿੰਦਰ ਸਿੰਘ ਬੁੱਟਰ

ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰ ਸਕੀਆਂ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ਼ 11 ਮਾਮਲਿਆਂ ਵਿਚ 30 ਜਣਿਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜ਼ਿਸ਼ਕਾਰੀ ਅਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ। ਸਿਤਮ ਦੀ ਗੱਲ ਇਹ ਹੈ ਕਿ ਜਮਹੂਰੀ ਮੁਲਕ ਅੰਦਰ ਇੰਨੇ ਵੱਡੇ ਪੱਧਰ 'ਤੇ ਹੋਏ ਸਮੂਹਿਕ ਕਤਲੇਆਮ ਦੇ ਪੀੜਤ ਤੇ ਚਸ਼ਮਦੀਦ ਗਵਾਹ ਅਦਾਲਤਾਂ 'ਚ ਰੁਲਦੇ-ਰੁਲਦੇ, ਇਕ-ਇਕ ਕਰਕੇ ਫ਼ੌਤ ਹੋ ਰਹੇ ਹਨ, ਪਰ ਭਾਰਤੀ ਨਿਆਂ ਪ੍ਰਣਾਲੀ ਇਹ ਕਹਿ ਕੇ ਦੋਸ਼ੀਆਂ ਨੂੰ ਬਰੀ ਕਰ ਰਹੀ ਹੈ ਕਿ ਇਨ੍ਹਾਂ ਵਿਰੁੱਧ ਸਿੱਖ ਕਤਲੇਆਮ 'ਚ ਸ਼ਾਮਿਲ ਹੋਣ ਸਬੰਧੀ ਠੋਸ ਸਬੂਤ ਨਹੀਂ ਮਿਲੇ।


ਨਵੰਬਰ 84 ਦੇ ਸਿੱਖ ਕਤਲੇਆਮ ਲਈ ਦੋਸ਼ੀ ਧਿਰ ਕਾਂਗਰਸ ਨੂੰ ਘੇਰਨ ਲਈ ਭਾਜਪਾ ਕਦੇ ਮੌਕਾ ਨਹੀਂ ਗੁਆਉਂਦੀ ਅਤੇ 2002 ਦੇ ਗੁਜਰਾਤ 'ਚ ਮੁਸਲਮਾਨਾਂ ਦੇ ਕਤਲੇਆਮ ਲਈ ਭਾਜਪਾ ਨੂੰ ਕਟਹਿਰੇ 'ਚ ਖੜ੍ਹਾ ਕਰਨ ਲਈ ਕਾਂਗਰਸ ਵੀ ਪਿੱਛੇ ਨਹੀਂ ਰਹਿੰਦੀ। ਸਪਸ਼ਟ ਹੈ ਕਿ ਰਾਜਸੀ ਪਾਰਟੀਆਂ ਇਕ-ਦੂਜੀ ਖ਼ਿਲਾਫ਼ ਦੋਸ਼ ਮੜ੍ਹ ਕੇ ਲੋਕਾਂ ਨੂੰ ਬੁੱਧੂ ਬਣਾਉਣ ਵਿਚ ਰੁੱਝੀਆਂ ਹੋਈਆਂ ਹਨ। ਜਦੋਂ ਕਿਸੇ ਇਕ ਧਿਰ ਨੂੰ ਨਿਸ਼ਾਨਾ ਬਣਾ ਕੇ ਫ਼ਿਰਕੂ ਹਿੰਸਾ ਭੜਕਦੀ ਹੈ ਤਾਂ ਸਰਕਾਰੀ ਮਸ਼ੀਨਰੀ ਅਤੇ ਪੁਲਿਸ ਵੀ ਆਪਣਾ ਮੂੰਹ ਫੇਰ ਲੈਂਦੀ ਹੈ ਅਤੇ ਇਕ ਖ਼ਾਸ ਧਿਰ ਦੀਆਂ ਵੋਟਾਂ ਨੂੰ ਖ਼ੁਸ਼ ਕਰਨ ਲਈ ਦੂਜੀ ਧਿਰ ਦੇ ਦਮਨ ਵਿਚ ਸਰਕਾਰ ਵਲੋਂ ਸਿੱਧੇ-ਅਸਿੱਧੇ ਤੌਰ 'ਤੇ ਪੂਰਾ ਸਾਥ ਦਿੱਤਾ ਜਾਂਦਾ ਹੈ। ਇਸੇ ਕਾਰਨ ਭਾਰਤ ਆਜ਼ਾਦੀ ਦੇ 68 ਸਾਲ ਬਾਅਦ ਵੀ ਫ਼ਿਰਕੂ ਸਦਭਾਵਨਾ ਨੂੰ ਮਜ਼ਬੂਤ ਕਰਨ ਦੀ ਬਿਹਤਰ ਮਿਸਾਲ ਨਹੀਂ ਕਾਇਮ ਕਰ ਸਕਿਆ। ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਅਨੁਸਾਰ 2002 ਤੋਂ ਲੈ ਕੇ 2013 ਤੱਕ ਭਾਰਤ ਵਿਚ 8473 ਫ਼ਿਰਕੂ ਦੰਗਿਆਂ ਦੀਆਂ ਘਟਨਾਵਾਂ ਵਾਪਰੀਆਂ ਅਤੇ 2502 ਲੋਕ ਮਾਰੇ ਗਏ ਅਤੇ 28 ਹਜ਼ਾਰ ਤੋਂ ਵੱਧ ਲੋਕ ਜ਼ਖ਼ਮੀ ਵੀ ਹੋਏ। ਇਹ ਗਰਾਫ਼ ਹਰ ਸਾਲ ਤੇਜ਼ੀ ਨਾਲ ਉਤਾਂਹ ਨੂੰ ਜਾ ਰਿਹਾ ਹੈ। ਸਿਰਫ਼ ਜਨਵਰੀ 2012 ਤੋਂ ਜੂਨ 2015 ਤੱਕ ਫ਼ਿਰਕੂ ਦੰਗਿਆਂ ਦੀਆਂ 2465 ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿਚ 373 ਲੋਕਾਂ ਦੀਆਂ ਜਾਨਾਂ ਗਈਆਂ ਹਨ ਅਤੇ 7399 ਜਣੇ ਜ਼ਖ਼ਮੀ ਹੋਏ ਹਨ। ਰੋਜ਼ਾਨਾ ਔਸਤਨ ਦੋ ਘਟਨਾਵਾਂ ਫ਼ਿਰਕੂ ਦੰਗਿਆਂ ਦੀਆਂ ਹੋ ਰਹੀਆਂ ਹਨ। ਕੇਂਦਰ ਵਿਚ ਮੋਦੀ ਸਰਕਾਰ ਬਣਨ ਮਗਰੋਂ ਫ਼ਿਰਕੂ ਦੰਗਿਆਂ ਦੀਆਂ ਘਟਨਾਵਾਂ ਹੋਰ ਵੀ ਤੇਜ਼ ਹੋਈਆਂ ਹਨ। 2014 ਦੇ ਪਹਿਲੇ ਛੇ ਮਹੀਨਿਆਂ ਵਿਚ 252 ਫ਼ਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਜਦੋਂ ਕਿ 2015 ਦੇ ਪਹਿਲੇ ਛੇ ਮਹੀਨਿਆਂ ਵਿਚ 330 ਫ਼ਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ। ਇਕ ਗੱਲ ਸਪਸ਼ਟ ਹੈ ਕਿ ਜੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕਾਨੂੰਨ ਨੇ ਸਮੇਂ ਸਿਰ ਸਖ਼ਤ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਦੇਸ਼ ਵਿਚ 1989 ਦੇ ਭਾਗਲਪੁਰ ਮੁਸਲਿਮ ਦੰਗਿਆਂ, 1992 ਦੇ ਮੁੰਬਈ ਹਿੰਦੂ-ਮੁਸਲਮ ਦੰਗਿਆਂ ਅਤੇ 2002 'ਚ ਗੁਜਰਾਤ ਕਤਲੇਆਮ ਦੀਆਂ ਘਟਨਾਵਾਂ ਨਾ ਵਾਪਰਦੀਆਂ, ਜਿਨ੍ਹਾਂ ਦੌਰਾਨ ਹਜ਼ਾਰਾਂ ਬੇਗੁਨਾਹ ਭਾਰਤੀ ਨਾਗਰਿਕ ਫ਼ਿਰਕੇ ਅਤੇ ਧਰਮ ਦੇ ਆਧਾਰ 'ਤੇ ਮਾਰੇ ਗਏ। ਨਾ ਹੀ ਮੁਲਕ 'ਚ ਨਿੱਕੀ-ਨਿੱਕੀ ਗੱਲ ਨੂੰ ਲੈ ਕੇ ਸਿਆਸਤਦਾਨਾਂ ਦੀ ਸ਼ਹਿ 'ਤੇ ਦੰਗੇ-ਫ਼ਸਾਦ ਹੋਣ ਦਾ ਹੀ ਰੁਝਾਨ ਜਨਮ ਲੈਂਦਾ।

ਫ਼ਿਰਕਾਪ੍ਰਸਤੀ ਦੇ ਆਧਾਰ 'ਤੇ ਘੱਟ-ਗਿਣਤੀਆਂ 'ਤੇ ਹਮਲਿਆਂ ਅਤੇ ਕਤਲੇਆਮ ਨੂੰ ਰੋਕਣ ਲਈ ਸਭ ਤੋਂ ਵੱਧ ਜ਼ਿੰਮੇਵਾਰੀ ਰਾਜਨੀਤਕ ਪਾਰਟੀਆਂ ਦੀ ਬਣਦੀ ਹੈ। ਜਦੋਂ ਕਿਸੇ ਥਾਂ 'ਤੇ ਕੋਈ ਫ਼ਿਰਕੂ ਘਟਨਾ ਵਾਪਰਦੀ ਹੈ ਤਾਂ ਜੇ ਉਸ ਨੂੰ ਮੁੱਢਲੇ ਪੜਾਅ 'ਤੇ ਹੀ ਮੁਸਤੈਦੀ ਵਰਤ ਕੇ ਰੋਕਿਆ ਜਾਵੇ ਤਾਂ ਫ਼ਿਰਕੂਵਾਦ ਨੂੰ ਇੰਨੀ ਸ਼ਹਿ ਨਹੀਂ ਮਿਲ ਸਕਦੀ। ਦੁੱਖ ਦੀ ਗੱਲ ਹੈ ਕਿ ਭਾਰਤ ਦੇ ਰਾਜਨੀਤਕ ਆਗੂ ਕਿਸੇ ਵੀ ਫ਼ਿਰਕੂ ਵਿਵਾਦ ਨੂੰ ਹਵਾ ਦੇ ਕੇ ਆਪੋ-ਆਪਣੀਆਂ ਸਿਆਸੀ ਰੋਟੀਆਂ ਹੀ ਸੇਕਦੇ ਹਨ; ਹਾਲਾਂਕਿ ਭਾਰਤੀ ਸੰਵਿਧਾਨ ਦੀ ਧਾਰਾ-25 ਤਹਿਤ ਹਰੇਕ ਨਾਗਰਿਕ ਨੂੰ ਜੀਵਨ ਅਤੇ ਆਜ਼ਾਦੀ ਦਾ ਬਰਾਬਰ ਦਾ ਅਧਿਕਾਰ ਮਿਲਿਆ ਹੋਇਆ ਹੈ ਅਤੇ ਧਾਰਾ-15 ਜਾਤ, ਧਰਮ ਤੇ ਲਿੰਗ ਆਧਾਰਿਤ ਵਿਤਕਰੇ ਨੂੰ ਜੁਰਮ ਕਰਾਰ ਦਿੰਦੀ ਹੈ, ਪਰ ਮੁਲਕ 'ਚ ਲਗਾਤਾਰ ਵਧ ਰਿਹਾ ਫ਼ਿਰਕੂਵਾਦ ਭਾਰਤੀ ਸੰਵਿਧਾਨਕ ਅਤੇ ਨਿਆਂਇਕ ਪ੍ਰਣਾਲੀ ਵਿਚ ਵੀ ਵਿਆਪਕ ਊਣਤਾਈਆਂ ਵੱਲ ਸੰਕੇਤ ਕਰਦਾ ਹੈ। ਸਿੱਖ ਕਤਲੇਆਮ ਦੇ ਪੀੜਤ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪਿਛਲੇ 30 ਸਾਲਾਂ ਤੋਂ ਅਦਾਲਤਾਂ ਵਿਚ ਚੱਕਰ ਕੱਟ ਰਹੇ ਹਨ ਅਤੇ ਦੋਸ਼ੀ ਸੱਤਾ ਸੁੱਖ ਮਾਣਦੇ ਰਹੇ ਹਨ। ਸੰਵਿਧਾਨਕ ਖ਼ਾਮੀਆਂ ਅਤੇ ਨਿਆਂਪਾਲਿਕਾ ਦਾ ਅਜਿਹਾ ਪੱਖਪਾਤੀ ਵਤੀਰਾ ਵੀ ਫ਼ਿਰਕੂ ਜ਼ਹਿਨੀਅਤ ਨੂੰ ਹੋਰ ਸ਼ਹਿ ਦਿੰਦਾ ਹੈ। ਇਨਸਾਫ਼ ਦੇ ਨਾਂ 'ਤੇ ਵੀ ਰਾਜਨੀਤੀ ਖੇਡੀ ਜਾਂਦੀ ਹੈ। ਪੀੜਤਾਂ ਨੂੰ ਉਨ੍ਹਾਂ ਦੇ ਜਾਨੀ ਅਤੇ ਮਾਲੀ ਨੁਕਸਾਨ ਦਾ ਮੁਆਵਜ਼ਾ ਵੀ ਸਿਆਸੀ ਜੋੜ-ਤੋੜ ਲਗਾ ਕੇ ਹੀ ਦਿੱਤਾ ਜਾਂਦਾ ਹੈ। ਚੋਣਾਂ ਨੇੜੇ ਹੋਣ ਤਾਂ ਸੱਤਾਧਾਰੀ ਧਿਰਾਂ ਆਪਣੇ ਹਿੱਤਾਂ ਦੇ ਅਨੁਕੂਲ ਮੁਆਵਜ਼ੇ ਦੇ ਪੈਕੇਜ ਜਾਰੀ ਕਰ ਦਿੰਦੀਆਂ ਹਨ ਅਤੇ ਫ਼ਿਰਕੂ ਹਿੰਸਾ ਦੀ ਜਾਂਚ ਲਈ ਕੋਈ ਕਮਿਸ਼ਨ ਜਾਂ ਕਮੇਟੀ ਬਣਾਉਣ ਦਾ ਐਲਾਨ ਕਰ ਦਿੰਦੀਆਂ ਹਨ, ਪਰ ਸਮਾਂ ਲੰਘ ਜਾਣ 'ਤੇ ਪੀੜਤਾਂ ਨੂੰ ਆਪਣੇ ਹਾਲ 'ਤੇ ਜਿਉਣ ਲਈ ਛੱਡ ਦਿੱਤਾ ਜਾਂਦਾ ਹੈ।

ਹੁਣ ਮੁਲਕ ਦੇ ਕਾਨੂੰਨ ਵਿਚ ਵੱਡੀ ਸੋਧ ਦੀ ਜ਼ਰੂਰਤ ਹੈ। ਸਾਧਾਰਨ ਫ਼ੌਜਦਾਰੀ ਕਾਨੂੰਨ ਫ਼ਿਰਕੂ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਸਮਰੱਥ ਨਹੀਂ ਰਹੇ। ਫ਼ੌਜਦਾਰੀ ਕਾਨੂੰਨਾਂ ਅਨੁਸਾਰ ਮੁਦਈ ਧਿਰ ਵਲੋਂ ਦੱਸੇ ਘਟਨਾ ਦੇ ਹਾਲਾਤ ਵਿਚ ਮਾੜੀ-ਮੋਟੀ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੋਣੀ ਚਾਹੀਦੀ, ਜਦੋਂ ਕਿ ਫ਼ਿਰਕੂ ਕਤਲੇਆਮ ਜਾਂ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਤੋਂ ਬਚਾਉਣ ਲਈ ਇਹੀ ਕਾਨੂੰਨੀ ਸ਼ਰਤ ਸਹਾਈ ਹੁੰਦੀ ਹੈ। ਸਮੂਹਿਕ ਕਤਲੇਆਮ/ਦੰਗਿਆਂ ਦੌਰਾਨ ਪੀੜਤ ਧਿਰ ਦੇ ਲੋਕਾਂ 'ਚ ਜਾਨਾਂ ਬਚਾਉਣ ਲਈ ਖ਼ੌਫ਼ ਅਤੇ ਅਫ਼ਰਾ-ਤਫ਼ਰੀ ਫੈਲੀ ਹੁੰਦੀ ਹੈ। ਉਨ੍ਹਾਂ ਨੂੰ ਘਟਨਾ ਦੇ ਸਾਰੇ ਹੀ ਹਾਲਾਤ ਇੰਨ-ਬਿੰਨ ਚੇਤੇ ਰਹਿਣੇ ਬਿਲਕੁਲ ਅਸੰਭਵ ਗੱਲ ਹੈ। ਫ਼ੌਜਦਾਰੀ ਕਾਨੂੰਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਦੋਸ਼ੀਆਂ ਦੇ ਨਾਂ ਮੁੱਢਲੀ ਪੁਲਿਸ ਰਿਪੋਰਟ ਵਿਚ ਦਰਜ ਕੀਤੇ ਜਾਣ, ਜਦੋਂ ਕਿ ਕਤਲੇਆਮ ਤੇ ਦੰਗਿਆਂ ਸਮੇਂ ਅਜਿਹਾ ਸੰਭਵ ਨਹੀਂ ਹੁੰਦਾ। ਹਰ ਦੋਸ਼ੀ ਵਲੋਂ ਕੀਤਾ ਗਿਆ ਜੁਰਮ ਚਸ਼ਮਦੀਦ ਗਵਾਹ ਵੱਲੋਂ ਬਿਆਨ ਕਰਨਾ ਵੀ ਅਸੰਭਵ ਹੈ। ਅਕਸਰ ਵਕੀਲਾਂ ਵਲੋਂ ਕਤਲੇਆਮ/ ਦੰਗਿਆਂ ਦੇ ਮਾਮਲੇ ਲਟਕਾ ਦਿੱਤੇ ਜਾਂਦੇ ਹਨ ਅਤੇ ਆਖ਼ਰ ਨਿਬੇੜਾ ਕਰਨ ਵੇਲੇ ਅਦਾਲਤ ਵੀ 'ਬਹੁਤ ਦੇਰ ਹੋ ਗਈ' ਆਖ ਕੇ ਤਰਸ ਦੇ ਆਧਾਰ 'ਤੇ ਦੋਸ਼ੀਆਂ ਨੂੰ ਸਜ਼ਾਵਾਂ ਤੋਂ ਬਚਾਅ ਦਿੰਦੀ ਹੈ।

ਚਾਰ ਸਾਲ ਪਹਿਲਾਂ ਕੇਂਦਰ ਦੀ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਨੇ ਸ਼ਿੱਦਤ ਨਾਲ ਕੌਮੀ ਸਲਾਹਕਾਰ ਕਮੇਟੀ ਕੋਲੋਂ 'ਫ਼ਿਰਕਾਪ੍ਰਸਤ ਅਤੇ ਸੇਧਿਤ ਹਿੰਸਾ ਦੀ ਰੋਕ (ਇਨਸਾਫ਼ ਤੱਕ ਪਹੁੰਚ ਅਤੇ ਦਰੁਸਤੀ) ਬਿੱਲ 2011' ਤਿਆਰ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਵੇਲੇ ਦੀ ਵਿਰੋਧੀ ਧਿਰ ਭਾਜਪਾ ਵਲੋਂ ਇਸ ਨੂੰ 'ਹਿੰਦੂ ਵਿਰੋਧੀ' ਕਰਾਰ ਦਿੰਦਿਆਂ ਇਸ ਬਿੱਲ ਰਾਹੀਂ ਕਾਂਗਰਸ 'ਤੇ 'ਘੱਟ-ਗਿਣਤੀਆਂ' ਨੂੰ ਖ਼ੁਸ਼ ਕਰਨ ਦਾ ਦੋਸ਼ ਲਗਾਉਂਦਿਆਂ ਇਸ ਦਾ ਰੱਜ ਕੇ ਵਿਰੋਧ ਕੀਤਾ ਸੀ। ਕੇਂਦਰ ਦੀ ਸੱਤਾ 'ਚ ਆਉਂਦਿਆਂ ਹੀ ਮਈ 2014 ਦੌਰਾਨ ਭਾਜਪਾ ਦੀ ਮੋਦੀ ਸਰਕਾਰ ਨੇ ਇਸ ਤਜਵੀਜ਼ਸ਼ੁਦਾ ਬਿੱਲ ਨੂੰ ਸਾਬੋਤਾਜ ਕਰ ਦਿੱਤਾ।

ਅੱਜ ਸੂਚਨਾ ਤਕਨੀਕ ਨੂੰ ਵੀ ਫ਼ਿਰਕਾਪ੍ਰਸਤੀ/ਫ਼ਿਰਕੂ ਹਿੰਸਾ ਪੈਦਾ ਕਰਨ ਲਈ ਰੱਜ ਕੇ ਵਰਤਿਆ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਸੋਸ਼ਲ ਮੀਡੀਆ ਦੀ ਬੇ-ਲਗਾਮ ਵਰਤੋਂ ਦੀ ਰੋਕਥਾਮ ਲਈ ਵੀ ਲੋੜ ਭਾਸਣ ਲੱਗੀ ਹੈ। ਸੰਚਾਰ ਤਕਨਾਲੋਜੀ ਕੰਪਨੀਆਂ ਨੂੰ ਇਤਰਾਜ਼ਯੋਗ ਸਮੱਗਰੀ ਦੇ ਮੂਲ ਦਾ ਪਤਾ ਲਾਉਣ ਦੀ ਤਕਨੀਕ ਵਿਕਸਤ ਕਰਨੀ ਚਾਹੀਦੀ ਹੈ। ਨਾਲ ਹੀ ਫ਼ਿਰਕੂ ਕਤਲੇਆਮ/ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਸਮਬੱਧ ਵਿਸ਼ੇਸ਼ ਅਦਾਲਤਾਂ ਬਣਨ। ਜੇ ਭਾਰਤ ਦੀ ਸੁਪਰੀਮ ਕੋਰਟ ਭ੍ਰਿਸ਼ਟ/ਦਾਗੀ ਨੇਤਾਵਾਂ ਨੂੰ ਸੰਵਿਧਾਨਿਕ ਅਹੁਦਿਆਂ 'ਤੇ ਕਾਬਜ਼ ਹੋਣੋਂ ਰੋਕਣ ਲਈ ਸਖ਼ਤ ਕਦਮ ਚੁੱਕ ਸਕਦੀ ਹੈ ਤਾਂ ਉਸ ਨੂੰ ਫ਼ਿਰਕੂ ਕਤਲੇਆਮ/ਦੰਗਿਆਂ ਨੂੰ ਭੜਕਾਉਣ ਦੇ ਦੋਸ਼ਾਂ 'ਚ ਘਿਰੇ ਸਿਆਸੀ ਨੇਤਾਵਾਂ ਦੇ ਵੀ ਸੰਵਿਧਾਨਿਕ ਅਹੁਦਿਆਂ 'ਤੇ ਬੈਠਣ 'ਤੇ ਮੁਕੰਮਲ ਰੋਕ ਲਗਾਉਣ ਲਈ ਅੱਗੇ ਆਉਣਾ ਚਾਹੀਦਾ ਹੈ।



ਦਿੱਲੀ ਵੱਸਦੀ ਚਿੱਤਰਕਾਰ ਅਰਪਨਾ ਕੌਰ ਵੱਲੋਂ ਬਣਾਇਆ ਚਿੱਤਰ: 84 ਦੇ ਜ਼ਖ਼ਮ।

# ਸਿੱਖ ਕਤਲੇਆਮ ਦੇ ਅਣਗੌਲੇ ਤੱਥ

ਦਿੱਲੀ ਸਮੇਤ ਵੱਖ ਵੱਖ ਥਾਵਾਂ 'ਤੇ ਹੋਇਆ ਸਿੱਖ ਕਤਲੇਆਮ ਆਜ਼ਾਦ ਭਾਰਤ ਦੇ ਇਤਿਹਾਸ ਦਾ ਕਾਲਾ ਪੰਨਾ ਹੈ। 31 ਸਾਲ ਬੀਤ ਜਾਣ ਬਾਅਦ ਕਮਿਸ਼ਨ ਦਰ ਕਮਿਸ਼ਨ ਅਤੇ ਕਈ ਕਮੇਟੀਆਂ ਬਣਾਉਣ ਦੇ ਬਾਵਜੂਦ ਨਿਆਂ ਦੀ ਕੋਈ ਚਿਣਗ ਨਜ਼ਰ ਨਹੀਂ ਆਉਂਦੀ। ਕੀ ਇਹ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨਿਆਂ ਪ੍ਰਣਾਲੀ ਦੀ ਬੇਵਸੀ ਹੈ ਜਾਂ ਨਾਕਾਮੀ? ਜਾਂਚ ਕਮੇਟੀਆਂ ਵੱਲੋਂ ਕੀਤੀ ਪੜਤਾਲ ਦੌਰਾਨ ਪੁਲਿਸ ਅਤੇ ਪ੍ਰਸ਼ਾਸਨ ਨੂੰ ਸ਼ਮੂਲੀਅਤ ਲਈ ਦੋਸ਼ੀ ਪਾਇਆ ਗਿਆ, ਨਾਲ ਹੀ ਵੱਡੇ ਸਿਆਸੀ ਆਗੂਆਂ ਸਮੇਤ ਸਥਾਨਕ ਸਿਆਸੀ ਲੀਡਰਾਂ ਨੂੰ ਦੰਗਾਕਾਰੀਆਂ ਦੀ ਅਗਵਾਈ ਕਰਨ ਦੇ ਦੋਸ਼ਾਂ ਲਈ ਤਸਦੀਕ ਕਰ ਕੇ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ, ਪਰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਅਤੇ ਨਾ ਹੀ ਇੱਛਾ ਸ਼ਕਤੀ ਦਿਖਾਈ।

**ਮਾਰਵਾਹ ਕਮਿਸ਼ਨ:** ਕਤਲੇਆਮ ਤੋਂ ਤੁਰੰਤ ਬਾਅਦ ਸਰਕਾਰ ਵੱਲੋਂ ਨਵੰਬਰ 1984

ਹੇਮਜੀਤ ਸਿੰਘ

ਵਿਚ ਅਡੀਸ਼ਨਲ ਪੁਲਿਸ ਕਮਿਸ਼ਨਰ ਵੇਦ ਮਾਰਵਾਹ ਦੀ ਅਗਵਾਈ ਵਿਚ ਕਮਿਸ਼ਨ ਬਣਾਇਆ ਗਿਆ। ਇਸ ਨੇ ਦੰਗਾਕਾਰੀਆਂ ਨਾਲ ਸ਼ਾਮਿਲ ਪੁਲਿਸ ਅਫ਼ਸਰਾਂ ਦੀ ਸ਼ਮੂਲੀਅਤ ਬਾਰੇ ਵੀ ਜਾਂਚ ਕੀਤੀ, ਪਰ ਕਈ ਪੁਲਿਸ ਅਫ਼ਸਰ ਹਾਈ ਕੋਰਟ ਪਹੁੰਚ ਗਏ। ਸਰਕਾਰ ਵੱਲੋਂ 1985 ਦੇ ਅੱਧ ਵਿਚਕਾਰ ਅਚਾਨਕ ਮਾਰਵਾਹ ਕਮਿਸ਼ਨ ਦੀ ਜਾਂਚ ਅਤੇ ਰਿਪੋਰਟਾਂ ਨਵੇਂ ਨਿਯੁਕਤ ਮਿਸ਼ਰਾ ਕਮਿਸ਼ਨ ਨੂੰ ਸੌਂਪ ਦਿੱਤੀਆਂ ਗਈਆਂ। ਬਾਅਦ ਵਿਚ ਵੇਦ ਮਾਰਵਾਹ ਨੇ ਮੰਨਿਆ ਕਿ ਜਾਂਚ ਦੌਰਾਨ ਪੁਲਿਸ ਵਿਭਾਗ ਵੱਲੋਂ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਮਾਰਵਾਹ ਨੂੰ ਉਸ ਸਮੇਂ ਜਾਂਚ ਦੇ ਅੱਧ ਵਿਚਕਾਰ ਹੀ ਲਾਂਭੇ ਕਰ ਦਿੱਤਾ ਗਿਆ ਜਦੋਂਕਿ ਉਸ ਦੀ ਜਾਂਚ ਅਹਿਮ ਨਤੀਜਿਆਂ ਦੇ ਨੇੜੇ ਪਹੁੰਚ ਚੁੱਕੀ ਸੀ। ਇਥੇ ਵਰਣਨਯੋਗ ਇਹ ਵੀ ਹੈ ਕਿ ਵੇਦ ਮਾਰਵਾਹ ਦੀਆਂ ਕਈ ਅਹਿਮ ਹੱਥ ਲਿਖਤਾਂ ਅੱਗੇ ਨਿਯੁਕਤ ਕੀਤੇ ਮਿਸ਼ਰਾ ਕਮਿਸ਼ਨ ਨੂੰ ਨਹੀਂ ਸੌਂਪੀਆਂ ਗਈਆਂ।

**ਮਿਸ਼ਰਾ ਕਮਿਸ਼ਨ:** ਮਿਸ਼ਰਾ ਕਮਿਸ਼ਨ ਮਈ 1985 ਵਿਚ ਜਸਟਿਸ ਰੰਗਾਨਾਥ ਮਿਸ਼ਰਾ ਦੀ ਅਗਵਾਈ ਹੇਠ ਬਣਾਇਆ ਗਿਆ। ਇਸ ਕਮਿਸ਼ਨ ਵੱਲੋਂ ਕੀਤੀ ਗਈ ਜਾਂਚ ਨੂੰ ਇਸ ਮਸਲੇ ਦੀ ਜਾਂਚ ਕਰ ਰਹੀਆਂ ਸਮਾਜਸੇਵੀ ਸੰਸਥਾਵਾਂ 'ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟ' ਅਤੇ 'ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀ' ਨੇ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਲਾਉਂਦੇ ਹੋਏ ਠੁਕਰਾ ਦਿੱਤਾ ਗਿਆ। ਫ਼ੌਜ ਦੀ ਦੇਰੀ ਨਾਲ ਕੀਤੀ ਤਾਇਨਾਤੀ ਸਬੰਧੀ ਮਿਸ਼ਰਾ ਕਮਿਸ਼ਨ ਅੱਗੇ ਪੁਲਿਸ ਕਮੀਸ਼ਨਰ ਟੰਡਨ ਨੇ ਬਿਆਨ ਦਰਜ ਕਰਵਾਇਆ ਕਿ ਉਸ ਵਕਤ ਦਿੱਲੀ ਵਿਚ ਲੋੜੀਂਦੀ ਫ਼ੌਜ ਉਪਲਬਧ ਨਹੀਂ ਸੀ ਜਦੋਂਕਿ ਜਰਨਲ ਜੇ.ਐਸ. ਜਾਮਵਾਲ ਨੇ ਕਮਿਸ਼ਨ ਅੱਗੇ ਬਿਆਨ ਦਿੱਤਾ ਕਿ ਉਸ ਸਮੇਂ ਪੂਰੀ ਬ੍ਰਿਗੇਡ, ਇੰਜੀਨੀਅਰ ਰੈਜਮੈਂਟ ਅਤੇ ਦੋ ਆਰਟਿਲਰੀਆਂ ਦੇ 6100 ਸੈਨਿਕ ਦਿੱਲੀ ਵਿਚ ਹਾਜ਼ਰ ਸਨ। ਸੈਨਾ ਮੁਖੀ ਜਨਰਲ ਵੈਦਿਆ ਦੇ ਬਿਆਨ ਅਨੁਸਾਰ 31 ਅਕਤੂਬਰ ਅੱਧੀ ਰਾਤ ਤਕ ਮੇਰਠ ਤੋਂ 5000 ਸੈਨਿਕਾਂ ਦੀ ਬ੍ਰਿਗੇਡ ਦਿੱਲੀ ਵਿਚ ਪਹੁੰਚ ਗਈ ਸੀ। ਵਿਰੋਧੀ ਧਿਰ ਦੇ ਕਈ ਨੇਤਾਵਾਂ ਵੱਲੋਂ ਗ੍ਰਹਿ ਮੰਤਰੀ ਨੂੰ ਮਿਲ ਕੇ ਫ਼ੌਜ ਦੀ ਤਾਇਨਾਤੀ ਦੀ ਅਪੀਲ ਕਰਨ ਦੇ ਬਾਵਜੂਦ ਸਰਕਾਰ ਵੱਲੋਂ ਫ਼ੌਜ ਦੀ ਤਾਇਨਾਤੀ ਲਈ ਦੇਰੀ ਕੀਤੀ ਗਈ।

**ਜੈਨ ਬੈਨਰਜੀ ਕਮੇਟੀ:** ਇਸ ਦੇ ਮੈਂਬਰ ਸਾਬਕਾ ਹਾਈ ਕੋਰਟ ਜੱਜ ਐਮ.ਐਲ.ਜੈਨ ਅਤੇ ਰਿਟਾਇਰਡ ਇੰਸਪੈਕਟਰ ਜਨਰਲ ਪੁਲਿਸ ਏ.ਕੇ. ਬੈਨਰਜੀ ਨੇ ਸੁਲਤਾਨਪੁਰੀ ਵਿਚ ਦੰਗਾਕਾਰੀ ਭੀੜ ਦੀ ਅਗਵਾਈ ਕਰਨ ਦੇ ਦੋਸ਼ ਵਿਚ ਅਗਸਤ 1987 ਨੂੰ ਕਾਂਗਰਸੀ ਲੀਡਰ ਸੱਜਣ ਕੁਮਾਰ ਵਿਰੁੱਧ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਸੱਜਣ ਕੁਮਾਰ ਨਾਲ ਸਹਿ-ਦੋਸ਼ੀ ਬ੍ਰਹਮਾਨੰਦ ਗੁਪਤਾ ਨੂੰ ਦਿੱਲੀ ਹਾਈ ਕੋਰਟ ਨੇ ਗ੍ਰਿਫ਼ਤਾਰੀ ਤੋਂ ਬਚਾਉਣ ਲਈ ਸਟੇਅ ਦੇ ਦਿੱਤਾ। ਸਰਕਾਰ ਵੱਲੋਂ ਸਟੇਅ ਦਾ ਕੋਈ ਵਿਰੋਧ ਨਾ ਕੀਤਾ ਗਿਆ।

**ਮੋਤੀ ਰੋਸ਼ਾ ਕਮੇਟੀ:** ਵੀ.ਪੀ. ਸਿੰਘ ਵੱਲੋਂ ਪ੍ਰਧਾਨ ਮੰਤਰੀ ਬਣਦੇ ਸਾਰ 1990 ਵਿਚ ਮੋਤੀ ਰੋਸ਼ਾ ਕਮੇਟੀ ਦੀ ਨਿਯੁਕਤੀ ਕੀਤੀ ਗਈ, ਭਾਵ 1990 ਵਿਚ ਕਮੇਟੀ ਨੇ ਕਤਲੇਆਮ ਪੀੜਤਾਂ ਵੱਲੋਂ ਦੋਸ਼ੀਆਂ ਖ਼ਿਲਾਫ਼ 30 ਹਲਫ਼ੀਆ ਬਿਆਨ ਲਏ ਗਏ। ਇਨ੍ਹਾਂ ਤਹਿਤ ਸੱਜਣ ਕੁਮਾਰ ਦੇ ਨਾਲ ਨਾਲ ਕਈ ਹੋਰ ਦੋਸ਼ੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ। ਜਦੋਂ ਸੀ.ਬੀ.ਆਈ. ਉਸ ਨੂੰ ਗ੍ਰਿਫ਼ਤਾਰ ਕਰਨ ਪੰਹੁਚੀ ਤਾਂ ਉਸ ਨੇ ਆਪਣੇ ਆਪ ਨੂੰ ਆਪਣੇ ਘਰ ਵਿਚ ਬੰਦ ਕਰ ਕੇ ਸਮਰਥਕਾਂ ਰਾਹੀਂ ਹੁੱਲੜਬਾਜ਼ੀ ਸ਼ੁਰੂ ਕਰਵਾ ਦਿੱਤੀ ਅਤੇ ਦੋਸ਼ੀ ਦਾ ਵਕੀਲ ਹਾਈ ਕੋਰਟ ਤੋਂ ਪੇਸ਼ਗੀ ਜ਼ਮਾਨਤ ਲੈਣ ਵਿਚ ਸਫ਼ਲ ਹੋ ਗਿਆ। ਮੋਤੀ ਰੋਸ਼ਾ ਕਮੇਟੀ ਦੀ ਛੇ ਮਹੀਨਿਆਂ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਅੱਗੇ ਕੋਈ ਕਾਰਵਾਈ ਨਾ ਕੀਤੀ ਗਈ।

*ਦਿੱਲੀ ਕਤਲੇਆਮ ਸਬੰਧੀ ਸਾਰੇ ਕਮਿਸ਼ਨਾਂ ਅਤੇ ਕਮੇਟੀਆਂ ਦੀਆਂ ਅਧੂਰੀਆਂ ਪੜਤਾਲਾਂ ਦੇ ਬਾਵਜੂਦ ਇੱਕ ਗੱਲ ਤਾਂ ਸਪਸ਼ਟ ਹੋ ਗਈ ਕਿ ਦੰਗਿਆਂ ਵਿਚ ਸ਼ਾਸਨ ਅਤੇ ਪ੍ਰਸ਼ਾਸਨ ਦੀ ਸਿੱਧੀ ਸ਼ਮੂਲੀਅਤ ਰਹੀ। ਨਾਨਾਵਤੀ ਕਮਿਸ਼ਨ ਅਨੁਸਾਰ ਇੰਨੇ ਜਥੇਬੰਦ ਤਰੀਕੇ ਨਾਲ ਕੀਤਾ ਕਤਲੇਆਮ ਰਾਜਨੀਤਕ ਅਤੇ ਸਰਕਾਰੀ ਸ਼ਹਿ ਤੋਂ ਬਿਨਾਂ ਅਸੰਭਵ ਹੈ। ਇਸੇ ਕਾਰਨ ਦੋਸ਼ੀ ਪਾਏ ਗਏ ਪ੍ਰਭਾਵਸ਼ਾਲੀ ਵਿਅਕਤੀ ਨੂੰ ਸਜ਼ਾ ਦੇਣ ਵਿਚ ਸਰਕਾਰ ਅਤੇ ਨਿਆਂ ਪ੍ਰਣਾਲੀ ਅੱਜ ਵੀ ਬੇਵਸ ਨਜ਼ਰ ਆਉਂਦੀ ਹੈ।*

**ਜੈਨ ਅਗਰਵਾਲ ਕਮੇਟੀ:** ਦਸੰਬਰ 1990 ਵਿਚ ਜਸਟਿਸ ਜੇ.ਡੀ. ਜੈਨ ਅਤੇ ਰਿਟਾਇਰਡ ਡੀ.ਜੀ.ਪੀ. ਡੀ.ਕੇ. ਅਗਰਵਾਲ ਦੀ ਅਗਵਾਈ ਵਿਚ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਪੀੜਤਾਂ ਤੋਂ ਲਏ ਗਏ ਤਕਰੀਬਨ ਇੱਕ ਹਜ਼ਾਰ ਹਲਫ਼ੀਆ ਬਿਆਨਾਂ ਦੇ ਆਧਾਰ 'ਤੇ ਕਾਂਗਰਸੀ ਲੀਡਰ ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਧਰਮੇਸ਼ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ। ਇਸ ਕਮੇਟੀ ਵੱਲੋਂ ਦੋ ਵਿਸ਼ੇਸ਼ ਜਾਂਚ ਟੀਮਾਂ ਬਣਾ ਕੇ ਪੁਲਿਸ ਦੀ ਸ਼ਮੂਲੀਅਤ ਜਾਂਚਣ ਦੀ ਸਿਫ਼ਾਰਸ਼ ਵੀ ਕੀਤੀ ਗਈ ਜਿਸ ਵਿਚ ਪੁਲਿਸ ਵੱਲੋਂ ਪੀੜਤਾਂ ਦੀਆਂ ਰਿਪੋਰਟਾਂ ਦਰਜ ਨਾ ਕਰਨਾ, ਦਰਜ ਰਿਪੋਰਟਾਂ ਵਿਚੋਂ ਪ੍ਰਭਾਵਸ਼ਾਲੀ ਨੇਤਾਵਾਂ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਦੇ ਨਾਮ ਮਿਟਾਉਣ, ਕਤਲੇਆਮ ਦਾ ਮੂਕ ਦਰਸ਼ਕ ਬਣੇ ਰਹਿਣ ਸਬੰਧੀ ਗ਼ੈਰ-ਕਾਨੂੰਨੀ ਗਤੀਵਿਧੀਆਂ ਸ਼ਾਮਿਲ ਸਨ। ਸਰਕਾਰ ਵੱਲੋਂ ਦਿਖਾਈ ਦੇਰੀ ਦੇ ਬਾਵਜੂਦ ਭਾਰੀ ਦਬਾਅ ਹੇਠ ਸੀ.ਬੀ.ਆਈ. ਨੇ ਦਸੰਬਰ 1994 ਵਿਚ ਸਿਰਫ਼ ਦੋ ਪ੍ਰਭਾਵਸ਼ਾਲੀ ਨੇਤਾਵਾਂ ਵਿਰੁੱਧ ਚਾਰਜਸ਼ੀਟ ਦਾਖ਼ਲ ਕੀਤੀ।

**ਆਹੂਜਾ ਕਮੇਟੀ:** ਮਿਸ਼ਰਾ ਕਮਿਸ਼ਨ ਵੱਲੋਂ ਨਿਯੁਕਤ ਆਹੂਜਾ ਕਮੇਟੀ ਨੇ ਅਗਸਤ 1987 ਵਿਚ 2733 ਸਿੱਖ ਦਿੱਲੀ ਵਿਚ ਮਾਰੇ ਜਾਣ ਦੀ ਪੁਸ਼ਟੀ ਕੀਤੀ।

**ਢਿੱਲੋਂ ਕਮੇਟੀ:** 1995 ਵਿਚ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਪੀੜਤਾਂ ਦੇ ਨੁਕਸਾਨ ਭਰਪਾਈ ਅਤੇ ਮੁੜ ਵਸਾਉਣ ਕਾਰਜ ਸਬੰਧੀ ਕਮੇਟੀ ਬਣਾਈ ਗਈ। ਕਮੇਟੀ ਵੱਲੋਂ ਬੀਮਾ ਧਾਰਕ ਪੀੜਤਾਂ ਨੂੰ ਬੀਮਾ ਕੰਪਨੀਆਂ ਤੋਂ ਮੁਆਵਜ਼ਾ ਦਿਵਾਉਣ ਦੀ ਸਿਫ਼ਾਰਸ਼ ਕੀਤੀ ਗਈ, ਪਰ ਸਰਕਾਰ ਵੱਲੋਂ ਕਮੇਟੀ ਦੀ ਇਸ ਸਿਫ਼ਾਰਸ਼ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।

**ਨਰੂਲਾ ਕਮੇਟੀ:** ਭਾਜਪਾ ਲੀਡਰ ਮਦਨ ਲਾਲ ਖੁਰਾਣਾ ਵੱਲੋਂ ਦਸੰਬਰ 1993 ਵਿਚ ਨਰੂਲਾ ਕਮੇਟੀ ਦੀ ਨਿਯੁਕਤੀ ਕੀਤੀ ਗਈ। ਇਸ ਕਮੇਟੀ ਵੱਲੋਂ ਵੀ ਜਨਵਰੀ 1994 ਵਿਚ ਆਪਣੀ ਰਿਪੋਰਟ ਸੌਂਪਦੇ ਹੋਏ ਕਾਂਗਰਸੀ ਲੀਡਰ ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਧਰਮੇਸ਼ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਗਈ।

**ਨਾਨਾਵਤੀ ਕਮਿਸ਼ਨ:** ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਜੀ.ਟੀ. ਨਾਨਾਵਤੀ ਦੀ ਅਗਵਾਈ ਹੇਠ ਨਾਨਾਵਤੀ ਕਮਿਸ਼ਨ ਦੀ ਸਥਾਪਨਾ ਸਾਲ 2000 ਵਿਚ ਕੀਤੀ ਗਈ। ਇਸ ਕਮਿਸ਼ਨ ਵੱਲੋਂ ਆਪਣੀ ਰਿਪੋਰਟ ਫਰਵਰੀ 2004 ਵਿਚ ਸੌਂਪੀ ਗਈ ਜਿਸ ਵਿਚ ਸਥਾਨਕ ਕਾਂਗਰਸ ਲੀਡਰ ਅਤੇ ਵਰਕਰਾਂ ਨੂੰ ਦੰਗੇ ਭੜਕਾਉਣ ਦਾ ਦੋਸ਼ੀ ਪਾਇਆ ਗਿਆ ਅਤੇ ਦੋ ਚੋਟੀ ਦੇ ਕਾਂਗਰਸੀ ਆਗੂਆਂ ਦੀ ਕਤਲੇਆਮ ਵਿਚ ਸਮੂਲੀਅਤ ਸੰਬੰਧੀ ਜਾਂਚ ਦੀ ਸਿਫ਼ਾਰਸ਼ ਵੀ ਕੀਤੀ ਗਈ। ਜਾਂਚ ਅਨੁਸਾਰ ਪੁਲਿਸ ਦੀ ਭੂਮਿਕਾ ਨਾਕਾਰਾਤਮਕ ਹੀ ਨਹੀਂ, ਬਲਕਿ ਦੰਗਾਕਾਰੀਆਂ ਨੂੰ ਸ਼ਹਿ ਦੇਣ ਵਾਲੀ ਰਹੀ।

ਦਿੱਲੀ ਕਤਲੇਆਮ ਸਬੰਧੀ ਸਾਰੇ ਕਮਿਸ਼ਨਾਂ ਅਤੇ ਕਮੇਟੀਆਂ ਦੀਆਂ ਅਧੂਰੀਆਂ ਪੜਤਾਲਾਂ ਦੇ ਬਾਵਜੂਦ ਇੱਕ ਗੱਲ ਤਾਂ ਸਪਸ਼ਟ ਹੋ ਗਈ ਕਿ ਦੰਗਿਆਂ ਵਿਚ ਸ਼ਾਸਨ ਅਤੇ ਪ੍ਰਸ਼ਾਸਨ ਦੀ ਸਿੱਧੀ ਸ਼ਮੂਲੀਅਤ ਰਹੀ। ਨਾਨਾਵਤੀ ਕਮਿਸ਼ਨ ਅਨੁਸਾਰ ਇੰਨੇ ਜਥੇਬੰਦ ਤਰੀਕੇ ਨਾਲ ਕੀਤਾ ਕਤਲੇਆਮ ਰਾਜਨੀਤਕ ਅਤੇ ਸਰਕਾਰੀ ਸ਼ਹਿ ਤੋਂ ਬਿਨਾਂ ਅਸੰਭਵ ਹੈ। ਇਸੇ ਕਾਰਨ ਦੋਸ਼ੀ ਪਾਏ ਗਏ ਪ੍ਰਭਾਵਸ਼ਾਲੀ ਵਿਅਕਤੀ ਨੂੰ ਸਜ਼ਾ ਦੇਣ ਵਿਚ ਸਰਕਾਰ ਅਤੇ ਨਿਆਂ ਪ੍ਰਣਾਲੀ ਅੱਜ ਵੀ ਬੇਵਸ ਨਜ਼ਰ ਆਉਂਦੀ ਹੈ। ਪੀੜਤਾਂ ਦੀ ਨਿਆਂ ਪ੍ਰਾਪਤੀ ਦੀ ਉਮੀਦ ਹੁਣ ਖ਼ਤਮ ਹੋ ਗਈ ਹੈ।

# ਪੰਜ ਪਿਆਰੇ, ਸਰਬੱਤ ਖਾਲਸਾ ਅਤੇ ਗੁਰਮਤਾ

**ਭਖਦੇ ਮਸਲੇ**

1699 ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਖਾਲਸਾ ਪੰਥ ਦਾ ਪ੍ਰਕਾਸ਼ ਹੋਇਆ। ਪੰਥ ਦੀ ਬੁਨਿਆਦ ਪੰਜ ਪਿਆਰੇ ਬਣੇ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਬਾਣਾ ਪਹਿਨਾ ਕੇ ਸੰਗਤ ਸਾਹਮਣੇ ਗੁਰੂ ਗੋਬਿੰਦ ਰਾਇ ਨੇ ਉਨ੍ਹਾਂ ਅਗੇ ਹਥ ਜੋੜ ਬੇਨਤੀ ਕੀਤੀ, ਤੁਸੀਂ ਪੰਥ ਹੋ, ਵੱਡੇ ਹੋ, ਸਾਨੂੰ ਆਪਣੇ ਵਿਚ ਸ਼ਾਮਲ ਕਰੋ। ਉਨ੍ਹਾਂ ਪਾਸੋਂ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਇ, ਗੁਰੂ

ਹਰਪਾਲ ਸਿੰਘ ਪੰਨੂ*
ਫੋਨ: 91-94642-51454

ਗੋਬਿੰਦ ਸਿੰਘ ਹੋਏ। ਇਸ ਮਹਾਨ ਤੇਜਸਵੀ ਘਟਨਾ ਪਿਛੋਂ ਗੁਰੂ ਜੀ ਨੇ ਪੰਥ ਨੂੰ ਹੁਕਮ ਦੇਣ ਦੀ ਥਾਂ ਪੰਥ ਦੇ ਹੁਕਮ ਮੰਨੇ। ਪ੍ਰਮਾਣਿਤ ਹੋ ਗਿਆ ਕਿ ਵਿਅਕਤੀ ਬੇਸ਼ਕ ਗੁਰੂ ਹੋਵੇ, ਪੰਥ ਦੀ ਤਾਬਿਆਦਾਰੀ ਵਿਚ ਰਹੇਗਾ।

ਧਾਰਮਿਕ ਰਸਮਾਂ, ਜਿਵੇਂ ਕਿ ਨਗਰ ਕੀਰਤਨ ਦੀ ਅਗਵਾਈ, ਅੰਮ੍ਰਿਤ ਸੰਚਾਰ ਆਦਿਕ ਮੌਕਿਆਂ ਉਪਰ ਪੰਜ ਪਿਆਰਿਆਂ ਦੀ ਚੋਣ ਕਰਨ ਵਕਤ ਕਦੀ ਮੁਸ਼ਕਿਲ ਨਹੀਂ ਆਈ, ਵਿਵਾਦ ਪੈਦਾ ਨਹੀਂ ਹੋਇਆ। ਹਰ ਅੰਮ੍ਰਿਤਧਾਰੀ ਸਿੰਘ ਪੰਜ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਹੱਕਦਾਰ ਹੈ। ਵਿਵਾਦ ਉਦੋਂ ਪੈਦਾ ਹੋਏ ਜਦੋਂ ਪੰਜ ਪਿਆਰਿਆਂ ਪਾਸੋਂ ਸਿਆਸੀ ਫੈਸਲੇ ਕਰਵਾਏ ਗਏ। ਅਜੋਕਾ ਰੌਲਾ-ਗੌਲਾ ਸਿਆਸੀ ਪਰਾਲੀ ਵਿਚ ਲਾਈ ਗਈ ਅੱਗ ਦਾ ਧੁੰਦੂਕਾਰਾ ਹੈ।

ਸਥਾਨਕ ਧਾਰਮਿਕ ਰਸਮਾਂ ਤੋਂ ਇਲਾਵਾ ਜੇ ਵੱਡੇ ਫੈਸਲੇ ਲੈਣੇ ਪੈਣ ਜਿਨ੍ਹਾਂ ਦਾ ਅਸਰ ਦੁਨੀਆਂ ਭਰ ਦੇ ਸਿੱਖਾਂ ਉਪਰ ਪੈਣਾ ਹੈ, ਪੰਜ ਪਿਆਰੇ ਕੌਣ ਹੋਣਗੇ, ਉਨ੍ਹਾਂ ਦੀ ਚੋਣ ਕਿਵੇਂ ਹੋਵੇ, ਪੰਥ ਵਿਚ ਸਪਸ਼ਟ ਨਹੀਂ। ਸੌਖਾ ਹੱਲ ਕੱਢਿਆ ਗਿਆ-ਕਿਉਂਕਿ ਤਖਤ ਪੰਜ ਹਨ, ਪੰਜਾਂ ਤਖਤਾਂ ਦੇ ਜਥੇਦਾਰਾਂ ਵਲੋਂ ਲਿਆ ਗਿਆ ਫੈਸਲਾ ਗੁਰਮਤਾ ਹੋਏਗਾ। ਪਾਠਕਾਂ ਨੂੰ ਦੱਸ ਦੇਈਏ ਕਿ 50 ਸਾਲ ਪਹਿਲਾਂ ਤਖਤ ਪੰਜ ਨਹੀਂ ਚਾਰ ਸਨ, 60ਵਿਆਂ ਵਿਚ ਤਲਵੰਡੀ ਸਾਬੋ ਪੰਜਵਾਂ ਤਖਤ ਨਿਹੰਗਾਂ ਦੇ ਕਹਿਣ 'ਤੇ ਥਾਪਿਆ ਗਿਆ, ਜਿਸ ਦੀ ਆਲੋਚਨਾ ਸਿਰਦਾਰ ਕਪੂਰ ਸਿੰਘ ਸਮੇਤ ਅਨੇਕ ਵਿਦਵਾਨਾਂ ਨੇ ਕੀਤੀ ਸੀ। ਚਾਰ ਤਖਤਾਂ ਦੇ ਜਥੇਦਾਰਾਂ ਵਿਚ ਪੰਜਵਾਂ ਹਰਿਮੰਦਰ ਸਾਹਿਬ ਦਾ ਗ੍ਰੰਥੀ ਸ਼ਾਮਲ ਕਰ ਲਿਆ ਜਾਂਦਾ ਸੀ।

ਦੂਜਾ ਮਸਲਾ ਇਹ ਸੀ ਕਿ ਤਿੰਨ ਤਖਤ ਪੰਜਾਬ ਵਿਚ ਹੋ ਗਏ, ਦੋ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਪੰਜਾਬੋਂ ਬਾਹਰ ਹਨ। ਗੈਰ-ਪੰਜਾਬੀਆਂ ਦੇ ਮਸਲੇ ਪੰਜਾਬੀ ਸਿੱਖਾਂ ਨਾਲੋਂ ਵੱਖਰੇ ਹੁੰਦੇ, ਖਾਸ ਕਰ ਸਿਆਸੀ ਲੋੜਾਂ। ਨਤੀਜਾ ਇਹ ਹੋਇਆ ਕਿ ਪੰਜਾਬੋਂ ਬਾਹਰਲੇ ਤਖਤਾਂ ਦੇ ਜਥੇਦਾਰ ਮੀਟਿੰਗਾਂ ਵਿਚ ਸ਼ਾਮਲ ਨਾ ਹੁੰਦੇ। ਅਕਾਲੀਆਂ ਨੇ ਇਸ ਦਾ ਹੱਲ ਵੀ ਇਹੋ ਕਢਿਆ ਕਿ ਬਾਹਰਲੇ ਦੋ ਤਖਤਾਂ ਦੀ ਥਾਂ ਇਕ ਹਰਿਮੰਦਰ ਸਾਹਿਬ ਦਾ ਗ੍ਰੰਥੀ ਪਾ ਲਉ ਤੇ ਦੂਜਾ ਅਕਾਲ ਤਖਤ ਦਾ ਗ੍ਰੰਥੀ। ਇਹ ਸਾਰਾ ਪਰਪੰਚ ਅਕਾਲੀਆਂ ਨੇ ਬਗੈਰ ਕਿਸੇ ਵਿਧੀ ਵਿਧਾਨ ਦੇ ਆਪੇ ਤਿਆਰ ਕਰ ਲਿਆ, ਕਿਸੇ ਦੀ ਚੂੰ ਕਰਨ ਦੀ ਹਿੰਮਤ ਨਹੀਂ ਹੋਈ। ਜਿਸ ਨੂੰ ਜਦੋਂ ਮਰਜੀ ਪੰਥ ਵਿਚੋਂ ਛੇਕ ਦਿਉ।

ਜੂਨ 1984, ਦਰਬਾਰ ਸਾਹਿਬ ਉਪਰ ਫੌਜੀ ਹਮਲਾ ਹੋਇਆ। ਸਭ ਇਮਾਰਤਾਂ ਨੁਕਸਾਨੀਆਂ ਗਈਆਂ ਪਰ ਅਕਾਲ ਤਖਤ ਪੂਰਾ ਢਹਿ ਗਿਆ। ਅਕਾਲ ਤਖਤ ਦੇ ਉਦੋਂ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਵਾਰ ਵਾਰ ਟੀ ਵੀ ਉਪਰ ਬਿਆਨ ਦੇ ਰਹੇ ਸਨ-ਕੋਠਾ ਸਾਹਿਬ ਠੀਕ ਠਾਕ ਹੈ। ਪਿਛੋਂ ਇਸ ਝੂਠ ਦੀ ਸਜ਼ਾ ਵਜੋਂ ਖਾੜਕੂਆਂ ਨੇ ਉਨ੍ਹਾਂ ਉਪਰ ਫਾਇਰਿੰਗ ਕੀਤੀ ਪਰ ਬਚ ਗਏ। ਕਾਰਟੂਨ ਛਪਿਆ, ਸਿੰਘ ਸਾਹਿਬ ਕਹਿ ਰਹੇ ਹਨ-ਇਕ ਵਾਰ ਝੂਠ ਬੋਲਣ ਦੀ ਏਨੀ ਸਜ਼ਾ, ਲੋਕ ਪਤਾ ਨੀਂ ਕਿਵੇਂ ਰੋਜ਼ ਰੋਜ਼ ਝੂਠ ਬੋਲੀ ਜਾਂਦੇ ਹਨ।

ਕੇਂਦਰ ਸਰਕਾਰ ਨੇ ਉਦੋਂ ਤਕ ਕਰਫਿਊ ਵਰਗਾ ਮਾਹੌਲ ਬਣਾਈ ਰਖਿਆ ਜਦੋਂ ਤਕ ਨਿਹੰਗ ਚੀਫ ਬਾਬਾ ਸੰਤਾ ਸਿੰਘ ਅਤੇ ਕੇਂਦਰੀ ਮੰਤਰੀ ਬੂਟਾ ਸਿੰਘ ਰਾਹੀਂ ਸਰਕਾਰੀ ਪੈਸੇ ਨਾਲ ਨਵਾਂ ਅਕਾਲ ਤਖਤ ਨਹੀਂ ਉਸਾਰ ਲਿਆ। ਸੰਗਤ ਦਰਸ਼ਨ ਵਾਸਤੇ ਪਹਿਲੀ ਵਾਰ ਇਮਾਰਤ ਖੋਲ੍ਹੀ




ਤਾਂ ਸਰਬਤ ਖਾਲਸਾ ਸੱਦਿਆ ਜਿਸ ਦਾ ਪੰਜਾਬ ਦੇ ਸਿੱਖਾਂ ਨੇ ਬਾਈਕਾਟ ਕੀਤਾ, ਸਰਕਾਰੀ ਨਵੀਂ ਬਣੀ ਇਮਾਰਤ ਢਾਹ ਕੇ ਆਪ ਨਵੀਂ ਬਣਾਈ। ਇਸ ਪਿਛੋਂ ਅਕਾਲ ਤਖਤ ਦੇ ਜਥੇਦਾਰ ਨੂੰ ਸੱਦੇ ਬਗੈਰ ਸਰਬੱਤ ਖਾਲਸਾ ਸਦਿਆ, ਤਿੰਨੇ ਤਖਤਾਂ ਦੇ ਜਥੇਦਾਰ ਹਟਾ ਕੇ ਨਵੇਂ ਥਾਪ ਦਿਤੇ।

ਇਕ ਸਰਬਤ ਖਾਲਸਾ 1986 ਵਿਚ ਬਰਨਾਲਾ ਸਰਕਾਰ ਨੇ ਵੀ ਸਦਿਆ ਸੀ, ਅਨੰਦਪੁਰ ਸਾਹਿਬ ਵਿਚ, ਜਿਸ ਦਾ ਪ੍ਰਬੰਧ ਖਜ਼ਾਨਾ ਮੰਤਰੀ ਬਲਵੰਤ ਸਿੰਘ ਨੇ ਕੀਤਾ। ਪੱਤਰਕਾਰਾਂ ਨੇ ਮੰਤਰੀ ਨੂੰ ਪੁਛਿਆ, ਸਰਬਤ ਖਾਲਸਾ ਅੰਮ੍ਰਿਤਸਰ ਹੋਇਆ ਕਰਦੈ, ਉਥੇ ਕਿਉਂ ਨਹੀਂ ਕੀਤਾ? ਮੰਤਰੀ ਨੇ ਉਤਰ ਦਿਤਾ, ਥੋਨੂੰ ਪਤੈ, ਉਥੇ ਗਰਮ ਸਿੱਖ ਜੁਆਨ ਬੈਠੇ ਨੇ, ਠੂਹ ਠਾਹ ਨਾ ਕਰ ਦੇਣ। ਇਕ ਪੱਤਰਕਾਰ ਨੇ ਪੁਛਿਆ, ਪਰ ਜੇ ਉਨ੍ਹਾਂ ਨੇ ਐਲਾਨ ਕਰ ਦਿਤਾ ਕਿ ਉਹ ਇਥੇ ਆ ਰਹੇ ਨੇ ਫੇਰ? ਬਲਵੰਤ ਸਿੰਘ ਹੱਸ ਪਏ। ਫੇਰ ਅਸੀਂ ਸਰਬਤ ਖਾਲਸਾ ਨੈਣਾ ਦੇਵੀ ਕਰਲਾਂ'ਗੇ। ਇਕੱਠ ਤਾਂ ਸਰਕਾਰ ਨੇ ਬਥੇਰਾ ਕਰ ਲਿਆ ਪਰ ਇਸ ਦਾ ਅਸਰ ਕੋਈ ਨਾ ਹੋਇਆ। ਮਗਰੋਂ ਬਲਵੰਤ ਸਿੰਘ ਗੋਲੀਆਂ ਦਾ ਸ਼ਿਕਾਰ ਹੋ ਗਏ।

2007 ਵਿਚ ਅਕਾਲੀ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਡੇਰਾ ਸਿਰਸਾ ਮੁਖੀ ਖਿਲਾਫ ਕਾਰਵਾਈ ਕਰਨ ਦੇ ਹੱਕ ਵਿਚ ਨਹੀਂ ਸੀ। ਤਲਵੰਡੀ ਸਾਬੋ ਡੇਢ ਲੱਖ ਦਾ ਇਕੱਠ ਏਨਾ ਜਿਆਦਾ ਹੋ ਗਿਆ ਕਿ ਚਾਰਾ ਨਾ ਰਿਹਾ। ਡੇਰਾ ਮੁਖੀ ਨੇ ਇਕ ਤੋਂ ਵਧੀਕ ਗਲਤੀਆਂ ਕੀਤੀਆਂ ਸਨ। ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾ ਕੇ ਅੰਮ੍ਰਿਤ ਤਿਆਰ ਕੀਤਾ ਜਿਸ ਵਿਚ ਆਪਣੀ ਬਾਂਹ ਵਿਚੋਂ ਲਹੂ ਕੱਢ ਕੇ ਮਿਲਾਇਆ। ਇਸ਼ਾਰਾ ਸੀ ਕਿ ਗੁਰੂ ਜੀ ਨੇ ਸਿੱਖਾਂ ਤੋਂ ਖੂਨ ਮੰਗਿਆ ਸੀ, ਮੈਂ ਆਪਣਾ ਖੂਨ ਮਿਲਾ ਰਿਹਾ। ਉਸ ਦੇ ਬੇਟਿਆਂ ਨੂੰ ਸਾਹਿਬਜ਼ਾਦੇ ਕਿਹਾ ਜਾਂਦਾ ਹੈ।

ਇਸ ਪਿਠਭੂਮੀ ਵਾਲੇ ਬੰਦੇ ਨੂੰ ਬਿਨਾ ਕਿਸੇ ਨੂੰ ਪੁਛਿਆਂ-ਦਸਿਆਂ ਮਾਫ ਕਰਨ ਨਾਲ ਵਿਆਪਕ ਹਲਚਲ ਮਚਣੀ ਹੀ ਸੀ। ਜਬਰਦਸਤ ਗੁਸਾ ਦੇਖਦਿਆਂ ਫਟਾਫਟ ਫਿਰ ਸਿੰਘ ਸਾਹਿਬਾਨ ਨੇ ਮਾਫੀਨਾਮਾ ਵਾਪਸ ਲੈ ਲਿਆ। ਇਹ ਇਵੇਂ ਹੋਇਆ ਕਿ ਇਕ ਬੰਦਾ ਚਿਕੜ ਵਿਚੋਂ ਦੀ ਲੰਘ ਗਿਆ, ਪਾਰ ਖਲੋਤੇ ਬੰਦੇ ਨੇ ਕਿਹਾ, ਭਾਈ ਉਧਰ ਦੀ ਸੁਕਾ ਰਸਤਾ ਵੀ ਸੀ, ਉਧਰੋਂ ਦੀ ਆ ਜਾਂਦਾ। ਮੁਸਾਫਿਰ ਚਿਕੜ ਵਿਚੋਂ ਦੀ ਫਿਰ ਵਾਪਸ ਗਿਆ, ਸੁਕੇ ਰਸਤੇ ਆਇਆ।

ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਹਾਲਤ ਬਹੁਤ ਚੰਗੀ ਨਹੀਂ, ਇਥੇ ਤਾਂ ਇਹ ਪਤਾ ਨਹੀਂ ਕਿ ਕਮੇਟੀ-ਪ੍ਰਧਾਨ ਜਾਂ ਸਿੰਘ-ਸਾਹਿਬਾਨ ਦੀ ਕਦੋਂ ਛੁਟੀ ਹੋ ਜਾਏ, ਮੁਲਾਜ਼ਮਾਂ ਦੀ ਕੀ ਵੁਕਤ? ਇਸ ਸੂਰਤੇ ਹਾਲ ਵਿਚ ਪੰਜ ਪਿਆਰਿਆਂ ਵੱਲੋਂ ਸਿੰਘ ਸਾਹਿਬਾਨ ਨੂੰ ਤਲਬ ਕਰਨਾ ਸਿਰ ਤਲੀ 'ਤੇ ਰੱਖਣ ਵਾਂਗ ਸੀ। ਜਦੋਂ ਮੱਕੜ ਸਾਹਿਬ ਪੰਜ ਪਿਆਰਿਆਂ ਨੂੰ ਮੁਅਤਲੀ ਦੇ ਹੁਕਮ ਦੇ ਰਹੇ ਹਨ, ਇਕ ਜੁਆਨ ਆਪਣਾ ਅਸਤੀਫਾ ਮੱਕੜ ਸਾਹਿਬ ਵੱਲ ਸੁਟ ਰਿਹਾ ਹੈ, ਕਹਿ ਰਿਹਾ ਹੈ, ਮੈਂ ਕੰਪਿਊਟਰ ਆਪਰੇਟਰ ਰਮਨਜੀਤ ਸਿੰਘ ਹਾਂ। ਮੈਂ ਮੱਕੜ ਨੂੰ ਅਸਤੀਫਾ ਦਿਤਾ ਹੈ, ਪੰਥ ਨੂੰ ਨਹੀਂ। ਮੇਰੇ ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ ਹੈ।

ਇਹ ਘਟਨਾਵਾਂ ਹਾਦਸੇ ਨਹੀਂ, ਮੀਲਾਂ ਡੂੰਘੇ ਆਈਸਬਰਗ ਦੇ ਉਪਰ ਦਿਸਦੇ ਨਿਕੇ ਨਿਕੇ ਟੋਟੇ ਹਨ ਜਿਨ੍ਹਾਂ ਤੋਂ ਅਕਾਲੀ ਦਲ ਨੂੰ ਚੇਤੰਨ ਹੋਣਾ ਪਵੇਗਾ।

---

*ਲੇਖਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਰਮ ਅਧਿਐਨ ਵਿਭਾਗ ਵਿਚ ਸੀਨੀਅਰ ਪ੍ਰੋਫੈਸਰ ਹੈ।

# ਦੀਵਾਲੀ ਦਾ ਹਨੇਰਾ ਪਾਸਾ

*ਦੀਵਾਲੀ ਰੋਸ਼ਨੀ ਦਾ ਤਿਓਹਾਰ ਹੈ। ਸਾਹਮਣੇ ਦਿਸਦੇ ਤਾਂ ਦੀਵੇ ਬਾਲੇ ਜਾਂਦੇ ਹਨ, ਮਠਿਆਈਆਂ ਵੰਡੀਆਂ ਜਾਂਦੀਆਂ ਹਨ, ਇਕ ਦੂਜੇ ਨੂੰ ਗਿਫਟ ਵੀ ਦਿੱਤੇ ਜਾਂਦੇ ਹਨ ਪਰ ਇਸ ਸਭ ਦੇ ਪਿਛੇ ਇਕ ਹਨੇਰਾ ਪੱਖ ਵੀ ਹੈ। ਇਹ ਪੱਖ ਹੈ-ਰਿਸ਼ਵਤ ਦਾ, ਮਤਲਬ ਦਾ ਅਤੇ ਇਕ ਦੂਜੇ ਨਾਲ ਸਿਰਫ ਮੂੰਹ ਦਿਖਾਵਾ ਕਰਨਾ। ਲੇਖਕ ਨੇ ਆਪਣੇ ਇਸ ਲੇਖ ਵਿਚ ਇਸ ਸਭ ਕਾਸੇ ਉਤੇ ਹੀ ਉਂਗਲ ਧਰੀ ਹੈ। ਭਾਵੇਂ ਪਰਦੇਸਾਂ ਵਿਚ ਦੀਵਾਲੀ ਉਸ ਤਰ੍ਹਾਂ ਨਹੀਂ ਮਨਾਈ ਜਾਂਦੀ ਜਿਵੇਂ ਪੰਜਾਬ ਵਿਚ। ਪਰ ਇਹ ਲੇਖ ਸਾਡੇ ਪੁਰਾਣੇ ਦਿਨ ਤਾਂ ਚੇਤੇ ਕਰਵਾਉਂਦਾ ਹੀ ਹੈ। -ਸੰਪਾਦਕ*

ਸਾਡੇ ਮੁਲਕ 'ਚ ਤਿਉਹਾਰਾਂ ਦਾ ਕੋਈ ਅੰਤ ਨਹੀਂ। ਲੋਹੜੀ ਵੰਡੀ ਜਾਂਦੀ ਹੈ, ਰੱਖੜੀ ਬੰਨ੍ਹੀ ਜਾਂਦੀ ਹੈ, ਦੁਸਹਿਰਾ ਫੂਕਿਆ ਜਾਂਦਾ ਹੈ, ਮਾਘੀ ਨ੍ਹਾਤੀ ਜਾਂਦੀ ਹੈ ਤੇ ਹੋਲੀ ਖੇਡੀ ਜਾਂਦੀ ਹੈ। ਕ੍ਰਿਸਮਸ, ਵਿਸਾਖੀ, ਜਨਮ ਅਸ਼ਟਮੀ ਆਦਿ ਮਨਾਈਆਂ ਜਾਂਦੀਆਂ ਹਨ। ਸਾਰੇ ਤਿਓਹਾਰਾਂ 'ਚੋਂ ਸਿਰਮੌਰ ਦੀਵਾਲੀ ਦਾ ਤਿਓਹਾਰ ਹੈ। ਪਿੰਡਾਂ ਵਿਚ ਭਾਵੇਂ ਇਹ ਸਿਰਫ ਮਨਾਈ ਜਾਂਦੀ ਹੈ ਪਰ ਸ਼ਹਿਰਾਂ ਤੇ ਕਸਬਿਆਂ ਵਿਚ ਇਹ ਮਨਾਉਣ ਦੇ ਨਾਲ ਨਾਲ ਮੰਗੀ ਵੀ ਜਾਂਦੀ ਹੈ, ਦਿੱਤੀ ਵੀ ਜਾਂਦੀ ਹੈ ਅਤੇ ਇਕੱਠੀ ਵੀ ਕੀਤੀ ਜਾਂਦੀ ਹੈ।

ਸਰਕਾਰੀ ਕੰਪਲੈਕਸਾਂ ਵਿਚ ਤਾਇਨਾਤ


ਜਸਵੰਤ ਸਿੰਘ ਜ਼ਫਰ

ਲੋਕ ਦੀਵਾਲੀ ਮਗਰੋਂ ਅਕਸਰ ਇੱਕ-ਦੂਜੇ ਨੂੰ ਪੁੱਛਦੇ ਹਨ-ਐਤਕੀਂ ਕਿੰਨੀ ਕੁ ਬਣੀ ਦੀਵਾਲੀ? ਕੁਝ ਵਰ੍ਹੇ ਪਹਿਲਾਂ ਅਖ਼ਬਾਰਾਂ ਵਿਚ ਛਪਿਆ ਸੀ ਕਿ ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਦਫਤਰ, ਯਾਨਿ ਸਿਵਲ ਸਕੱਤਰੇਤ ਚੰਡੀਗੜ੍ਹ ਵਿਚ ਦਰਜਾ ਚਾਰ ਕਰਮਚਾਰੀਆਂ ਨੂੰ ਹੀ ਲੱਖਾਂ ਰੁਪਏ ਦੀ ਦੀਵਾਲੀ ਬਣ ਜਾਂਦੀ ਹੈ। ਦੱਸਦੇ ਹਨ ਕਿ ਜ਼ਿਲਿਆਂ ਦੇ ਵੱਡੇ ਅਫ਼ਸਰਾਂ ਨੂੰ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦੇਣ ਆਏ ਪਤਵੰਤੇ ਸੱਜਣ ਉਨ੍ਹਾਂ ਦੇ ਘਰੀਂ ਦਰਸ਼ਨ ਭੇਟਾਵਾਂ ਦੇ ਅੰਬਾਰ ਲਾ ਦਿੰਦੇ ਹਨ। ਜਿਨ੍ਹਾਂ ਵਿਚ ਚਾਂਦੀ ਦੇ ਬਰਤਨ ਅਤੇ ਸੋਨੇ ਤੇ ਪਲੈਟੀਨਮ ਦੇ ਗਹਿਣੇ ਵੀ ਸ਼ਾਮਲ ਹੁੰਦੇ ਹਨ। ਚੜ੍ਹਾਵੇ ਦਾ ਇਹ ਮਾਲ ਰਿਸ਼ਵਤ ਜਾਂ ਇਨਕਮ ਟੈਕਸ ਦੇ ਘੇਰੇ ਵਿਚ ਨਹੀਂ ਆਉਂਦਾ। ਕਿਸੇ ਸਰਕਾਰੀ ਅਹੁਦੇ ਦੀ ਸ਼ਾਨ ਅਤੇ ਮਹੱਤਵ ਦਾ ਅੰਦਾਜ਼ਾ ਮਿਲਣ ਵਾਲੀ ਦੀਵਾਲੀ ਤੋਂ ਲਾਇਆ ਜਾਂਦਾ ਹੈ।

ਕਈ ਵਾਰ ਸਰਕਾਰੀ ਅਹਿਲਕਾਰਾਂ ਨੂੰ ਸਜ਼ਾ ਦੇ ਤੌਰ ਤੇ ਅਜਿਹੇ ਅਹੁਦੇ ਜਾਂ ਸਟੇਸ਼ਨ 'ਤੇ ਲਾਇਆ ਜਾਂਦਾ ਹੈ ਜਿਥੇ ਦੀਵਾਲੀ ਨਾ ਮਿਲਦੀ ਹੋਵੇ। ਜੇ ਕਿਸੇ ਮੋਟੀ ਦੀਵਾਲੀ ਵਾਲੇ ਅਹੁਦੇ 'ਤੇ ਤਾਇਨਾਤ ਅਹਿਲਕਾਰ ਦਾ ਤਬਾਦਲਾ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਕਿਸੇ ਖੁਸ਼ਕ ਜਗ੍ਹਾ 'ਤੇ ਹੋ ਜਾਏ ਤਾਂ ਇੰਜ ਮਹਿਸੂਸਿਆ ਜਾਂਦਾ ਹੈ ਜਿਵੇਂ ਕਿਸੇ ਸੌਦਾਗਰ ਦਾ ਹੀਰੇ-ਮੋਤੀਆਂ ਦਾ ਭਰਿਆ ਬੇੜਾ ਸਮੁੰਦਰ ਦੇ ਵਿਚਾਲੇ ਡੁੱਬ ਗਿਆ ਹੋਵੇ। ਸਾਰਾ ਟੱਬਰ ਮਰਨ ਹਾਕਾ ਹੋ ਜਾਂਦਾ ਹੈ। ਘਰ ਵਿਚ ਸੋਗ ਪੈ ਜਾਂਦਾ ਹੈ। ਦੂਜੇ ਪਾਸੇ ਯਤਨ ਕਰਕੇ ਅਜਿਹੇ ਅਹੁਦੇ 'ਤੇ ਲੱਗਣ ਵਾਲੇ ਦੇ ਟੱਬਰ ਦੀਆਂ ਵਾਛਾਂ ਖਿੜ ਜਾਂਦੀਆਂ ਹਨ। ਬਲੱਡ ਪ੍ਰੈਸ਼ਰ ਨਾਰਮਲ ਹੋ ਜਾਂਦੇ ਹਨ। ਢਿੱਡਾਂ ਵਿਚ ਲੱਡੂ ਫੁੱਟਣ ਲੱਗਦੇ ਹਨ। ਦਿਲਾਂ ਵਿਚ ਘਿਓ ਦੇ ਦੀਵੇ ਬਲਦੇ ਹਨ। ਏਨੀ ਖੁਸ਼ੀ ਤਾਂ ਭਗਵਾਨ ਰਾਮ ਦੇ ਅਯੁਧਿਆ ਪਰਤਣ 'ਤੇ ਉਥੋਂ ਦੇ ਵਾਸੀਆਂ ਨੂੰ ਵੀ ਨਹੀਂ ਹੋਈ ਹੋਣੀ।

ਕਈ ਅਹਿਲਕਾਰਾਂ ਦਾ ਪਰਿਵਾਰ ਉਨ੍ਹਾਂ ਦੇ ਤਾਇਨਾਤੀ ਸਥਾਨ 'ਤੇ ਨਿਵਾਸ ਨਹੀਂ ਕਰਦਾ ਹੁੰਦਾ ਅਤੇ ਉਹ ਆਮ ਤੌਰ ਤੇ ਆਪਣੇ ਸਦਰ ਮੁਕਾਮ ਤੇ ਨਹੀਂ ਰਹਿੰਦੇ। ਪਰ ਉਹ ਦੀਵਾਲੀ ਦੇ ਦਿਨੀਂ ਜ਼ਰੂਰ ਸਰਕਾਰੀ ਰਿਹਾਇਸ਼ਗਾਹ ਨੂੰ ਝਾੜ ਪੂੰਝ ਕੇ ਇਥੇ ਨਹਾ ਧੋ ਕੇ ਸਜਦੇ ਹਨ, ਭਾਗ ਲਾਉਂਦੇ ਹਨ ਤਾਂ ਕਿ ਦੀਵਾਲੀ ਜਾਂ ਲਕਸ਼ਮੀ ਨੂੰ ਆਉਣ ਵਿਚ ਕੋਈ ਅਸੁਵਿਧਾ ਜਾਂ ਨਿਰਾਸ਼ਾ ਨਾ ਹੋਵੇ। ਗਰਜ਼ਵਾਨ ਸੱਜਣ ਵੇਲੇ-ਕੁਵੇਲੇ ਅਹਿਲਕਾਰਾਂ ਦੇ ਮੂੰਹ-ਮੱਥੇ ਲੱਗਣ ਦਾ ਨੈਤਿਕ ਅਧਿਕਾਰ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਹਜ਼ੂਰ ਹਾਜ਼ਰ ਹੋ ਕੇ ਦੀਵਾਲੀ ਦੇਣੋਂ ਨਹੀਂ ਉਕਦੇ। ਅਹਿਲਕਾਰ ਵੱਡੇ ਅਹਿਲਕਾਰਾਂ ਦੀ ਸਰਪ੍ਰਸਤੀ ਹਾਸਲ ਕਰਨ ਲਈ ਜਾਂ ਉਨ੍ਹਾਂ ਦੀ ਕਰੋਪੀ ਤੋਂ ਬਚਣ ਲਈ ਉਚੇਚੀ ਦੀਵਾਲੀ ਦਿੰਦੇ ਹਨ। ਕਈ ਵਾਰ ਬਾਹਲੇ ਕਹਿੰਦੇ ਅਹਿਲਕਾਰ ਹੇਠਲਿਆਂ ਦੇ ਗਲ 'ਚ 'ਗੂਠਾ ਦੇ ਕੇ ਵੀ ਦੀਵਾਲੀ ਲੈਂਦੇ ਦੇਖੇ ਹਨ। ਫੀਲਡ ਵਿਚ ਤਾਇਨਾਤ ਕਈ ਛੋਟੇ ਅਹਿਲਕਾਰ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਹੀ ਆਪਣੇ ਇਲਾਕੇ 'ਚੋਂ ਦੀਵਾਲੀ ਇਕੱਠੀ ਕਰਨ ਲਈ ਗਜਾ ਕਰਨ ਵਾਲਿਆਂ ਵਾਂਗ ਖੂਬ ਗੇੜਾ ਬੰਨ੍ਹਦੇ ਹਨ। ਕਈ ਵੇਰ ਛੋਟੇ-ਮੋਟੇ ਚਮਚੇ ਨੂੰ ਨਾਲ ਲੈ ਕੇ ਜਾਂਦੇ ਹਨ, ਜੋ ਬੂਹਾ ਖੜਕਾਉਂਦਾ ਹੈ ਤੇ ਅਗਲੇ ਨੂੰ ਦੱਸਦਾ ਹੈ, 'ਸਾਬ ਆਏ ਹਨ, ਦੀਵਾਲੀ ਹੈ।

ਸਰਕਾਰੀ ਤੰਤਰ ਵਿਚ ਦੀਵਾਲੀ ਹੇਠੋਂ ਉਪਰ ਨੂੰ ਜਾਂਦੀ ਹੈ ਭਾਵ ਹਮੇਸ਼ਾ ਛੋਟੇ ਹੀ ਵੱਡਿਆਂ ਨੂੰ ਦੀਵਾਲੀ ਦਿੰਦੇ ਹਨ। ਪਰ ਬਹੁਤੇ ਪ੍ਰਾਈਵੇਟ ਖੇਤਰਾਂ ਵਿਚ ਇਸ ਤੋਂ ਉਲਟ ਹੁੰਦਾ ਹੈ। ਕੰਪਨੀਆਂ ਮੁੱਖ ਡੀਲਰਾਂ ਨੂੰ, ਮੁੱਖ ਡੀਲਰ ਆਪਣੇ ਹੇਠਲੇ ਡੀਲਰਾਂ ਨੂੰ ਅਤੇ ਡੀਲਰ ਸੇਲਜ਼ ਵਰਕਰਾਂ ਨੂੰ ਦੀਵਾਲੀ ਦੇ ਤੋਹਫੇ ਦਿੰਦੇ ਹਨ। ਵੱਡੇ ਸ਼ਹਿਰਾਂ ਦੇ ਵੱਡੇ ਨਰਸਿੰਗ ਹੋਮਾਂ ਵਾਲੇ ਛੋਟੇ ਸ਼ਹਿਰਾਂ ਦੇ ਛੋਟੇ ਨਰਸਿੰਗ ਹੋਮਾਂ ਵਾਲਿਆਂ ਨੂੰ, ਨਰਸਿੰਗ ਹੋਮਾਂ ਤੇ ਲੈਬਾਰਟਰੀਆਂ



ਵਾਲੇ ਕਲਿਨਿਕਾਂ ਵਾਲਿਆਂ ਨੂੰ ਉਚੇਚੀ ਦੀਵਾਲੀ ਦਿੰਦੇ ਹਨ। ਕਹਾਣੀ ਵੱਡੇ-ਛੋਟੇ ਦੀ ਨਹੀਂ, ਗਰਜ਼ ਦੀ ਹੈ। ਜਿਸ ਨੂੰ ਗਰਜ਼ ਹੈ, ਉਸ ਦਾ ਦੀਵਾਲੀ ਦੇਣਾ ਫਰਜ਼ ਹੈ। ਜਿਸ ਕੋਲ ਦਿਖਾਉਣ ਲਈ ਪਾਵਰ ਹੈ ਉਸ ਦਾ ਦੀਵਾਲੀ ਬਟੋਰਨਾ ਹੱਕ ਹੈ। ਪਾਵਰ ਦਿਖਾਉਣ ਵਾਲਾ ਜ਼ਰੂਰੀ ਨਹੀਂ ਕਿ ਵੱਡਾ ਅਫ਼ਸਰ ਜਾਂ ਅਮੀਰ ਵਜ਼ੀਰ ਹੀ ਹੋਵੇ, ਮਹੱਲੇ ਦਾ ਡਾਕੀਆ, ਕਮੇਟੀ ਦਾ ਜਮਾਂਦਾਰ ਜਾਂ ਛੋਟੇ ਮੋਟੇ ਸਥਾਨਕ ਅਖ਼ਬਾਰ ਦਾ ਛੋਟਾ ਮੋਟਾ ਰਿਪੋਰਟਰ ਵੀ ਹੋ ਸਕਦਾ ਹੈ।

ਕਈ ਵਾਰ ਕੋਈ ਬੰਦਾ ਔਖੇ ਵੇਲੇ ਬਹੁੜਿਆ ਹੁੰਦਾ, ਜਾਂ ਫਸਿਆ ਬੇੜਾ ਬੰਨੇ ਲਾਇਆ ਹੁੰਦਾ। ਉਸ ਦੇ ਅਹਿਸਾਨ ਦਾ ਭਾਰ ਸਾਰੀ ਉਮਰ ਸਿਰ ਤੇ ਚੁੱਕੀ ਫਿਰਨ 'ਚ ਤਾਂ ਕੋਈ ਅਕਲਮੰਦੀ ਨਹੀਂ। ਅਗਲੀ ਦੀਵਾਲੀ ਮੌਕੇ ਕਿਸੇ ਚੀਜ਼ ਵਸਤ ਮਠਿਆਈ ਨਾਲ ਮੱਥਾ ਡੰਮਿਆਂ, ਹਿਸਾਬ ਬਰਾਬਰ। ਅਹਿਸਾਨ ਕਰਨ ਵਾਲਾ ਵੀ ਕਈ ਵਾਰ ਮੂਹਰੇ ਹੀ ਮੂੰਹ ਚੁੱਕ ਕੇ ਦੀਵਾਲੀ 'ਤੇ ਉਡੀਕਦਾ ਹੁੰਦੈ। ਉਸ ਵਾਸਤੇ ਚੀਜ਼ ਵਸਤ ਖਰੀਦਣ ਦੀ ਵੀ ਲੋੜ ਨਹੀਂ ਹੁੰਦੀ। ਦੀਵਾਲੀ ਵਿਚ ਬਹੁਤ ਸਾਰਾ ਬੇਲੋੜਾ ਨਿੱਕ ਸੁੱਕ ਆਇਆ ਹੁੰਦਾ, ਜੋ ਅੱਗੇ ਤੋਰਨ ਦੇ ਕੰਮ ਆਉਂਦਾ। ਅਜਿਹੇ ਸਟਾਕ 'ਚੋਂ ਭੈਣ-ਭੂਆ ਨੂੰ ਮੁਫਤ ਵਿਚ ਦੀਵਾਲੀ ਦੇ ਕੇ ਸੰਧਾਰੇ ਜਾਂ ਤਿਓਹਾਰ ਵੇਲੇ ਪੱਲਿਓਂ ਖਰਚ ਕਰਨ ਦੀ ਬਜਾਏ ਘੇਸਲ ਵੱਟੀ ਜਾ ਸਕਦੀ ਹੈ। ਦੀਵਾਲੀ ਦੇ ਕਈ ਤੋਹਫੇ ਤਾਂ ਅੱਗੇ ਤੋਂ ਅੱਗੇ ਛੇਵੇਂ ਘਰ ਪਹੁੰਚ ਜਾਂਦੇ ਹਨ ਅਤੇ ਅਖੀਰ ਥੱਕ ਕੇ ਕਿਸੇ ਘਰ ਦੇ ਸਟੋਰ ਵਿਚ ਅਰਾਮ ਕਰਦੇ ਹਨ। ਫਿਰ ਹੋਰ ਦਿਨ-ਸੁਦ 'ਤੇ ਜਾਂ ਅਗਲੀ ਦੀਵਾਲੀ 'ਤੇ ਦਿੱਤੇ ਜਾਣ ਦੇ ਕੰਮ ਆਉਂਦੇ ਹਨ। ਦੀਵਾਲੀ ਦੇ ਤੋਹਫੇ ਖਰੀਦੇ ਤੇ ਵਰਤੇ ਘੱਟ ਜਾਂਦੇ ਹਨ, ਇਹ ਸੈਰ ਬਾਹਲੀ ਕਰਦੇ ਹਨ। ਅਜਿਹੇ ਫੇਰੇ-ਤੋਰੇ ਕਾਰਨ ਦੀਵਾਲੀ ਦੇ ਦਿਨ ਸ਼ਹਿਰਾਂ ਵਿਚ ਉਸੇ ਤਰ੍ਹਾਂ ਟ੍ਰੈਫਿਕ ਜਾਮ ਲੱਗਦੇ ਹਨ ਜਿਵੇਂ ਵੱਡੇ ਵੱਡੇ ਨਗਰ ਕੀਰਤਨਾਂ ਵੇਲੇ ਲੱਗਦੇ ਹਨ। ਸੁਣਿਆ ਹੈ, ਹੇਠੋਂ ਤਰੱਕੀਆਂ ਪਾ ਪਾ ਕੇ ਬਹੁਤ ਉਚੇ ਅਹੁਦੇ 'ਤੇ ਪਹੁੰਚੇ ਇਕ ਅਫਸਰ ਨੂੰ ਪਤਾ ਸੀ ਕਿ ਕਿਵੇਂ ਹੇਠਲੇ ਅਫਸਰ ਦੀਵਾਲੀ ਨੂੰ ਮੁਫਤ ਵਿਚ ਆਏ ਵਾਧੂ ਮਾਲ 'ਤੇ ਦੁਬਾਰਾ ਚਮਕੀਲਾ ਪੇਪਰ ਚੜ੍ਹਵਾ ਕੇ ਉਪਰਲੇ ਅਫਸਰਾਂ ਨੂੰ ਦੀਵਾਲੀ ਦੇ ਜਾਂਦੇ ਹਨ। ਉਸ ਨੇ ਸਾਰੇ ਮਾਤਹਿਤਾਂ ਨੂੰ ਬਾਕਾਇਦਾ ਸੰਦੇਸ਼ ਭਿਜਵਾਇਆ- 'ਦੀਵਾਲੀ ਮੁਬਾਰਕ' ਕਰਨ ਆਉਣ ਸਮੇਂ ਕੋਈ ਗਿਫ਼ਟ ਨਾ ਲਿਆਂਦਾ ਜਾਏ। ਨਾ ਕਿਸੇ ਚੀਜ਼ ਦੀ ਜ਼ਰੂਰਤ ਹੈ, ਨਾ ਘਰ ਵਿਚ ਥਾਂ ਹੈ। ਦੀਵਾਲੀ ਸਿਰਫ ਨਕਦ ਰੂਪ 'ਚ ਦਿੱਤੀ ਜਾਏ।

ਦੀਵਾਲੀ ਮੌਕੇ ਦੁਕਾਨਾਂ ਦਾ ਆਕਾਰ ਕਈ ਗੁਣਾ ਵਧ ਜਾਂਦਾ ਹੈ। ਆਮ ਦਿਨਾਂ ਵਿਚ ਸੜਕ ਕਿਨਾਰੇ ਜਿਥੇ ਸਕੂਟਰ ਕਾਰ ਖੜ੍ਹੀ ਕਰਨ ਦੀ ਮਨਾਹੀ ਹੁੰਦੀ ਹੈ, ਦੁਕਾਨਾਂ ਉਸ ਤੋਂ ਵੀ ਅਗਾਂਹ ਸੜਕ ਦੇ ਵਿਚਕਾਰ ਤੱਕ ਆ ਜਾਂਦੀਆਂ ਹਨ। ਸ਼ਾਇਦ ਅਜਿਹੇ ਨਜ਼ਾਇਜ਼ ਕਬਜ਼ੇ ਦਾ ਅਧਿਕਾਰ ਪ੍ਰਾਪਤ ਕਰਨ ਲਈ ਕਮੇਟੀ ਵਾਲਿਆਂ, ਟ੍ਰੈਫਿਕ ਵਾਲਿਆਂ ਅਤੇ ਹੋਰ ਸਬੰਧਤ ਅਮਲੇ ਨੂੰ ਸੋਹਣੀ ਦੀਵਾਲੀ ਮਿਲਦੀ ਹੋਵੇਗੀ। ਪਿਛਲੇ ਸਾਲ ਸਾਡੇ ਸ਼ਹਿਰ 'ਚ ਰੌਲਾ ਪਿਆ ਕਿ ਦੀਵਾਲੀ ਦੇ ਪਟਾਕੇ ਬਣਾਉਣ ਅਤੇ ਵੇਚਣ ਦੇ ਲਾਈਸੈਂਸ ਜਾਰੀ ਕਰਨ ਸਮੇਂ ਪਾਰਦਰਸ਼ਤਾ ਨਹੀਂ ਵਰਤੀ ਗਈ। ਜਿਹੜੇ ਵੱਧ ਦੀਵਾਲੀ ਦੇ ਗਏ ਉਹ ਲਾਇਸੈਂਸ ਲੈ ਗਏ।

ਪਟਾਕਿਆਂ ਤੋਂ ਯਾਦ ਆਇਆ। ਪੰਜਾਬ ਦੇ ਸਾਰੇ ਸ਼ਹਿਰਾਂ ਕਸਬਿਆਂ ਵਿਚ ਵੈਸੇ ਹੀ ਪ੍ਰਦੂਸ਼ਨ ਦਾ ਪੱਧਰ ਸਾਰੀਆਂ ਨਿਰਧਾਰਤ ਸੀਮਾਵਾਂ ਪਾਰ ਕਰ ਚੁੱਕਾ ਹੈ। ਇਨ੍ਹਾਂ ਦਿਨਾਂ ਵਿਚ ਝੋਨੇ ਦੀ ਪਰਾਲੀ ਸੜਨ ਕਰਕੇ, ਬਦਲਦੇ ਤਾਪਮਾਨ ਕਰਕੇ, ਮੌਸਮ ਦੀ ਖੁਸ਼ਕੀ ਅਤੇ ਉਡਦੀ ਧੂੜ ਕਰਕੇ, ਪੰਜਾਬ ਦੀ ਅੱਧੋਂ ਵੱਧ ਵਸੋਂ ਦੇ ਗਲੇ ਖਰਾਬ ਹੁੰਦੇ ਹਨ, ਨਾਸਾਂ ਚੋਂਦੀਆਂ ਹੁੰਦੀਆਂ ਹਨ। ਫਿਰ ਕਿਹੜੀ ਕਸਰ ਹੁੰਦੀ ਹੈ ਜੋ ਇਨ੍ਹਾਂ ਪਟਾਕਿਆਂ ਦੇ ਧੂੰਏਂ ਨਾਲ ਪੂਰੀ ਕਰਨੀ ਹੁੰਦੀ ਹੈ? ਏਨਾ ਧੂੰਆਂ ਹੁੰਦਾ ਹੈ ਕਿ ਦੀਵਾਲੀ ਦੀ ਰਾਤ ਨੂੰ ਕਿਸੇ ਬੱਦਲਵਾਈ ਦੇ ਨਾ ਹੋਣ ਦੇ ਬਾਵਜੂਦ ਤਾਰੇ ਨਜ਼ਰ ਨਹੀਂ ਆਉਂਦੇ। ਪਾਗਲ ਕਰਨ ਵਾਲੇ ਖੜਕੇ ਤੇ ਸ਼ੋਰ ਦਾ ਕੋਈ ਅੰਤ ਹਿਸਾਬ ਨਹੀਂ ਰਹਿੰਦਾ। ਬਰਸਾਤ ਤੋਂ ਮਗਰੋਂ ਕੀੜੇ-ਮਕੌੜਿਆਂ ਦੇ ਵਾਰੇ ਪਹਿਰੇ ਦਾ ਦੌਰ ਖਤਮ ਹੋਣ 'ਤੇ ਦੀਵਾਲੀ ਤੋਂ ਪਹਿਲਾਂ ਘਰਾਂ ਦੀ ਤਾਂ ਖੂਬ ਸਾਫ਼-ਸਫ਼ਾਈ ਕੀਤੀ ਜਾਂਦੀ ਹੈ, ਪਰ ਦੀਵਾਲੀ ਤੋਂ ਅਗਲੀ ਸਵੇਰ ਸਭ ਗਲੀਆਂ, ਸੜਕਾਂ, ਪਾਰਕ ਪਟਾਕਿਆਂ ਦੀ ਰਹਿੰਦ-ਖੂੰਹਦ ਨਾਲ ਨਰਕ ਬਣੀਆਂ ਹੁੰਦੀਆਂ ਹਨ।


ਦੀਵਾਲੀ ਕਹਿਣ ਨੂੰ ਰੌਸ਼ਨੀ, ਪਵਿਤਰਤਾ, ਸੋਹਜ ਅਤੇ ਮੁਹੱਬਤ ਦਾ ਤਿਓਹਾਰ ਹੈ, ਪਰ ਅਸੀਂ ਇਸ ਨੂੰ ਆਪਣੇ ਆਤਮਕ ਹਨੇਰ, ਵਾਤਾਵਰਨ ਦੇ ਪ੍ਰਦੂਸ਼ਨ, ਮਾਨਸਿਕ ਕੋਹਜ ਅਤੇ ਖੁਦਗਰਜ਼ ਸਬੰਧਾਂ ਦੀ ਮੂੰਹ ਬੋਲਦੀ ਤਸਵੀਰ ਬਣਾ ਲਿਆ ਹੈ। ਜਾਂਦੇ ਜਾਂਦੇ ਬਾਬੇ ਨਾਨਕ ਨੂੰ ਯਾਦ ਕਰਦੇ ਹਾਂ:

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥
ਗੁਰੁ ਦਾਤਾ ਗੁਰੁ ਹਿਵੈ
ਘਰੁ ਗੁਰੁ ਦੀਪਕੁ ਤਿਹ ਲੋਇ॥
ਅਮਰ ਪਦਾਰਥੁ ਨਾਨਕਾ
ਮਨਿ ਮਾਨਿਐ ਸੁਖੁ ਹੋਇ॥

# 10 ਨਵੰਬਰ 2015 ਨੂੰ ਹੋ ਰਹੇ ਸਰਬਤ ਖਾਲਸਾ 'ਚ ਸਮੂਹ ਸੰਗਤਾਂ ਨੂੰ ਪਹੁੰਚਣ ਦੀ

# ਅਪੀਲ

**Sikh Society of Indiana is part of the North American Sikh Delegation representing over 100 Gurdwaras and Sikh organizations. We re-affirm our allegiance to Guru Granth Sahib and Guru Khalsa Panth gifted by Guru Nanak & Guru Gobind Singh Sahib. Sikh Society of Indiana Attended, Supported and became part of the Consensus of North American Sikh Summit, held in Yuba City on October 31, 2015.**





North American Sikh Summit has drafted three resolutions for the upcoming Sarbat Khalsa. There aim is to re-establish an independent Akal Takhat, support the Guru-granted institution of the Sarbat Khalsa and establish a voice for the North American Sikhs.

Brief of the discussion is as follows:

Yuba City, CA

31 Oct 2015,

Waheguru Ji Ka Khalsa, Waheguru Ji Ki Fateh!

The North American Sikhs representing around 100 Gurdwaras and Sikh organizations met to deliberate on Sikh crisis in Punjab.

We re-affirm our allegiance to Guru Granth Sahib and Guru Khalsa Panth gifted by Guru Nanak-Gobind Singh Sahib. We are a free nation graced by institutions of Miri-Piri. We are sovereign in all dimensions of existence, from faith to people.

1. We must develop a system to re-establish independent Akal Takhat based on Gurmat principles, free from all political parties and the state. We must establish qualifications for offices of Jathedar Akal Takhat Sahib with transparency and accountability. We must develop mechanism to hear voices of global 30 million Sikhs. We must uphold sanctity of Panj Piare institution.

2. We support the Guru-granted institution of the Sarbat Khalsa. Representatives of North American Sikhs will attend. We support the appointment of interim Jathedars on behalf of the Panth till Vaisakhi 2016. A proposed structure must be developed for new Jathedars by April 2016 when the next Sarbat Khalsa must be held. We appeal to all Sikhs to attend Sarbat Khalsa on 10 Nov 2015 regardless of the differing schools of thoughts or opinions.

3. We resolve to establish a voice of the North American Sikhs. Proposal is to include two representatives from Gurdwaras and Sikh organizations. The loose, non-hierarchal structure proposal will be discussed locally and finalized by April 2016.

Waheguru ji ka Khalsa, Waheguru ji ki Fateh!

North American Sikh Summit, Yuba City, California, USA



**"On behalf of Sikh Society of Indiana, I humbly request all Sikhs to come forward in support and participation of Sarbat Khalsa. The Sarbat Khalsa has been scheduled for November 10, 2015, at Amritsar-Tarn Taran Road, Village Chabba, Amritsar. Register today at www.sarbatkhalsainfo.com for the historic event"**

*-Gurinder Singh Khalsa*

**Gurinder Singh Khalsa**
**President, Sikh Society of Indiana**
Ph: (317) 308-1050, (916) 833-9218, khalsabliss@gmail.com

# ਰਵਾਇਤੀ ਜਾਹੋ ਜਲਾਲ ਨਾਲ ਸਜਿਆ ਯੂਬਾ ਸਿਟੀ ਦਾ ਨਗਰ ਕੀਰਤਨ




**ਯੂਬਾ ਸਿਟੀ (ਤਰਲੋਚਨ ਸਿੰਘ ਦੁਪਾਲਪੁਰ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਟਾਇਰਾ ਬਿਊਨਾ ਦੀਆਂ ਸੰਗਤਾਂ ਦੇ ਉਦਮ ਨਾਲ ਸਜਾਇਆ ਸਾਲਾਨਾ 36ਵਾਂ ਨਗਰ ਕੀਰਤਨ ਲੰਘੀ ਪਹਿਲੀ ਨਵੰਬਰ, ਐਤਵਾਰ ਨੂੰ ਰਵਾਇਤੀ ਜਾਹੋ ਜਲਾਲ ਅਤੇ ਸ਼ਰਧਾ ਨਾਲ ਸਜਾਇਆ ਗਿਆ। ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਵਰਗੇ ਇਸ ਪਰਵਾਸੀ ਪੰਜਾਬੀਆਂ ਦੇ ਸਮਾਗਮ ਨੂੰ ਸਾਰਾ ਦਿਨ ਹੁੰਦੀ ਰਹੀ ਕਿਣਮਿਣ ਨੇ ਕਿਰਕਿਰਾ ਕਰਨ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਸੰਗਤਾਂ ਦੇ ਪੂਰਨ ਸ਼ਰਧਾ, ਚਾਅ ਤੇ ਉਮਾਹ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਸੰਗਤ ਦੀ ਗਿਣਤੀ ਪੱਖੋਂ ਨਗਰ ਕੀਰਤਨ ਜ਼ਰੂਰ ਸਲ੍ਹਾਬਿਆ ਗਿਆ। ਜ਼ਰਾ ਕੁ ਮੀਂਹ ਥੰਮ੍ਹਦਾ ਤਾਂ ਅਸਮਾਨ 'ਚ ਉਡਦੇ ਹੈਲੀਕਾਪਟਰ ਸੰਗਤਾਂ ਉਤੇ ਰੰਗ-ਬਰੰਗੀਆਂ ਫੁੱਲ-ਪੱਤੀਆਂ ਵਰਸਾਉਣੀਆਂ ਸ਼ੁਰੂ ਕਰ ਦਿੰਦੇ।

ਗੁਰਦੁਆਰਾ ਟਾਇਰਾ ਬਿਊਨਾ ਵਿਖੇ ਮੁੱਖ ਦੀਵਾਨ ਹਾਲ ਵਿਚ ਸਾਰੀ ਰਾਤ ਚੱਲੇ ਦੀਵਾਨ ਵਿਚ ਸਥਾਨਕ ਸਿੱਖ ਆਗੂਆਂ ਦੀਆਂ ਤਕਰੀਰਾਂ ਤੋਂ ਇਲਾਵਾ ਵੱਖ ਵੱਖ ਰਾਗੀਆਂ, ਢਾਡੀਆਂ, ਪ੍ਰਚਾਰਕਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਦਿੱਲੀ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਸ.




ਜਰਨੈਲ ਸਿੰਘ ਅਤੇ ਅਕਾਲੀ ਦਲ (ਬਾਦਲ) ਉਤੇ ਦੋ ਵਿਧਾਨ ਰੱਖਣ ਦਾ ਕੇਸ ਕਰਨ ਵਾਲੇ ਸੋਸ਼ਲਿਸਟ ਬਜ਼ੁਰਗ ਸ. ਬਲਵੰਤ ਸਿੰਘ ਖੇੜਾ ਨੇ ਵੀ ਇਸ ਮੌਕੇ ਵਿਚਾਰਾਂ ਦੀ ਸਾਂਝ ਪਾਈ।

ਦਿਨ ਚੜ੍ਹੇ ਅਖੰਡ ਪਾਠ ਦੇ ਭੋਗ ਉਪਰੰਤ ਸ਼ਰਧਾ, ਸਤਿਕਾਰ ਤੇ ਚਾਅਵਾਂ ਉਮੰਗਾਂ ਨਾਲ ਸਜਾਏ ਗਏ ਮੁੱਖ ਫਲੋਟ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿਸ ਦੇ ਪਿਛੇ ਪ੍ਰਸਿਧ ਰਾਗੀ ਜਥੇ ਆਪਣੇ ਸਾਜਾਂ ਸਮੇਤ ਬੈਠੇ ਗੁਰਬਾਣੀ ਗਾਇਨ ਰਾਹੀਂ ਫ਼ਿਜ਼ਾ ਵਿਚ ਇਲਾਹੀ ਰੰਗ ਘੋਲ ਰਹੇ ਸਨ। ਬਸੰਤੀ ਬਾਣਿਆਂ ਵਿਚ ਸਜੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਰੰਭ ਹੋਏ ਨਗਰ ਕੀਰਤਨ ਵਿਚ ਛਤਰੀਆਂ, ਬਰਸਾਤੀਆਂ ਅਤੇ ਮੋਮਜਾਮਿਆਂ ਨਾਲ ਸਿਰ ਢਕ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀਆਂ ਜਾ ਰਹੀਆਂ ਸੰਗਤਾਂ ਰੂਹਾਨੀ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਮੀਂਹ ਤੇਜ਼ ਹੋਣ 'ਤੇ ਮੌਕਾ-ਮੇਲ ਮੁਤਾਬਕ ਰਾਗੀ ਸਿੰਘ 'ਝੱਖੜ ਝਾਂਗੀ ਮੀਂਹ ਵਰਸੈ ਭੀ ਗੁਰ ਦੇਖਣ ਜਾਈ' ਵਾਲਾ ਸ਼ਬਦ ਦਾ ਆਲਾਪ ਸ਼ੁਰੂ ਕਰ ਦਿੰਦੇ।

ਗੰਨੇ ਪੀੜ ਰਹੇ ਵੇਲਣਿਆਂ 'ਤੇ ਠੰਢੀ ਰਸ ਪੀਣ ਲਈ ਸੰਗਤਾਂ ਦੀਆਂ ਲੱਗੀਆਂ ਕਤਾਰਾਂ, ਵੱਡੀਆਂ ਭੱਠੀਆਂ 'ਤੇ ਭੁੱਜਦੀਆਂ ਛੱਲੀਆਂ ਲੈਣ ਲਈ ਬਿਹਬਲ ਲੋਕ, ਗਰਮਾ-ਗਰਮ ਜਲੇਬੀਆਂ ਪਲੇਟਾਂ 'ਚ ਪਾਉਣ ਲਈ ਕਾਹਲੇ ਪੰਜਾਬੀ ਅਤੇ ਜਾਇਕੇਦਾਰ ਗੋਲ-ਗੱਪੇ ਛਕਣ ਲਈ ਆਪਣੀ ਵਾਰੀ ਉਡੀਕਦੀਆਂ ਬੀਬੀਆਂ-ਭੈਣਾਂ ਦੇ ਦ੍ਰਿਸ਼ ਇਸ ਨਗਰ ਕੀਰਤਨ ਦੀ ਵੰਨ-ਸੁਵੰਨਤਾ ਪ੍ਰਗਟਾ ਰਹੇ ਸਨ।

ਮੌਸਮ ਦੀ ਖਰਾਬੀ ਕਾਰਨ ਇਸ ਵਾਰ ਫਲੋਟਾਂ ਦੀ ਗਿਣਤੀ ਭਾਵੇਂ ਘੱਟ ਸੀ ਪਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਆਮ ਆਦਮੀ ਪਾਰਟੀ ਅਤੇ ਹੋਰ ਕਈ ਗੁਰਦੁਆਰਾ ਕਮੇਟੀਆਂ, ਸਿੱਖ ਸਭਾ ਸੁਸਾਇਟੀਆਂ ਨੇ ਆਪੋ-ਆਪਣੇ ਫਲੋਟ ਰਵਾਇਤੀ ਢੰਗ ਨਾਲ ਸਜਾਏ ਹੋਏ ਸਨ। ਬਾਦਲ ਦਲੀਆਂ ਨੇ ਮੌਕੇ ਦੀ ਨਜ਼ਾਕਤ ਭਾਂਪਦਿਆਂ ਇਸ ਵਾਰ ਸਿਆਣਪ ਵਰਤੀ ਤੇ ਉਨ੍ਹਾਂ ਪਾਰਟੀ ਪੱਧਰ 'ਤੇ ਕੋਈ ਸਰਗਰਮੀ ਨਾ ਵਿਖਾਈ। ਭਾਵੇਂ ਇਸ ਦਲ ਦੇ ਅਥਾਨਕ ਆਗੂਆਂ ਨੇ 'ਵਿਸ਼ਾਲ ਕਾਨਫਰੰਸ' ਕਰਨ ਦਾ ਐਲਾਨ ਕੀਤਾ ਹੋਇਆ ਸੀ। ਕੇਸਰੀ ਤੇ ਨੀਲੇ ਦੁਮਾਲਿਆਂ ਵਾਲੇ ਕਈ ਨੌਜਵਾਨ ਇਕ-ਦੂਜੇ ਨੂੰ ਬਾਦਲ ਦਲੀਆਂ ਦੀ ਕਾਨਫਰੰਸ ਦੇ 'ਸਥਾਨ' ਬਾਰੇ ਪੁੱਛਦੇ-ਪੁਛਾਉਂਦੇ ਦੇਖੇ ਗਏ।

ਪੰਜਾਬ ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਸਿੱਖ ਸੰਗਤਾਂ ਦਾ ਬਾਦਲ ਸਰਕਾਰ ਪ੍ਰਤੀ ਰੋਹ ਤੇ ਗੁੱਸਾ ਇਸ ਨਗਰ ਕੀਰਤਨ ਵਿਚ ਪ੍ਰਤੱਖ ਦਿਖਾਈ ਦੇ ਰਿਹਾ ਸੀ। ਵਰਤਮਾਨ ਸਮੇਂ ਪੰਥਕ ਸਰਗਰਮੀਆਂ ਦੀ ਅਗਵਾਈ ਕਰ ਰਹੇ ਪ੍ਰਚਾਰਕਾਂ ਦੇ ਸੱਦੇ ਮੁਤਾਬਕ ਸੰਗਤਾਂ ਵਿਚ ਕਾਲੀਆਂ ਦਸਤਾਰਾਂ-ਦੁਪੱਟਿਆਂ ਦੀ ਭਰਮਾਰ ਸੀ।

ਵਪਾਰਕ ਸਟਾਲਾਂ ਦੇ ਨਾਲ ਨਾਲ ਇਸ ਵਾਰ ਧਾਰਮਿਕ, ਇਤਿਹਾਸਕ ਤੇ ਸਾਹਿਤ ਸਮੱਗਰੀ ਵਾਲੇ ਸਟਾਲਾਂ ਦੀ ਵੀ ਭਰਮਾਰ ਸੀ। ਕੱਪੜੇ, ਗਹਿਣਿਆਂ ਅਤੇ ਹਾਰ-ਸ਼ਿੰਗਾਰ ਦੇ ਸਟਾਲਾਂ ਉਤੇ ਬੀਬੀਆਂ ਦਾ ਝੁਰਮਟ ਸੀ। ਵਰਲਡ ਸਿੱਖ ਫੈਡਰੇਸ਼ਨ ਦੇ ਸਟਾਲ 'ਤੇ ਸਾਰਾ ਦਿਨ ਭੀੜ ਲੱਗੀ ਰਹੀ ਤੇ ਮਰਦਾਂ ਦੇ ਮੁਕਾਬਲੇ ਬੀਬੀਆਂ ਨੇ ਜ਼ਿਆਦਾ ਕਿਤਾਬਾਂ ਖਰੀਦੀਆਂ। ਇਸੇ ਸਟਾਲ 'ਤੇ ਨਵੇਂ ਸਾਲ ਲਈ ਮੂਲ ਨਾਨਕਸ਼ਾਹੀ ਕੈਲੰਡਰ ਵੀ ਜਾਰੀ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਨੂੰ ਸਿਆਸਤ ਦੇ ਚੁੰਗਲ ਤੋਂ ਮੁਕਤ ਕਰਾਉਣ ਦੀ ਮੰਗ ਵਾਲੇ ਬੈਨਰ ਇਸ ਬੂਥ 'ਤੇ ਖਿਚ ਦਾ ਕਾਰਨ ਬਣੇ ਹੋਏ ਸਨ।

ਪ੍ਰਸਤਾਵਿਤ ਰੂਟ ਤੋਂ ਹੁੰਦਾ ਹੋਇਆ ਨਗਰ ਕੀਰਤਨ ਸ਼ਾਮੀਂ ਕਰੀਬ ਤਿੰਨ ਵਜੇ ਅਰਦਾਸ ਉਪਰੰਤ ਸਮਾਪਤ ਹੋਇਆ।

ਨਗਰ ਕੀਰਤਨ ਸਬੰਧੀ ਕਰੀਬ ਮਹੀਨਾ ਭਰ ਚੱਲੇ ਪ੍ਰੋਗਰਾਮਾਂ ਦੌਰਾਨ 30 ਅਕਤੂਬਰ ਨੂੰ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਅਤੇ ਢਾਡੀ ਦੀਵਾਨ ਸਜਾਏ ਗਏ। ਇਸੇ ਸ਼ਾਮ ਆਤਿਸ਼ਬਾਜ਼ੀ ਵੀ ਹੋਈ। 31 ਅਕਤੂਬਰ ਨੂੰ ਅੰਮ੍ਰਿਤ ਸੰਚਾਰ ਹੋਇਆ। ਸਨਿਚਰਵਾਰ ਦਿਨੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਹੋਈ ਅਤੇ ਇਕ ਐਜੂਕੇਸ਼ਨਲ ਸੈਮੀਨਾਰ ਹੋਇਆ।

ਇਨ੍ਹਾਂ ਪ੍ਰੋਗਰਾਮਾਂ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਤਾਰਾ ਸਿੰਘ ਤੋਂ ਇਲਾਵਾ ਭਾਈ ਦਵਿੰਦਰ ਸਿੰਘ ਸੋਢੀ, ਭਾਈ ਹਰਜੀਤਪਾਲ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਤਜਿੰਦਰ ਸਿੰਘ ਅਤੇ ਭਾਈ ਡਿੰਪਲ ਸਿੰਘ ਟੋਹਾਣਾ ਵਾਲਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਪ੍ਰਿਤਪਾਲ ਸਿੰਘ ਬੈਂਸ ਦਾ ਢਾਡੀ ਜਥਾ ਢਾਡੀ ਵਾਰਾਂ ਦੇ ਗਾਇਨ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਦਾ ਰਿਹਾ। ਭਾਈ ਸਾਹਿਬ ਸਿੰਘ ਨੇ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੀ ਰੋਸ਼ਨੀ ਵਿਚ ਬਾਦਲ ਦਲ ਵਿਰੁਧ ਆਮ ਭਾਵਨਾਵਾਂ ਅਤੇ ਬਾਦਲ ਦਲੀਆਂ ਵਲੋਂ ਤੇਵਰ ਦਿਖਾਏ ਜਾਣ ਕਰਕੇ ਖਿੱਚੋਤਾਣ ਹੋ ਜਾਣ ਦੇ ਖਦਸ਼ੇ ਸਨ ਪ੍ਰੰਤੂ ਇਸ ਤੋਂ ਬਚਾਅ ਹੀ ਰਿਹਾ।














## ਝਲਕੀਆਂ

---

ਮੇਜ ਉਤੇ ਗਰਮਾ-ਗਰਮ ਜਲੇਬੀਆਂ ਦੀਆਂ ਪਲੇਟਾਂ ਸਜਾ ਰਿਹਾ ਇਕ ਸੇਵਾਦਾਰ ਉਚੀ ਉਚੀ ਹੋਕਾ ਦੇ ਰਿਹਾ ਸੀ, 'ਸੁਗਰ ਫਰੀ ਜਲੇਬੀਆਂ ਛਕੋ ਜੀ', ਅਤੇ ਕਈ ਲੋਕ ਛਕ ਵੀ ਰਹੇ ਸਨ, ਇਹ ਵਾਹਿਗੁਰੂ ਜਾਣੇ ਉਹ ਸ਼ੂਗਰ ਫਰੀ ਸਨ ਜਾਂ ਸ਼ੂਗਰ ਫੁਲ।

---

ਯੂਬਾ ਸਿਟੀ ਦੇ ਇਕ ਅਕਾਲੀ ਆਗੂ ਨੇ ਐਲਾਨ ਕੀਤਾ ਸੀ ਕਿ ਯੂਬਾ ਸਿਟੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਵਲੋਂ ਇਕ ਵਿਸ਼ਾਲ ਕਾਨਫਰੰਸ ਕੀਤੀ ਜਾਵੇਗੀ। ਕਈ ਸੱਜਣ ਇਕ ਦੂਜੇ ਨੂੰ ਟਿੱਚਰਾਂ ਕਰ ਰਹੇ ਸਨ, 'ਬਈ ਬਾਦਲ ਦਲ ਦੀ ਕਾਨਫਰੰਸ 'ਚ ਭੀੜ ਬਹੁਤ ਐ।' ਦੂਜਾ ਕਹਿਣ ਲੱਗਾ, 'ਸ਼ਾਇਦ ਦੂਰਬੀਨ ਲਿਆਉਣੀ ਪਵੇ, ਲੱਭਣ ਲਈ।'

ਮੌਤ ਉਪਰੰਤ 'ਅੰਗ ਦਾਨ' ਕਰਨ ਲਈ ਪ੍ਰਣ ਪੱਤਰ ਭਰਨ ਵਾਸਤੇ ਪਹਿਲੀ ਵਾਰ ਜੋੜ ਮੇਲੇ 'ਤੇ ਬੂਥ ਲੱਗਾ। ਇਹ ਬੂਥ ਸਟਾਕਟਨ ਵਸਦੇ ਰਜਿੰਦਰ ਸਿੰਘ ਟਾਂਡਾ ਦੇ ਉਦਮ ਨਾਲ ਲਾਇਆ ਗਿਆ ਜਿਸ ਵਿਚ ਕਾਫੀ ਗਿਣਤੀ ਵਿਚ ਲੋਕਾਂ ਨੇ ਆਪਣੇ ਨਾਂ ਦਰਜ ਕਰਵਾਏ।

---

ਇਕ ਫਲੋਟ 'ਤੇ ਕੁਝ ਅਕਾਲੀ ਆਗੂਆਂ ਦੇ ਪੁਤਲਿਆਂ ਦੇ ਨਾਲ ਨਾਲ ਪੀ.ਟੀ.ਸੀ. ਚੈਨਲ ਦੇ ਪੁਤਲੇ ਨੂੰ ਵੀ 'ਚਾਹਟਾ' ਛਕਾਇਆ ਜਾ ਰਿਹਾ ਸੀ। ਰੋਸ ਅਤੇ ਵਿਅੰਗ ਦਾ ਸੁਮੇਲ ਕਰਦਿਆਂ ਲੰਗਰ ਦੇ ਇਕ ਸਟਾਲ 'ਤੇ ਚਮਚਿਆਂ ਦੀ ਪੇਟੀ ਉਤੇ ਲਿਖਿਆ ਹੋਇਆ ਸੀ, 'ਮੱਕੜ ਅਤੇ ਜੱਫੇ ਮਾਰ!' ਪੰਜਾਬ ਵਿਚ ਹਾਲ ਹੀ ਵਿਚ ਵਾਪਰੀਆਂ ਘਟਨਾਵਾਂ ਪ੍ਰਤੀ ਸ਼ਾਇਦ ਲੋਕਾਂ ਦੇ ਗੁੱਸੇ ਦਾ ਪ੍ਰਗਟਾਵਾ ਸੀ। ਇਹ ਦਿਲਚਸਪ ਗੱਲ ਸੀ ਕਿ ਇਸ ਵਾਰ ਖਾਲਿਸਤਾਨੀ ਸੁਰ ਕੁਝ ਧੀਮੀ ਹੀ ਰਹੀ।

ਇਸ ਵਾਰ ਆਮ ਆਦਮੀ ਪਾਰਟੀ (ਆਪ) ਵਾਲਿਆਂ ਨੇ ਆਪਣਾ ਵੱਖਰਾ ਸਟਾਲ ਲਾਇਆ ਹੋਇਆ ਸੀ ਜਿਥੇ ਇਸ ਦੇ ਆਗੂ ਦਿੱਲੀ ਵਿਧਾਨ ਸਭਾ ਦੇ ਐਮ ਐਲ ਏ ਜਰਨੈਲ ਸਿੰਘ ਉਚੇਚੇ ਪਹੁੰਚੇ ਹੋਏ ਸਨ। 'ਆਪ' ਦੇ ਸਥਾਨਕ ਆਗੂ ਅਤੇ ਵਰਕਰ 'ਆਪ' ਦੀਆਂ ਸ਼ਰਟਾਂ ਵੰਡ ਰਹੇ ਸਨ।

---

ਇਸ ਨਗਰ ਕੀਰਤਨ ਮੌਕੇ ਲਗਦੇ ਸਟਾਲਾਂ ਉਪਰ ਖਰੀਦੋ-ਫਰੋਖਤ ਕਰਨ ਵਾਲਿਆਂ, ਖਾਸਕਰ ਬੀਬੀਆਂ ਦੀ, ਬਥੇਰੀ ਭੀੜ ਨਜ਼ਰ ਆਉਂਦੀ ਰਹੀ ਹੈ। ਸਟਾਲ ਵੀ ਬਹੁਤ ਲੱਗਦੇ ਰਹੇ ਹਨ ਪਰ ਇਹ ਪਹਿਲੀ ਵਾਰ ਸੀ ਜਦੋਂ ਕਿਤਾਬਾਂ ਦੇ ਐਨੇ ਸਾਰੇ ਸਟਾਲ ਲੱਗੇ ਅਤੇ ਉਨ੍ਹਾਂ 'ਤੇ ਭੀੜ ਵੀ ਸੀ। ਸ਼ਾਇਦ ਪੰਜਾਬੀ ਇਹ ਬੋਲ ਝੂਠੇ ਕਰਨ ਦੇ ਰਾਹ ਤੁਰ ਪਏ ਹਨ ਕਿ ਕਿਤਾਬਾਂ ਖਰੀਦਣਾ ਜਾਂ ਪੜ੍ਹਨਾ ਉਨ੍ਹਾਂ ਦੇ ਹਿੱਸੇ ਨਹੀਂ ਆਇਆ।


GILL EXPRESS
Mobil Delvac
ROTELLA T
Delo
229.99
Out the Door
LP22.5 CASH ONLY
REPAIR TIRE & WASH
INDIANA LOCATIONS
• HWY 70, EXIT 123 SPICELAND IN
OFFER GOOD AT THIS LOCATION ONLY
ਮਕੈਨਕ ਸ਼ਾਪ ਵਿੱਚ ਹਰ ਤਰਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
Davinder
Call : 765-717-7750


ਕੈਨੇਡਾ ਦੀਆਂ ਅਸਲੀ ਪੰਜਾਬੀ ਸਵਾਦ ਦੀਆਂ ਮਠਿਆਈਆਂ
ਹੁਣ ਅਮਰੀਕਾ ਵਿਚ
■We Ship Canadian Sweets All Over USA From Detroit, MI.
■Our Sweets Are Original In Punjabi Taste.
■Over 35 Years In Whole Sale & Retail Business Of Sweets & Grocery.
■Door To Door Delivery By UPS All Over USA.
■Minimum Order $100 Including Delivery Charges.
■Gift Boxes For Wedding, Birthday, Gurdwara Programs And All Occasions.
ਵਧੀਆ ਮਠਿਆਈ
ਵਾਜ਼ਬ ਭਾਅ
ਫੋਨ: 313-963-2650
E-mail: asianfoodimports@aol.com
Bhullar Imports Inc.
1927 Rosa Parks Blvd., Detroit, MI 48216
Fax: 313-887-8792
Website: Bhullarimports.com

# ਸੁਰ, ਸ਼ਬਦ ਤੇ ਸਿਆਸਤ

*52 ਵਰ੍ਹਿਆਂ ਦਾ ਕੋਵਨ ਤਾਮਿਲਨਾਡੂ ਦਾ ਜੁਝਾਰੂ ਲੇਖਕ ਤੇ ਗਾਇਕ ਹੈ। ਉਸ ਨੇ ਆਪਣੇ ਇਕ ਗੀਤ ਰਾਹੀਂ ਸੂਬੇ ਦੀ ਮੁੱਖ ਮੰਤਰੀ ਜੈਲਲਿਤਾ ਦੀ ਸ਼ਰਾਬ ਨੀਤੀ ਦੀ ਤਿੱਖੀ ਨੁਕਤਾਚੀਨੀ ਕੀਤੀ ਤਾਂ ਉਸ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਗਿਆ। ਕੋਵਨ ਤੈਲਗੂ ਗਾਇਕ ਗਦਰ ਵਾਂਗ ਕਿਸੇ ਵੀ ਥਾਂ, ਲੋਕ ਮਸਲਿਆਂ ਨਾਲ ਸਬੰਧਤ ਗੀਤ ਗਾ ਕੇ ਰੰਗ ਬੰਨ੍ਹ ਦਿੰਦਾ ਹੈ। ਉਹ ਚਾਹੁੰਦਾ ਹੈ ਕਿ ਆਮ ਲੋਕ, ਸਰਕਾਰਾਂ ਦੀਆਂ ਮੋਮੋਠਗਣੀਆਂ ਤੋਂ ਸੁਚੇਤ ਹੋਣ ਅਤੇ ਸਿਆਸੀ ਆਗੂਆਂ ਨੂੰ ਕਟਹਿਰੇ ਵਿਚ ਖੜ੍ਹੇ ਕਰਨ। ਆਪਣੀ ਗ੍ਰਿਫਤਾਰੀ ਬਾਰੇ ਉਸ ਦਾ ਆਖਣਾ ਹੈ ਕਿ ਲੋਕਾਂ ਨੂੰ ਚੇਤੰਨ ਕਰਨ ਦੀ ਇਹ ਤਾਂ ਬਹੁਤ ਛੋਟੀ ਕੁਰਬਾਨੀ ਹੈ; ਉਹ ਤਾਂ ਆਪਣਾ ਸੀਸ ਤੱਕ ਲੁਹਾਉਣ ਲਈ ਵੀ ਤਿਆਰ ਹੈ। ਇਸ ਨਿਰਾਲੇ ਤੇ ਨਰੋਏ ਕਲਾਕਾਰ ਬਾਰੇ ਸੰਖੇਪ ਜਿਹੀ ਵਾਰਤਾ ਰੌਸ਼ਨੀ ਖੇਤਲ ਨੇ ਸੁਣਾਈ ਹੈ। -ਸੰਪਾਦਕ*




ਅੱਧੀ ਰਾਤ ਤੋਂ ਬਾਅਦ, ਢਾਈ ਕੁ ਵਜੇ ਦਾ ਵਕਤ ਹੈ; ਆਲਾ-ਦੁਆਲਾ ਘੂਕ ਸੁੱਤਾ ਪਿਆ ਹੈ। ਜਿਵੇਂ ਮਸ਼ਹੂਰ ਗਾਇਕ ਸ਼ਫਕਤ ਅਲੀ ਖਾਨ ਨੇ ਗਾਇਆ ਹੈ- ਇਸ ਵਕਤ ਤਾਂ ਦਰਦ ਨਾਲ ਭੰਨਿਆ ਕੋਈ ਮਰੀਜ਼ ਜਾਂ ਮੁਹੱਬਤਾਂ ਦਾ ਮਾਰਿਆ ਕੋਈ ਆਸ਼ਕ ਹੀ ਜਾਗਦਾ ਹੋਵੇਗਾ! ਇਸ ਵਕਤ ਦੂਰ-ਦੁਰਾਡੇ ਤਾਮਿਲਨਾਡੂ ਦੇ ਤ੍ਰਿਚੀ

**ਰੌਸ਼ਨੀ ਖੇਤਲ**

ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਓਰਾਯੂਰ ਵਿਚ ਸਾਧਾਰਨ ਜਿਹੇ ਘਰ ਦਾ ਬੂਹਾ ਖੜਕਦਾ ਹੈ ਅਤੇ ਖੜਕਦਾ ਚਲਿਆ ਜਾਂਦਾ ਹੈ, ਜਦੋਂ ਤੱਕ ਅੰਦਰੋਂ ਕੋਈ ਕੁੰਡਾ ਨਹੀਂ ਖੋਲ੍ਹ ਦਿੰਦਾ। ਕੁੰਡਾ ਖੋਲ੍ਹਣ ਵਾਲਾ ਤਾਮਿਲਨਾਡੂ ਦਾ ਮਸ਼ਹੂਰ ਲੋਕ ਗਾਇਕ ਕੋਵਨ ਹੈ ਜਿਸ ਨੂੰ ਚੇਨੱਈ ਦੇ ਸਾਈਬਰ ਅਪਰਾਧ ਸੈਲ ਦੇ ਮੁਲਾਜ਼ਮ ਗ੍ਰਿਫਤਾਰ ਕਰਨ ਆਏ ਹਨ। ਕੋਵਨ ਦਾ ਕਸੂਰ ਹੈ ਕਿ ਉਸ ਨੇ ਸੂਬੇ ਦੀ ਮੁੱਖ ਮੰਤਰੀ ਜੈਲਲਿਤਾ ਜਿਸ ਨੂੰ ਉਸ ਦੇ ਪ੍ਰਸ਼ੰਸਕ ਅੰਮਾ ਕਹਿੰਦੇ ਹਨ, ਦੇ ਖਿਲਾਫ ਗੀਤ ਲਿਖਿਆ, ਗਾਇਆ ਅਤੇ ਫਿਰ ਇੰਟਰਨੈਟ ਉਤੇ ਨਸ਼ਰ ਕੀਤਾ ਹੈ। ਸਵੇਰੇ ਪਤਾ ਲੱਗਦਾ ਹੈ ਕਿ ਇੰਟਰਨੈਟ ਉਤੇ ਇਹ ਗੀਤ ਚਾੜ੍ਹਨ ਵਾਲੇ ਕਣਈਅਨ ਰਾਮਦਾਸ ਉਰਫ ਕਲਿਅੱਪਨ ਦੇ ਘਰੇ ਵੀ ਉਸੇ ਵਕਤ ਛਾਪਾ ਪਿਆ ਸੀ।

ਕੋਵਨ ਅਤੇ ਕਲਿਅੱਪਨ ਕੌਣ ਹਨ ਭਲਾ ਜਿਨ੍ਹਾਂ ਤੋਂ ਸੂਬੇ ਦੀ ਮੁੱਖ ਮੰਤਰੀ ਨੂੰ ਇੰਨਾ ਜ਼ਿਆਦਾ ਖਤਰਾ ਖੜ੍ਹਾ ਹੋ ਗਿਆ ਹੈ। ਇਨ੍ਹਾਂ ਬੰਦਿਆਂ ਬਾਰੇ ਕੁਝ ਜਾਣਨ ਤੋਂ ਪਹਿਲਾਂ ਉਸ ਗੀਤ ਦੇ ਬੋਲ ਦੇਖਦੇ ਹਾਂ ਜਿਨ੍ਹਾਂ ਕਰ ਕੇ ਇਨ੍ਹਾਂ ਦੋਹਾਂ ਦੇ ਘਰੀਂ ਅੱਧੀਂ ਰਾਤੀਂ ਛਾਪੇ ਮਾਰੇ ਗਏ। ਇਸ ਗੀਤ ਦਾ ਸਿਰਲੇਖ ਹੈ- ਉਰੂਕੁਰੂ, ਭਾਵ ਪਿੰਡ ਪਿੰਡ ਠੇਕੇ। ਇਸ ਗੀਤ ਵਿਚ ਜੈਲਲਿਤਾ ਦੀ ਸ਼ਰਾਬ ਨੀਤੀ ਉਤੇ ਤਿੱਖਾ ਵਿਅੰਗ ਕੀਤਾ ਗਿਆ ਹੈ। ਕੋਵਨ ਦੇ ਇਲਾਕੇ ਵਿਚ ਬਹੁਤ ਠੇਕੇ ਮੁੱਖ ਮੰਤਰੀ ਦੀ ਸਹੇਲੀ ਸ਼ਸ਼ੀ ਕਲਾ ਦੇ ਹਨ। ਗੀਤ ਵਿਚ ਲਿਖਿਆ ਹੈ ਕਿ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਥਾਂ ਸਰਕਾਰ ਖਜ਼ਾਨਾ ਤੇ ਆਪਣੀਆਂ ਜੇਬਾਂ ਭਰਨ ਲਈ ਪਿੰਡ ਪਿੰਡ ਠੇਕੇ



*ਸ਼ਸ਼ੀ ਕਲਾ* — *ਜੈਲਲਿਤਾ*

ਖੋਲ੍ਹਣ ਤੁਰ ਪਈ ਹੈ। ਲਿਖਿਆ ਹੈ:

ਅੰਮਾ ਇਡਲੀ ਤਾਂ ਦਿੰਦੀ ਇਕ ਰੁਪਈਏ,
ਹੱਗਣ-ਮੂਤਣ ਲਈ ਲੱਗਣ ਪੰਜ।
ਰੋਟੀ ਹੈ ਪੰਜਾਂ ਦੀ, ਪਰ ਦਾਲ ਦਾ ਪੂਰਾ ਸੌ,
ਦੇਖੋ ਰੰਗਲੀ ਅੰਮਾ ਦੇ ਰੰਗ।
ਪਾਣੀ ਦੀ ਬੋਤਲ ਦੇ 10 ਰੁਪਈਏ,
ਵਿਦਿਆ ਲਈ ਮੰਗਣ ਲੱਖ ਓ ਲੋਕੋ।
ਜੇ ਨਾ ਮੰਨਿਆ ਦੇਵੀ ਅੰਮਾ ਨੂੰ,
ਰੁਲ ਜਾਓਗੇ ਵਾਂਗੂੰ ਕੱਖ ਵੇ ਲੋਕੋ।

ਕੋਵਨ ਅੱਜ ਕੱਲ੍ਹ ਮੱਕਾਲ ਕਲਾਈ ਈਲਾਕੀਆ ਕੜਗਮ (ਲੋਕ ਕਲਾ ਤੇ ਸਾਹਿਤ

## ਕਲਾ ਪਰਿਕਰਮਾ

ਐਸੋਸੀਏਸ਼ਨ) ਨਾਂ ਦੀ ਸੰਸਥਾ ਚਲਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸੰਸਥਾ ਦਾ ਸਬੰਧ ਤੱਤੇ ਕਾਮਰੇਡਾਂ, ਭਾਵ ਮਾਓਵਾਦੀਆਂ ਨਾਲ ਹੈ। ਕੋਵਨ ਮਾਓਵਾਦੀਆਂ ਤੋਂ ਪ੍ਰਭਾਵਿਤ ਜ਼ਰੂਰ ਹੈ, ਪਰ ਉਹ ਗੀਤ ਤਾਂ ਪਹਿਲਾਂ ਹੀ ਲਿਖਦਾ ਤੇ ਗਾਉਂਦਾ ਸੀ। ਉਹਦੇ ਗੀਤ ਲੋਕਾਂ ਅੰਦਰ ਚੇਤਨਾ ਜਗਾਉਣ ਵਾਲੇ ਹਨ। 1996 ਵਿਚ ਆਪਣੀ ਸੰਸਥਾ ਖੜ੍ਹੀ ਕਰਨ ਤੋਂ ਪਹਿਲਾਂ ਉਹ ਭਾਰਤ ਹੈਵੀ ਇਲੈਕਟਰੀਕਲਜ਼ ਲਿਮਟਡ (ਬੀ.ਐਚ.ਈ.ਐਲ) ਵਿਚ ਨੌਕਰੀ ਕਰਦਾ ਸੀ। ਹੁਣ ਸੰਸਥਾ ਦੀਆਂ ਮੀਟਿੰਗਾਂ ਲਗਾਤਾਰ ਹੁੰਦੀਆਂ ਹਨ ਅਤੇ ਸਾਰੇ ਰਲ ਕੇ ਸਮਾਜਕ ਮੁੱਦਿਆਂ ਬਾਰੇ ਗੀਤ ਲਿਖਦੇ ਹਨ। ਇਹ ਗੀਤ ਮੁੱਖ ਤੌਰ 'ਤੇ ਜਾਤੀ ਵਿਤਕਰੇ ਅਤੇ ਹੋਰ ਸਮਾਜਕ ਮੁੱਦਿਆਂ ਉਤੇ ਆਧਾਰਤ ਹੁੰਦੇ ਹਨ ਅਤੇ ਲੋਕ ਇਨ੍ਹਾਂ ਗੀਤਾਂ ਨੂੰ ਖੂਬ ਹੁੰਗਾਰਾ ਭਰ ਰਹੇ ਹਨ। ਕੋਵਨ ਅਤੇ ਉਸ ਦੇ ਸਾਥੀ ਉਸ ਰਾਤ ਮਦਰਾਸ ਹਾਈ ਕੋਰਟ ਵੱਲੋਂ ਸਸਪੈਂਡ ਕੀਤੇ 14 ਵਕੀਲਾਂ ਦੇ ਹੱਕ ਵਿਚ ਗੀਤ ਲਿਖ ਕੇ ਹੀ ਹਟੇ ਸਨ। ਰਾਤੀਂ 10 ਕੁ ਵਜੇ ਸਾਰੇ ਆਪੋ-ਆਪਣੇ ਘਰ ਚਲੇ ਗਏ ਅਤੇ ਤੜਕੇ ਕੋਵਨ ਦੇ ਘਰ ਛਾਪਾ ਪੈ ਗਿਆ।

## ਸ਼ਰਾਬ, ਸਿਆਸਤ ਤੇ ਪੰਜਾਬ

*ਤਾਮਿਲਨਾਡੂ ਅਤੇ ਮੁਲਕ ਦੇ ਹੋਰ ਸੂਬਿਆਂ ਵਾਂਗ ਹੀ ਪੰਜਾਬ ਵਿਚ ਵੀ ਸਰਕਾਰ ਅਤੇ ਸਿਆਸੀ ਆਗੂ ਸਰਕਾਰੀ ਖਜ਼ਾਨਾ ਅਤੇ ਆਪਣੀ ਜੇਬਾਂ ਭਰਨ ਲਈ ਸ਼ਰਾਬ ਪਿੰਡ ਪਿੰਡ ਲਿਜਾ ਰਹੇ ਹਨ। ਇਸ ਮੁੱਦੇ 'ਤੇ ਸੱਤਾਧਾਰੀ ਅਤੇ ਵਿਰੋਧੀ ਧਿਰ ਦੀ ਤਕਰੀਬਨ ਸਹਿਮਤੀ ਹੈ, ਕਿਉਂਕਿ ਦੋਹਾਂ ਧਿਰਾਂ ਦੇ ਵੱਡੇ ਆਗੂ ਸ਼ਰਾਬ ਦੇ ਵੱਡੇ ਠੇਕੇਦਾਰ ਹਨ। ਹੁਣ ਤਾਂ ਨਸ਼ਿਆਂ ਦਾ ਤਿੱਖਾ ਵਿਰੋਧ ਕਰਨ ਵਾਲੀ ਇਕ ਧਿਰ- ਆਮ ਆਦਮੀ ਪਾਰਟੀ (ਆਪ) ਦਾ ਸੰਸਦ ਮੈਂਬਰ ਭਗਵੰਤ ਮਾਨ ਖੁਦ ਸ਼ਰਾਬ ਪੀ ਕੇ ਇਕ ਸ਼ਰਧਾਂਜਲੀ ਸਮਾਗਮ ਵਿਚ ਚਲੇ ਜਾਣ ਕਰ ਕੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਯਾਦ ਰਹੇ, ਭਗਵੰਤ ਮਾਨ ਹੁਣ ਤੱਕ ਖੁਦ ਵੀ ਸਟੇਜਾਂ ਤੋਂ ਨਸ਼ਿਆਂ ਖਿਲਾਫ ਆਵਾਜ਼ ਬੁਲੰਦ ਕਰਦਾ ਰਿਹਾ ਹੈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਨਵੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-194



*ਕਾਹਨੂੰ ਮੰਮੀ ਮੈਨੂੰ ਐਵੇਂ ਇੱਥੇ ਦਿੱਤਾ ਬਿਠਾ।*
*ਚੁੱਕ ਲੈ ਛੇਤੀ, ਆਉਂਦਾ ਸੱਚੀਂ ਔਖਾ ਪੂਰਾ ਸਾਹ।*
*ਹੁਣ ਨਾ ਰੋਊਂ ਤੰਗ ਨ੍ਹੀਂ ਕਰਦਾ ਵਾਅਦਾ ਮੇਰਾ ਅੱਜ।*
*ਹੇਠਾਂ ਸੁੱਟ ਦਊ ਪੱਕਾ ਮੈਨੂੰ ਜਿਵੇਂ ਦੇਖਦੀ ਮੱਝ।*

## ਕੈਪਸ਼ਨ ਮੁਕਾਬਲਾ-192



ਵੱਡੇ ਤਾਂ ਸਾਰੇ ਖੁਸ਼ੀ ਮਨਾਵਣ,
ਨਾਲ ਗਿੱਧੇ ਦੇ ਬੋਲੀਆਂ ਪਾਵਣ।
ਆਓ ਆਪਾਂ ਅੱਡ ਹੋ ਜਾਈਏ,
ਨੱਚੀਏ ਟੱਪੀਏ ਧੂਮ ਮਚਾਈਏ।
ਪੰਜਾਬੀ ਸੂਟ ਮੈਂ ਪਾ ਕੇ ਆਈ,
ਫੁੱਲਾਂ ਵਾਲੀ ਜੁੱਤੀ ਪਾਈ।
ਸਭ ਤੋਂ ਪਹਿਲਾਂ ਮੇਰੀ ਵਾਰੀ,
ਪਿੱਛੋਂ ਰੱਖਿਓ ਤੁਸੀਂ ਤਿਆਰੀ।

***-ਜਗਮੀਤ ਸਿੰਘ ਪੰਧੇਰ***

---

ਵਿਚ ਵਿਆਹ ਸੀ ਪੈਂਦਾ ਗਿੱਧਾ
ਅੱਜ ਕਲ੍ਹ ਡੀ.ਜੇ. ਚੱਲੇ।
ਕੁੜੀਆਂ ਪਾਉਣ ਅੱਜ ਕਲ੍ਹ ਜੀਨਾਂ
ਸਿਰ ਚੁੰਨੀਆਂ, ਸੂਟ ਪੰਜਾਬੀ ਭੁਲੇ।
ਸਾਨੂੰ ਬੱਚਿਆਂ ਨੂੰ ਪਾਉਣੀ ਪੈਣੀ ਧਮਾਲ
ਨੱਚ ਕੇ ਵਿਹੜੇ ਦਾ ਬੁਰਾ ਕਰਾਂਗੇ ਹਾਲ।

***-ਸਤਵਿੰਦਰ ਥਾਂਦੀ ਦੌਲਤਪੁਰੀ***

---

ਬਚਪਨ ਦੇ ਦਿਨ ਬੜੇ ਹੀ ਸੋਹਣੇ
ਮੁੜ ਵਾਰ ਵਾਰ ਨਹੀਂ ਆਉਂਦੇ।
ਖਾਣਾ-ਪੀਣਾ, ਨੱਚਣਾ-ਕੁੱਦਣਾ
ਹਨ ਸਭ ਦੇ ਮਨ ਨੂੰ ਭਾਉਂਦੇ।
ਮਾਂ ਤੋਂ ਅੱਖ ਬਚਾ ਕੇ ਅੱਜ
ਜਰਾ ਉਸ ਦੀ ਨਕਲ ਉਤਾਰਾਂ।
ਕਿੱਦਾਂ ਅੱਡੀ ਮਾਰ ਉਹ ਨੱਚਦੀ
ਰਹਾਂ ਸਦਾ ਹੀ ਉਹ ਨਿਹਾਰਾਂ।
ਮਸਾਂ ਭੂਆ ਦਾ ਵਿਆਹ ਹੈ ਆਇਆ
ਸਾਰੇ ਰੁੱਝੇ ਆਪਣੇ ਕੰਮੀਂ।
ਅਸੀਂ ਨਿਆਣੇ ਮਨ ਪ੍ਰਚਾਈਏ
ਨੱਚੀਏ ਮਾਰ ਮਾਰ ਕੇ ਠੁੰਮੀ।

***-ਸੇਵਾ ਸਿੰਘ ਨੂਰਪੁਰੀ***

---

ਮੁੰਨੀ ਦੇ ਚਾਚੇ ਦਾ ਵਿਆਹ
ਇਹਨੂੰ ਗੋਡੇ ਗੋਡੇ ਚਾਅ।
ਸੋਹਣਾ ਗੁਲਾਬੀ ਸੂਟ ਲਿਆ ਪਾ
ਲੈ ਕੇ ਸਿਰ 'ਤੇ ਗੁਲਾਬੀ ਚੁੰਨੀ।
ਨੱਚਦੀ ਕਿੰਨੀ ਸੋਹਣੀ ਲੱਗਦੀ
ਸਾਡੀ ਪਿਆਰੀ ਪਿਆਰੀ ਮੁੰਨੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਨੰਨ੍ਹੀ ਬੱਚੀ ਖੁਸ਼ ਕਿਉਂ ਨਾ ਹੋਵੇ
ਗਿੱਧੇ ਦਾ ਅਨੰਦ ਕਿਉਂ ਨਾ ਮਾਣੇ?
ਇਹ ਸਾਡੀ ਵਿਰਾਸਤ ਹੈ
ਲੱਗੇ ਭੂਆ ਨੂੰ ਮਾਈਆਂ,
ਵਿਹੜਾ ਕਿਉਂ ਨਾ ਧਮਾਲਾਂ ਪਾਵੇ।
ਸ਼ੱਕ ਨਹੀਂ ਇਸ ਵਿਚ ਕੋਈ
ਪਰੰਪਰਾਵਾਂ ਸਭ ਅਲੋਪ ਹੋ ਰਹੀਆਂ
ਰਹਿ ਗਈਆਂ ਸਭ ਪੁਰਾਤਨ ਯਾਦਾਂ।

***-ਦਰਸ਼ਨਪਾਲ ਦੋਸਾਂਝ***

## ਕੈਪਸ਼ਨ ਮੁਕਾਬਲਾ-191

ਚੜ੍ਹ ਕੇ ਜੌਹਨ ਡੀਅਰ ਦੇ ਉਤੇ
ਪੈਲਾ ਪਾਵੇ ਸਰਦਾਰ।
ਲਹਿਰਾਂਦੀਆਂ ਫਸਲਾਂ ਨੂੰ ਛੱਡ ਕੇ
ਮਨ ਵਿਚ ਚੜ੍ਹਿਆ ਖੁਮਾਰ।
ਨੀਲੀ ਪੱਗ ਤੇ ਚਿੱਟਾ ਕੁੜਤਾ
ਦਿੱਖ ਅਕਾਲੀਆਂ ਵਾਲੀ ਬਣਾਈ।
ਟੌਹਰ ਪੂਰੀ ਜਥੇਦਾਰਾਂ ਵਾਲੀ
ਪਰ ਹੈ ਬੈਂਕਾਂ ਦਾ ਕਰਜ਼ਾਈ।
ਆਗੂ ਸਾਰੇ ਫਨੀਅਰ ਸੱਪ ਨੇ
ਰਹਿਣਾ ਇਨ੍ਹਾਂ ਤੋਂ ਬੱਚ ਕੇ।
ਪਾਣੀ ਮੰਗਣ ਨਹੀਂ ਦਿੰਦੇ ਇਹ
ਐਸਾ ਡੰਗ ਮਾਰਨ ਕੱਸ ਕੇ।
ਸੱਚਾ-ਸੁੱਚਾ ਰਹਿਣਾ ਔਖਾ
ਲੱਭ ਲਈਂ ਕੋਈ ਢੰਗ ਜੀ।
ਦੀਨ-ਦੁਖੀ ਦਾ ਰਹਿਣ ਬਣ ਕੇ
ਦੁਨੀਆਂ ਬਦਲੇ ਸੌ ਰੰਗ ਜੀ।

***-ਸੇਵਾ ਸਿੰਘ ਨੂਰਪੁਰੀ***

# ਕਿਸਾਨ ਖੁਦਕੁਸ਼ੀਆਂ ਰੋਕਣ ਬਾਰੇ ਡੰਗ ਟਪਾਊ ਨੀਤੀ ਸਵਾਲਾਂ 'ਚ ਘਿਰੀ



**ਚੰਡੀਗੜ੍ਹ:** ਪੰਜਾਬ ਵਿਚ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਰੋਕਣ ਦੇ ਮੁੱਦੇ ਉਤੇ ਅਕਾਲੀ-ਭਾਜਪਾ ਗਠਜੋੜ ਸਰਕਾਰ ਸਵਾਲਾਂ ਦੇ ਘੇਰੇ ਵਿਚ ਹੈ। ਹਾਈਕੋਰਟ ਵੱਲੋਂ ਅੱਠ ਅਗਸਤ 2014 ਨੂੰ ਚਾਰ ਮਹੀਨਿਆਂ ਅੰਦਰ ਖੁਦਕੁਸ਼ੀ ਪੀੜਤਾਂ ਲਈ ਮੁਆਵਜ਼ਾ ਨੀਤੀ ਬਣਾਉਣ ਦੇ ਦਿੱਤੇ ਹੁਕਮ ਨੂੰ ਅਮਲ ਵਿਚ ਲਿਆਉਣ ਲਈ ਤਕਰੀਬਨ ਇਕ ਸਾਲ ਲੱਗ ਗਿਆ।

ਹੁਣ ਇਹ ਨੀਤੀ ਬਣੀ ਤਾਂ ਹੈ ਜਿਸ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਤਿੰਨ ਲੱਖ ਰੁਪਏ ਮਿਲਣੇ ਹਨ, ਪਰ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦਾ ਮਸਲਾ ਉਥੇ ਹੀ ਖੜ੍ਹਾ ਹੈ। ਸੂਬੇ ਦਾ ਕਿਸਾਨ 35 ਹਜ਼ਾਰ ਕਰੋੜ ਰੁਪਏ ਦਾ ਕਰਜ਼ਾਈ ਹੈ। ਇਸ ਲਈ ਕਰਜ਼ਾ ਰਾਹਤ ਕਾਨੂੰਨ ਬਣਾਉਣਾ ਜ਼ਰੂਰੀ ਹੈ। ਹਾਈਕੋਰਟ ਦੇ ਹੁਕਮਾਂ 'ਤੇ 2006 ਵਿਚ ਪੰਜਾਬ ਰਾਜ ਕਿਸਾਨ ਕਮਿਸ਼ਨ ਬਣਾਇਆ ਗਿਆ ਸੀ ਜਿਸ ਨੇ ਖੁਦਕੁਸ਼ੀਆਂ ਦੇ ਕਾਰਨਾਂ ਤੇ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਸੁਝਾਅ ਦੇਣੇ ਸਨ। ਕਮਿਸ਼ਨ ਦੀਆਂ ਰਿਪੋਰਟਾਂ ਦਾ ਹਾਲ ਵੀ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਵਾਲਾ ਹੀ ਹੈ। ਵੱਡੇ ਦਬਾਅ ਦੇ ਚੱਲਦਿਆਂ 2000 ਤੋਂ 2010 ਤੱਕ ਕੀਤੀਆਂ ਗਈਆਂ ਖੁਦਕੁਸ਼ੀਆਂ ਦੇ ਦਸਤਾਵੇਜ਼ੀਕਰਨ ਤੇ ਅਸਲੀਅਤ ਪਤਾ ਕਰਨ ਲਈ ਸੂਬੇ ਦੀਆਂ ਯੂਨੀਵਰਸਿਟੀਆਂ ਰਾਹੀਂ ਸਰਵੇ ਕਰਵਾਇਆ ਗਿਆ ਜਿਸ ਵਿਚ ਕਰਜ਼ੇ ਕਾਰਨ 7000 ਕਿਸਾਨ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਸਾਹਮਣੇ ਆਈਆਂ। ਇਸ ਤੋ ਬਾਅਦ ਹੁਣ ਮੁੜ ਪੰਜ ਸਾਲ ਗੁਜ਼ਰ ਗਏ ਪਰ ਨਵਾਂ ਸਰਵੇ ਸ਼ੁਰੂ ਹੀ ਨਹੀਂ ਹੋਇਆ।

ਕੁਝ ਕਿਸਾਨ ਜਥੇਬੰਦੀਆਂ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਪੰਜ ਸਤੰਬਰ ਤੋਂ 25 ਅਕਤੂਬਰ ਤੱਕ 50 ਦਿਨਾਂ ਦੌਰਾਨ 36 ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਕੀਤੀਆਂ ਖੁਦਕੁਸ਼ੀ ਕੀਤੀ ਗਈ। ਚਿੱਟੇ ਮੱਛਰ ਦੇ ਕਾਰਨ ਨਰਮੇ ਦੀ ਬਰਬਾਦੀ ਤੋਂ ਬਾਅਦ ਰਾਹਤ ਉਡੀਕ ਰਹੇ ਕਿਸਾਨਾਂ ਲਈ ਝੋਨਾ ਵੇਚਣਾ ਵੀ ਸਮੱਸਿਆ ਬਣ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਦੌਰਾਨ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਮਾਮਲੇ ਤੋਂ ਫੈਲੇ ਰੋਸ ਕਾਰਨ ਕਿਸਾਨੀ ਸੰਕਟ ਦੀ ਸੁਣਵਾਈ ਮੱਠੀ ਪੈ ਗਈ। ਮੁੱਖ ਮੰਤਰੀ ਤੇ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਬੇ ਸਿੱਟਾ ਰਹਿਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ 23 ਅਕਤੂਬਰ ਨੂੰ ਮੰਤਰੀਆਂ ਦੇ ਘੇਰਾਓ ਦਾ ਸੱਦਾ ਦਿੱਤਾ ਸੀ। ਬਹੁਤੀ ਥਾਈਂ ਪੁਲਿਸ ਨੇ ਕਿਸਾਨ ਆਗੂਆਂ ਤੇ ਕਾਰਕੁਨਾਂ ਨੂੰ ਪਿੰਡਾਂ ਵਿਚੋਂ ਬਾਹਰ ਨਹੀਂ ਨਿਕਲਣ ਦਿੱਤਾ।

ਪੰਜਾਬ ਸਰਕਾਰ ਨੇ ਉਸ ਵਕਤ ਕਿਸਾਨਾਂ ਦੇ ਸੰਘਰਸ਼ ਦੇ ਦਬਾਅ ਹੇਠ ਚਿੱਟੇ ਮੱਛਰ ਨਾਲ ਹੋਈ ਬਰਬਾਦੀ ਦੇ ਨੁਕਸਾਨ ਵਜੋਂ 644 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕਰ ਦਿੱਤਾ ਸੀ, ਪਰ ਕੇਵਲ ਵੀਹ ਫੀਸਦੀ ਰਾਸ਼ੀ ਦੇ ਭੁਗਤਾਨ ਬਾਅਦ ਹੀ ਰਾਹਤ ਦੇਣ ਦਾ ਕਾਰਜ ਠੱਪ ਹੋ ਕੇ ਰਹਿ ਗਿਆ। ਵਿੱਤੀ ਸੰਕਟ ਦੇ ਝੰਬੇ ਕਿਸਾਨ ਕਣਕ ਦਾ ਬੀਜ ਲੈਣ ਤੋਂ ਵੀ ਅਸਮਰੱਥ ਹਨ। ਗੰਨੇ ਦੇ ਬਕਾਏ ਦੇ ਮਾਮਲੇ ਵਿਚ ਲੰਬੇ ਚੌੜੇ ਦਾਅਵੇ ਹੋਏ, ਪਰ ਅਜੇ ਵੀ ਨਿੱਜੀ ਮਿੱਲਾਂ ਵੱਲ 135 ਕਰੋੜ ਤੋਂ ਵੱਧ ਦਾ ਬਕਾਇਆ ਖੜ੍ਹਾ ਹੈ ਹਾਲਾਂਕਿ ਗੰਨੇ ਦੀ ਪਿੜਾਈ ਦਾ ਨਵਾਂ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਬਾਸਮਤੀ 1509 ਤੇ 1121 ਕਿਸਮਾਂ ਦੀ ਖਰੀਦ ਵੀ ਉੱਚਿਤ ਭਾਅ ਉੱਤੇ ਨਾ ਹੋਣ ਦਾ ਸੰਕਟ ਲਗਾਤਾਰ ਬਣਿਆ ਹੋਇਆ ਹੈ। ਬਾਸਮਤੀ ਦੀ ਸਾਧਾਰਨ ਝੋਨੇ ਦੇ ਘੱਟੋ-ਘੱਟ ਮੁੱਲ ਉੱਤੇ ਖਰੀਦ ਦਾ ਦਾਅਵਾ ਵੀ ਵਿਵਾਦਾਂ ਵਿਚ ਹੈ।

## ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਜੁਰਮਾਨਾ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੇ ਮਾਮਲੇ ਵਿਚ ਜਵਾਬ ਨਾ ਦਾਖਲ ਕਰਨ ਉਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ 25 ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਹੈ। ਅਦਾਲਤ ਨੇ 2007 ਵਿਚ ਕਿਸਾਨਾਂ ਬਾਰੇ ਬਣੀ ਕੌਮੀ ਨੀਤੀ ਦੇ ਅਸਰ ਤੇ ਇਸ ਉਤੇ ਨਜ਼ਰਸਾਨੀ ਦੀ ਲੋੜ ਬਾਰੇ ਕੇਂਦਰ ਸਰਕਾਰ ਨੂੰ ਹਲਫਨਾਮਾ ਦਾਖਲ ਕਰਨ ਲਈ ਕਿਹਾ ਸੀ, ਪਰ ਉਹ ਇਹ ਦਾਖਲ ਕਰਨ ਵਿਚ ਨਾਕਾਮ ਰਹੀ। ਅਦਾਲਤ ਨੇ ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸਾਲਿਸਿਟਰ ਜਨਰਲ ਪਿੰਕੀ ਆਨੰਦ ਦੀ ਇਹ ਦਲੀਲ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਛੁੱਟੀਆਂ ਹੋਣ ਕਾਰਨ ਹਲਫਨਾਮਾ ਦਾਖਲ ਨਹੀਂ ਹੋ ਸਕਿਆ। ਬੈਂਚ ਨੇ ਹੁਣ ਇਸ ਮਾਮਲੇ ਉਤੇ ਸੁਣਵਾਈ ਅਗਲੇ ਸਾਲ 15 ਜਨਵਰੀ ਲਈ ਮੁਲਤਵੀ ਕਰ ਦਿੱਤੀ ਹੈ।

# ਪਾਕਿਸਤਾਨ 'ਚ ਧਾਰਮਿਕ ਆਜ਼ਾਦੀ ਦੇ ਨਿਘਾਰ ਉਤੇ ਫਿਕਰਮੰਦੀ

**ਵਾਸ਼ਿੰਗਟਨ:** ਪਾਕਿਸਤਾਨ ਵਿਚ ਧਾਰਮਿਕ ਆਜ਼ਾਦੀ ਦੀ ਤੇਜ਼ੀ ਨਾਲ ਵਿਗੜਦੀ ਹਾਲਤ ਉਤੇ ਚਿੰਤਾ ਜ਼ਾਹਿਰ ਕਰਦਿਆਂ ਅਮਰੀਕਾ ਦੇ ਅਸਰਦਾਰ ਸੰਸਦ ਮੈਂਬਰਾਂ ਨੇ ਸੱਦਾ ਦਿੱਤਾ ਹੈ ਕਿ ਕੌਮਾਂਤਰੀ ਧਾਰਮਿਕ ਆਜ਼ਾਦੀ ਦੇ ਮਾਮਲੇ ਵਿਚ ਪਾਕਿਸਤਾਨ ਨੂੰ 'ਵਿਸ਼ੇਸ਼ ਚਿੰਤਾ ਵਾਲਾ ਮੁਲਕ' ਐਲਾਨਿਆ ਜਾਣਾ ਚਾਹੀਦਾ ਹੈ। ਸਦਨ ਦੀ ਵਿਦੇਸ਼ ਮਾਮਲਿਆਂ ਦੀ ਤਾਕਤਵਰ ਕਮੇਟੀ ਦੀ ਆਲਮੀ ਮਨੁੱਖੀ ਅਧਿਕਾਰ ਸਬ ਕਮੇਟੀ ਦੇ ਚੇਅਰਮੈਨ ਤੇ ਸੰਸਦ ਮੈਂਬਰ ਐਚ. ਸਮਿੱਥ ਨੇ ਅਮਰੀਕੀ ਸੰਸਦ ਦੀ ਬੈਠਕ ਦੌਰਾਨ ਕਿਹਾ ਕਿ ਧਾਰਮਿਕ ਆਜ਼ਾਦੀ ਦੇ ਮਾਮਲੇ ਵਿਚ ਪਾਕਿਸਤਾਨ ਵਿਚ ਗੰਭੀਰ ਸਮੱਸਿਆ ਹੈ। ਸ੍ਰੀ ਸਮਿੱਥ ਦੀ ਹਮਾਇਤ ਕਰਦਿਆਂ ਡਾਨਾ ਰੋਹਰਾਬਾਸ਼ਰ ਨੇ ਵੀ ਅਜਿਹੀ ਚਿੰਤਾ ਜ਼ਾਹਿਰ ਕੀਤੀ। ਸ੍ਰੀ ਸਮਿੱਥ ਨੇ ਦੋਸ਼ ਲਾਇਆ ਕਿ ਪਾਕਿਸਤਾਨ ਵਿਚ ਧਰਮ ਦੇ ਨਾਂ 'ਤੇ ਜ਼ੁਲਮ ਨੂੰ ਸਹੀ ਠਹਿਰਾਉਣ ਲਈ ਕੁਫਰ ਤੋਲਣ ਵਿਰੋਧੀ ਕਾਨੂੰਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਕੋਲ ਚੁੱਕਿਆ ਸੀ ਜਦੋਂ ਉਹ ਅਮਰੀਕੀ ਸੰਸਦ ਮੈਂਬਰਾਂ ਨੂੰ ਮਿਲਣ ਲਈ ਪਿਛਲੇ ਹਫਤੇ ਇਥੇ ਆਏ ਸਨ। ਦੋਹਾਂ ਆਗੂਆਂ ਨੇ ਕਿਹਾ ਕਿ ਪਾਕਿਸਤਾਨ ਤੇ ਵੀਅਤਨਾਮ ਨੂੰ 'ਵਿਸ਼ੇਸ਼ ਚਿੰਤਾ ਵਾਲੇ ਮੁਲਕਾਂ' ਦਾ ਦਰਜਾ ਦੇ ਦੇਣਾ ਚਾਹੀਦਾ ਹੈ। ਡਾਨਾ ਰੋਹਰਾਬਾਸ਼ਰ ਨੇ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਪਿਛਲੇ 25 ਤੋਂ 30 ਸਾਲਾਂ ਦੌਰਾਨ ਪਾਕਿਸਤਾਨ ਦੀ ਰਾਖੀ ਕੀਤੀ ਜਾ ਰਹੀ ਹੈ, ਪਰ ਹੁਣ ਪਾਣੀ ਸਿਰ ਤੋਂ ਉਪਰ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਫਰ ਤੋਲਣ ਉਤੇ ਸਜ਼ਾ ਦੇਣ ਦੇ ਬਾਵਜੂਦ ਪਾਕਿਸਤਾਨ ਨੂੰ ਹਥਿਆਰ ਦਿੱਤੇ ਜਾ ਰਹੇ ਹਨ।

## ਗੁਜਰਾਤ ਵਿਚ ਭਗਵੰਤ ਮਾਨ ਤੇ ਸਮਰਥਕ ਹਿਰਾਸਤ 'ਚ ਲਏ

**ਅਹਿਮਦਾਬਾਦ:** ਗੁਜਰਾਤ ਦੇ ਜ਼ਿਲ੍ਹੇ ਭਾਵਨਗਰ ਦੇ ਮਹੂਆ ਨੇੜੇ ਪ੍ਰਸ਼ਾਸਨ ਤੋਂ ਇਜਾਜ਼ਤ ਲਏ ਬਿਨਾਂ ਰੈਲੀ ਤੇ ਕਿਸਾਨਾਂ ਦਾ ਇੱਕਠ ਕਰਨ ਉਤੇ ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਤੇ ਗੁਜਰਾਤ ਦੇ ਸਾਬਕਾ ਵਿਧਾਇਕ ਕਾਨੂਭਾਈ ਕੰਸਾਰੀਆ ਨੂੰ ਉਨ੍ਹਾਂ ਦੇ 80 ਸਮਰਥਕਾਂ ਸਮੇਤ ਹਿਰਾਸਤ ਵਿਚ ਲਿਆ ਗਿਆ ਹੈ। ਇਹ ਹਿਰਾਸਤ ਗੁਜਰਾਤ ਪੁਲਿਸ ਐਕਟ ਦੀ ਧਾਰਾ 68-69 ਤਹਿਤ ਬਿਨਾਂ ਇਜਾਜ਼ਤ ਇੱਕਠ ਕਰਨ ਉਤੇ ਕੀਤੀ ਗਈ। ਮਾਨ ਤੇ ਉਸ ਦੇ ਸਾਥੀਆਂ ਨੂੰ ਡੋਡੀਆ ਪਿੰਡ ਕੋਲ ਉਸ ਵੇਲੇ ਹਿਰਾਸਤ ਵਿਚ ਲਿਆ ਗਿਆ ਜਦੋਂ ਉਹ ਕਿਸਾਨਾਂ ਦੀ ਬੈਠਕ ਤੇ ਰੈਲੀ ਬਿਨਾਂ ਇਜਾਜ਼ਤ ਕਰਨ ਜਾ ਰਹੇ ਸਨ।

## ਸੁਖਬੀਰ ਨੇ ਹਰਿਆਣਾ ਵਿਚ ਘੇਰੀ ਭਾਈਵਾਲਾਂ ਦੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਨੈਲੋ ਵੱਲੋਂ ਰੋਹਤਕ ਵਿਚ ਰੱਖੀ 'ਜਨ ਨਾਇਕ ਸਨਮਾਨ ਦਿਵਸ' ਰੈਲੀ ਮੌਕੇ ਹਰਿਆਣਾ ਵਿਚ ਆਪਣੇ ਭਾਈਵਾਲਾਂ ਦੀ ਭਾਜਪਾ ਸਰਕਾਰ ਨੂੰ ਹੀ ਘੇਰ ਲਿਆ।



ਉੱਪ ਮੁੱਖ ਮੰਤਰੀ ਨੇ ਹਰਿਆਣਾ ਵਿਚ ਭਾਜਪਾ ਸਰਕਾਰ ਖਿਲਾਫ ਖੁੱਲ੍ਹ ਕੇ ਭੜਾਸ ਕੱਢਦਿਆਂ ਕਿਹਾ ਕਿ ਪਿਛਲੇ 11 ਸਾਲਾਂ ਵਿਚ ਹਰਿਆਣਾ ਵਿਕਾਸ ਪੱਖੋਂ ਪਿਛੜ ਗਿਆ ਹੈ। ਇਵੇਂ ਲੱਗਦਾ ਹੈ ਕਿ ਹਰਿਆਣਾ ਵਿਚ ਪਿਛਲੇ 11 ਸਾਲਾਂ ਤੋਂ ਕੋਈ ਸਰਕਾਰ ਨਹੀਂ ਹੈ ਜਿਸ ਕਾਰਨ ਸੂਬਾ ਪਿਛੜ ਗਿਆ ਹੈ। ਕਿਸਾਨਾਂ ਦੀ ਹਾਲਤ ਤਰਸਯੋਗ ਹੈ, ਬਿਜਲੀ ਸਪਲਾਈ ਦਾ ਬੁਰਾ ਹਾਲ ਹੈ ਤੇ ਸੜਕਾਂ ਟੁੱਟੀਆਂ ਹੋਈਆਂ ਹਨ। ਲੋਕਾਂ ਨੂੰ ਦਿੱਕਤਾਂ ਦੇ ਬਾਵਜੂਦ ਰਾਜ ਦੇ ਮੁੱਖ ਮੰਤਰੀਆਂ ਨੇ ਗੁੜਗਾਓਂ ਜਾਂ ਦਿੱਲੀ ਵਿਚ ਡੇਰੇ ਲਾਈ ਰੱਖੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਤੇ ਇੰਡੀਅਨ ਨੈਸ਼ਨਲ ਲੋਕ ਦਲ ਨੂੰ ਇਕ ਪਾਰਟੀ ਕਰਾਰ ਦਿੱਤਾ ।ਇਸ ਮੌਕੇ ਇਨੈਲੋ ਆਗੂ ਅਭੈ ਚੌਟਾਲਾ ਨੇ ਹਰਿਆਣਾ ਵਿਚ ਝੋਨਾ ਘੁਟਾਲੇ ਤੇ ਵਧੇ ਹੋਏ ਬਿਜਲੀ ਬਿੱਲਾਂ ਖਿਲਾਫ ਅੰਦੋਲਨ ਦਾ ਐਲਾਨ ਕੀਤਾ।

# ਕਤਲ ਕੇਸ 'ਚ ਗੈਂਗਸਟਰ ਕਾਲਾ ਧਨੌਲਾ ਸਣੇ ਦੋ ਨੂੰ ਉਮਰ ਕੈਦ

**ਸੰਗਰੂਰ:** ਟਰੱਕ ਯੂਨੀਅਨ ਸ਼ੇਰਪੁਰ ਦੇ ਪ੍ਰਧਾਨ ਤੇ ਯੂਥ ਕਾਂਗਰਸੀ ਆਗੂ ਗੁਰਵਿੰਦਰ ਸਿੰਘ ਉਰਫ ਲੱਖੀ ਕਾਲਾਬੂਲਾ ਦੇ ਕਤਲ ਕੇਸ ਦਾ ਫੈਸਲਾ ਸੁਣਾਉਂਦਿਆਂ ਅਦਾਲਤ ਨੇ ਗੈਂਗਸਟਰ ਗੁਰਮੀਤ ਸਿੰਘ ਮਾਨ ਉਰਫ ਕਾਲਾ ਧਨੌਲਾ ਸਮੇਤ ਦੋ ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਜਦੋਂ ਕਿ ਤਿੰਨ ਜਣਿਆਂ ਨੂੰ ਬਰੀ ਕਰ ਦਿੱਤਾ। ਪੁਲਿਸ ਕੇਸ ਅਨੁਸਾਰ ਗਗਨਦੀਪ ਸਿੰਘ ਵਾਸੀ ਘਲੋਟੀ ਨੇ ਥਾਣਾ ਸ਼ੇਰਪੁਰ ਪੁਲਿਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਸੀ ਕਿ 23 ਫਰਵਰੀ 2012 ਨੂੰ ਉਹ ਤੇ ਉਸ ਦਾ ਦੋਸਤ ਗੁਰਵਿੰਦਰ ਸਿੰਘ ਉਰਫ ਲੱਖੀ ਵਾਸੀ ਕਾਲਾਬੂਲਾ ਇਨੋਵਾ ਗੱਡੀ ਵਿਚ ਪਿੰਡ ਮਾਹਮਦਪੁਰ ਤੋਂ ਕਬੱਡੀ ਟੂਰਨਾਮੈਂਟ ਦੇਖ ਕੇ ਪਿੰਡ ਕਾਲਾਬੂਲਾ ਆ ਰਹੇ ਸੀ ਤਾਂ ਸ਼ਾਮ ਤਕਰੀਬਨ ਸਵਾ ਸੱਤ ਵਜੇ ਜਦੋਂ ਉਹ ਸ਼ੇਰਪੁਰ ਵਿਚ ਗੁਰਦੁਆਰੇ ਕੋਲ ਰੁਕੇ ਤਾਂ ਪਿੱਛੋਂ ਇਕ ਗੱਡੀ ਤੇ ਇਕ ਮੋਟਰਸਾਈਕਲ ਆ ਕੇ ਰੁਕੇ।

ਇਸ ਦੌਰਾਨ ਕਾਲਾ ਧਨੌਲਾ ਨੇ ਆਪਣੀ ਬੁੱਕਲ ਵਿਚੋਂ ਪਿਸਤੌਲ ਕੱਢ ਕੇ ਇਕ ਗੋਲੀ ਗੁਰਵਿੰਦਰ ਸਿੰਘ ਉਰਫ ਲੱਖੀ ਦੇ ਸਿਰ ਵਿਚ ਮਾਰੀ ਤੇ ਦੂਜੀ ਉਸ (ਗਗਨਦੀਪ) ਨੂੰ ਮਾਰੀ, ਜੋ ਉਸ ਦੇ ਸੱਜੇ ਮੋਢੇ 'ਤੇ ਲੱਗੀ। ਦੋਵਾਂ ਨੂੰ ਸਿਵਲ ਹਸਪਤਾਲ ਧੂਰੀ ਲਿਜਾਇਆ ਜਾ ਰਿਹਾ ਸੀ ਕਿ ਗੁਰਵਿੰਦਰ ਸਿੰਘ ਦੀ ਰਸਤੇ ਵਿਚ ਹੀ ਮੌਤ ਹੋ ਗਈ। ਥਾਣਾ ਸ਼ੇਰਪੁਰ ਪੁਲਿਸ ਨੇ ਕਾਲਾ ਧਨੌਲਾ,



ਅਜੈਬ ਖਾਂ ਵਾਸੀ ਦੁੱਗਾਂ, ਵਿਕਰਮ ਕੁਮਾਰ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਇਕਬਾਲ ਸਿੰਘ ਵਾਸੀ ਬਾਦਸ਼ਾਹਪੁਰ ਤੇ ਲਖਵੀਰ ਸਿੰਘ ਖਿਲਾਫ ਕੇਸ ਕੀਤਾ ਸੀ। ਅਦਾਲਤ ਨੇ ਕਾਲਾ ਧਨੌਲਾ ਤੇ ਉਸ ਦੇ ਸਾਥੀ ਅਜੈਬ ਖਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਜਦੋਂ ਕਿ ਵਿਕਰਮ ਕੁਮਾਰ, ਅਮਨਦੀਪ ਸਿੰਘ ਤੇ ਹਰਪ੍ਰੀਤ ਸਿੰਘ ਨੂੰ ਬਰੀ ਕਰ ਦਿੱਤਾ ਗਿਆ।

## ਬਰਤਾਨਵੀ ਪੁਲਿਸ ਨੇ ਸਿੱਖਾਂ ਤੋਂ ਮੰਗੀ ਮੁਆਫੀ

**ਲੰਡਨ:** ਸਕਾਟਲੈਂਡ ਯਾਰਡ ਨੇ ਪਿਛਲੇ ਹਫਤੇ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਸਿੱਖਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨ ਦੌਰਾਨ ਆਪਣੇ ਕੁਝ ਅਧਿਕਾਰੀਆਂ ਦੀ 'ਹਰਕਤ' ਲਈ ਮੁਆਫੀ ਮੰਗੀ ਹੈ। ਬੀਤੀ 22 ਅਕਤੂਬਰ ਨੂੰ ਪ੍ਰਦਰਸ਼ਨ ਦੌਰਾਨ ਸੈਂਕੜੇ ਸਿੱਖਾਂ ਤੇ ਮੈਟਰੋਪੋਲਿਟਨ ਪੁਲਿਸ ਵਿਚਾਲੇ ਝੜਪ ਹੋ ਗਈ ਸੀ, ਜਿਸ ਤੋਂ ਬਾਅਦ 20 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਮੈਟਰੋਪੋਲਿਟਨ ਪੁਲਿਸ ਦੇ ਭਾਈਚਾਰਕ ਸੰਪਰਕ ਅਧਿਕਾਰੀ ਕਮਾਂਡਰ ਮੈਕ ਕ੍ਰਿਸਟੀ ਨੇ ਕਿਹਾ ਕਿ ਉਹ ਸਿੱਖਾਂ ਨੂੰ ਭਰੋਸਾ ਦਿੰਦੇ ਹਨ ਕਿ ਕਿਸੇ ਵੀ ਅਨਾਦਰ ਜਾਂ ਅਪਰਾਧ ਦੇ ਇਰਾਦਾ ਨਹੀਂ ਸੀ ਜੇ ਕਿਸੇ ਤਰ੍ਹਾਂ ਦੀ ਉਨ੍ਹਾਂ ਨੂੰ ਪ੍ਰੇਸ਼ਾਨੀ ਹੋਈ ਹੈ, ਕਿਸੇ ਦੀ ਭਾਵਨਾ ਨੂੰ ਸੱਟ ਵੱਜੀ ਹੈ ਤਾਂ ਉਹ ਮੁਆਫੀ ਮੰਗਦੇ ਹਨ।

ਵਰਣਨਯੋਗ ਹੈ ਕਿ ਪ੍ਰਦਰਸ਼ਨ ਦੌਰਾਨ ਇਕ ਪੁਲਿਸ ਅਧਿਕਾਰੀ ਨੇ ਇਕ ਸਿੱਖ ਦੇ ਹੱਥੋਂ ਨਿਸ਼ਾਨ ਸਾਹਿਬ ਖੋਹ ਕੇ ਸੜਕ 'ਤੇ ਸੁੱਟ ਦਿੱਤਾ ਸੀ। ਇਸ ਤੋਂ ਬਾਅਦ ਗ੍ਰਿਫਤਾਰ ਕੀਤੇ ਸਿੱਖਾਂ ਵਿੱਚੋਂ ਦੋ ਦੇ ਗਾਤਰੇ ਉਤਰਵਾ ਲਏ ਸਨ।

# ਗਦਰੀ ਬਾਬਿਆਂ ਦੇ ਮੇਲੇ 'ਚ ਫਿਰਕਾਪ੍ਰਸਤੀ ਖਿਲਾਫ ਅਹਿਦ

**ਜਲੰਧਰ**: ਗਦਰੀ ਬਾਬਿਆਂ ਦਾ ਤਿੰਨ ਰੋਜ਼ਾ ਮੇਲਾ ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਖਿਲਾਫ ਇਕਜੁਟ ਹੋਣ ਦਾ ਸੱਦਾ ਦਿੰਦਾ ਸਮਾਪਤ ਹੋ ਗਿਆ। ਬੁਲਾਰਿਆਂ ਨੇ ਫਿਰਕੂ ਸਦਭਾਵਨਾ ਨੂੰ ਦਰਪੇਸ਼ ਖਤਰਿਆਂ ਤੋਂ ਸੁਚੇਤ ਰਹਿਣ ਦਾ ਸੁਨੇਹਾ ਦਿੱਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਸੌ ਸਾਲ ਪਹਿਲਾਂ ਹੋਂਦ ਵਿਚ ਆਈ ਗਦਰ ਪਾਰਟੀ ਦੇ ਆਦਰਸ਼ਾਂ ਨੂੰ ਨੇਪਰੇ ਚਾੜ੍ਹਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਤੇ ਕੀਤੇ ਜਾ ਰਹੇ ਹਮਲਿਆਂ ਦੀ ਆਲੋਚਨਾ ਕੀਤੀ ਤੇ ਯਕੀਨ ਦੁਆਇਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਪ੍ਰਤੀਰੋਧ ਕਰ ਰਹੇ ਬੁੱਧੀਜੀਵੀਆਂ ਦੀ ਆਵਾਜ਼ ਨਾਲ ਆਵਾਜ਼ ਮਿਲਾਉਂਦੀ ਰਹੇਗੀ। ਇਸ ਮੌਕੇ ਸਾਰੇ ਪੰਜਾਬ ਵਿਚੋਂ ਸ਼ਹੀਦਾਂ ਦੇ ਪਰਿਵਾਰ ਸ਼ਾਮਲ ਹੋਏ, ਜਿਨ੍ਹਾਂ ਦਾ ਦੇਸ਼ ਭਗਤ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਇਹ ਪਰਿਵਾਰ ਪਹਿਲਾ ਲਾਹੌਰ ਸਾਜਿਸ਼ ਕੇਸ, ਸਾਕਾ ਫੇਰੂ ਸ਼ਹਿਰ, ਅਨਾਰਕਲੀ ਕੇਸ, ਵੱਲਾ ਪੁਲ ਦਾ ਸਾਕਾ ਤੇ 23 ਨੰਬਰ ਰਸਾਲੇ ਨਾਲ ਸਬੰਧਤ ਹਨ।



ਮੁੱਖ ਬੁਲਾਰੇ ਡਾ. ਉਤਸਾ ਪਟਨਾਇਕ ਨੇ ਆਪਣਾ ਭਾਸ਼ਨ ਫਿਰਕੂ ਤਾਕਤਾਂ ਦੇ ਲੋਕ-ਵਿਰੋਧੀ ਮਨਸ਼ਿਆਂ ਦਾ ਪਾਜ ਉਘੇੜਨ ਉਤੇ ਕੇਂਦਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਮਰਾਜ-ਪੱਖੀ ਨੀਤੀਆਂ ਲਾਗੂ ਕਰਨ ਲਈ ਲੋਕਾਂ ਵਿਚ ਪਾੜ ਪਾਉਣ ਵਾਸਤੇ ਫਿਰਕੂ ਜ਼ਹਿਰ ਦਾ ਛੱਟਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਅਜਿਹੀਆਂ ਤਾਕਤਾਂ ਖਿਲਾਫ ਸੰਗਰਾਮ ਦਾ ਸੱਦਾ ਦਿੱਤਾ। ਲੋਕ-ਸੰਗੀਤ ਮੰਡਲੀ ਛਾਜਲੀ, ਲੋਕ-ਸੰਗੀਤ ਮੰਡਲੀ ਭਦੌੜ ਤੇ ਕਵੀਸ਼ਰੀ ਜਥਾ ਮੁਖਤਿਆਰ ਜ਼ਫਰ ਨੇ ਕਵੀਸ਼ਰੀ ਤੇ ਲੋਕ-ਗਾਇਕੀ ਦਾ ਦਿਲਕਸ਼ ਰੰਗ ਪੇਸ਼ ਕੀਤਾ।

ਇਸ ਉਪਰੰਤ ਹੋਈ ਵਿਚਾਰ-ਚਰਚਾ ਵਿਚ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਸਮਰਾ ਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਦੀ ਪ੍ਰਧਾਨਗੀ ਵਿਚ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ ਨੇ 'ਪੰਜਾਬ ਤੇ ਭਾਰਤੀ ਸਥਿਤੀ ਵਿਚ ਨਿਘਾਰ', ਕਮੇਟੀ ਮੈਂਬਰ ਜਗਰੂਪ ਨੇ 'ਸੱਤਾ ਦੀ ਵਿਚਾਰਧਾਰਾ ਦਾ ਅਮਲੀ ਰੂਪ', ਡਾ. ਪਰਮਿੰਦਰ ਸਿੰਘ ਨੇ 'ਸੰਪ੍ਰਦਾਇਕ ਸਥਿਤੀਆਂ ਨੂੰ ਹਵਾ ਦੇਣ' ਤੇ ਆਈਡਬਲਿਊਏ ਯੂ.ਕੇ. ਤੋਂ ਤਾਰੀ ਅਟਵਾਲ ਨੇ ਅਜੋਕੇ ਸੰਕਟ ਬਾਰੇ ਵਿਚਾਰ ਸਾਂਝੇ ਕੀਤੇ। ਸ਼ਾਮ ਨੂੰ ਫੁਲਵਾੜੀ ਕਲਾ ਕੇਂਦਰ ਲੋਹੀਆ (ਜਗੀਰ ਜੋਸਣ) ਵੱਲੋਂ 'ਜਾਗੋ' ਪੇਸ਼ ਕੀਤੀ ਗਈ।

ਇਸ ਮੌਕੇ ਸਮਸ਼ੁਲ ਇਸਲਾਮ ਨੇ ਮੁਲਕ ਦੀ ਭਾਈਚਾਰਕ ਸਾਂਝ ਨੂੰ ਦਰਪੇਸ਼ ਖਤਰਿਆਂ ਬਾਰੇ ਵਿਚਾਰ ਸਾਂਝੇ ਕੀਤੇ। ਵਿਨੈ ਅਹਿਮਦਾਬਾਦ, ਕਵੀਸ਼ਰੀ ਜਥਾ ਰਸੂਲਪੁਰ, ਅੰਮ੍ਰਿਤਪਾਲ ਬਠਿੰਡਾ, ਇਕਬਾਲ ਉਦਾਸੀ, ਦਸਤਕ ਮੰਚ, ਜੰਮੂ, ਸੋਨੀਪਤ ਤੇ ਦਿੱਲੀ ਤੋਂ ਆਈਆਂ ਸੰਗੀਤ ਮੰਡਲੀਆਂ ਨੇ ਗੀਤ-ਸੰਗੀਤ ਪੇਸ਼ ਕੀਤਾ। ਪੰਜਾਬ ਵਿਚ ਲੱਗਦੇ ਰਵਾਇਤੀ ਮੇਲਿਆਂ ਨਾਲੋਂ ਨਿਵੇਕਲੇ ਰੰਗ ਵਿਚ ਰੰਗਿਆ ਇਹ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ।

# ਭਾਸ਼ਾ ਸੋਧ ਕਾਨੂੰਨ ਵੀ ਨਾ ਬਣ ਸਕਿਆ ਮਾਂ ਬੋਲੀ ਲਈ ਢਾਲ

**ਚੰਡੀਗੜ੍ਹ:** ਪੰਜਾਬ ਵਿਚ ਹਾਲੇ ਵੀ ਮਾਂ ਬੋਲੀ ਪੰਜਾਬੀ ਆਪਣੀ ਹੀ ਧਰਤ ਉਪਰ ਬੇਗਾਨੀ ਬਣੀ ਪਈ ਹੈ। ਪੰਜਾਬ ਦੇ ਪਹਿਲੀ ਨਵੰਬਰ 1966 ਨੂੰ ਜਨਮ ਲੈਣ ਤੋਂ ਲੈ ਕੇ ਹੁਣ ਤੱਕ ਇਥੇ ਬਣੀਆਂ ਵੱਖ-ਵੱਖ ਸਰਕਾਰਾਂ ਪੰਜਾਬੀ ਭਾਸ਼ਾ ਨੂੰ ਰਾਜ ਦੇ ਹਰੇਕ ਵਿਭਾਗ, ਅਦਾਰੇ, ਸਕੂਲਾਂ ਤੇ ਕੋਰਟ-ਕਚਹਿਰੀਆਂ ਵਿਚ ਮੁਕੰਮਲ ਰੂਪ ਵਿਚ ਲਾਗੂ ਕਰਨ ਤੋਂ ਅਸਮਰੱਥ ਰਹੀਆਂ ਹਨ। ਸੂਬੇ ਵਿਚ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਹੋਰ ਛੋਟੀਆਂ-ਮੋਟੀਆਂ ਕੁਤਾਹੀਆਂ ਕਰਨ 'ਤੇ ਤਾਂ ਕਈ ਤਰ੍ਹਾਂ ਦੀ ਸਜ਼ਾ ਦੇਣ ਦੇ ਕਾਇਦੇ-ਕਾਨੂੰਨ ਬਣ ਚੁੱਕੇ ਹਨ, ਪਰ ਮਾਂ ਬੋਲੀ ਨੂੰ ਨੁਕਰੇ ਲਾਉਣ ਵਾਲੇ ਅਧਿਕਾਰੀਆਂ ਨੂੰ ਸਜ਼ਾ ਦੇਣ ਦਾ ਅੱਜ ਤੱਕ ਕੋਈ ਕਾਨੂੰਨ ਨਹੀਂ ਬਣਿਆ। ਰਾਜਧਾਨੀ ਚੰਡੀਗੜ੍ਹ ਵਿਚੋਂ ਵੀ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਪ੍ਰਸ਼ਾਸਨ ਵੱਲੋਂ ਨਿਕਾਲਾ ਦਿੱਤਾ ਜਾ ਚੁੱਕਾ ਹੈ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਿੱਜੀ ਦਿਲਚਸਪੀ ਲੈ ਕੇ ਰਾਜ ਭਾਸ਼ਾ ਸੋਧ ਕਾਨੂੰਨ-2008 ਵਿਧਾਨ ਸਭਾ ਤੋਂ ਪਾਸ ਕਰਵਾ ਕੇ ਨਵੀਂ ਸ਼ੁਰੂਆਤ ਕੀਤੀ ਸੀ, ਪਰ ਇਸ ਵਿਚਲੀਆਂ ਤਰੁੱਟੀਆਂ ਦੂਰ ਨਾ ਕਰਨ ਕਾਰਨ ਇਹ ਕਾਨੂੰਨ ਵੀ ਪੰਜਾਬੀ ਭਾਸ਼ਾ ਲਈ ਢਾਲ ਬਣਨ ਦੀ ਥਾਂ ਪੰਜਾਬੀ ਵਿਰੋਧੀ ਅਧਿਕਾਰੀਆਂ ਤੇ ਮੁਲਾਜ਼ਮਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਕਾਨੂੰਨ ਵਿਚਲੀ ਧਾਰਾ 8 ਡੀ (1) ਨਿਰੰਤਰ ਸਰਕਾਰੀ

### ਅਫਸਰਸ਼ਾਹੀ ਨੇ ਮਾਂ ਬੋਲੀ ਨੂੰ ਨੁੱਕਰੇ ਲਾਇਆ



ਅਦਾਰਿਆਂ ਵਿਚ ਪੰਜਾਬੀ ਭਾਸ਼ਾ ਨੂੰ ਅੱਖੋਂ-ਪਰੋਖੇ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਲਈ ਢਾਲ ਬਣੀ ਪਈ ਹੈ। ਇਸ ਧਾਰਾ ਵਿਚ ਜੋੜਿਆ ਸ਼ਬਦ 'ਲਗਾਤਾਰ' ਪੰਜਾਬੀ ਵਿਰੋਧੀਆਂ ਨੂੰ ਕਿਸੇ ਤਰ੍ਹਾਂ ਦੀ ਸਜ਼ਾ ਦੇਣ ਵਿਚ ਕੰਧ ਵਾਂਗ ਖੜ੍ਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਵੀ ਸ਼ਾਇਦ ਹੁਣ ਕਾਨੂੰਨ ਵਿਚ ਸੋਧ ਤੇ ਪੰਜਾਬੀ ਰਾਜ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਕਰਨ ਜਿਹੀਆਂ ਅਹਿਮ ਮੰਗਾਂ ਨੂੰ ਲਾਗੂ ਕਰਵਾਉਣ ਲਈ ਧਰਨੇ ਮਾਰ-ਮਾਰ ਕੇ ਹੰਭ ਗਈ ਜਾਪਦੀ ਹੈ। ਸਭਾ ਪਿਛਲੇ ਕਈ ਸਾਲਾਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਨੂੰ ਸਜ਼ਾ ਦੇਣ ਲਈ 'ਲਗਾਤਾਰ' ਸ਼ਬਦ ਖਤਮ ਕੀਤਾ ਜਾਵੇ। ਉਨ੍ਹਾਂ ਦੀ ਇਹ ਵੀ ਮੰਗ ਹੈ ਕਿ ਅਜਿਹੇ ਮੁਲਾਜ਼ਮਾਂ ਨੂੰ ਪਹਿਲੀ ਵਾਰ ਕਾਨੂੰਨ ਦੀ ਉਲੰਘਣਾ ਕਰਨ ਉਤੇ ਇਕ ਇੰਕਰੀਮੈਂਟ ਰੋਕਣ, ਦੂਸਰੀ ਵਾਰ ਤਿੰਨ ਇੰਕਰੀਮੈਂਟਾਂ ਰੋਕਣ, ਤੀਸਰੀ ਵਾਰ ਮੁਅੱਤਲ ਕਰਨ ਤੇ ਚੌਥੀ ਵਾਰ ਬਰਖਾਸਤ ਕਰਨ ਲਈ ਟ੍ਰਿਬਿਊਨਲ ਨੂੰ ਅਧਿਕਾਰ ਦਿੱਤੇ ਜਾਣ। ਸੂਬਾ ਸਰਕਾਰ ਇਸ ਮੰਗ ਨੂੰ ਮੰਨਣ ਤੋਂ ਇਨਕਾਰੀ ਹੈ ਤੇ ਇਸ ਤੋਂ ਉਤਸ਼ਾਹਿਤ ਹੋ ਕੇ ਅਧਿਕਾਰੀ ਪੰਜਾਬੀ ਭਾਸ਼ਾ ਤੋਂ ਬੇਮੁੱਖ ਹੁੰਦੇ ਜਾ ਰਹੇ ਹਨ। ਸੂਬੇ ਦੀਆਂ ਅਦਾਲਤਾਂ ਵਿਚ ਵੀ ਪੰਜਾਬੀ ਭਾਸ਼ਾ ਵਿਚ ਕੰਮ ਸ਼ੁਰੂ ਨਹੀਂ ਹੋ ਸਕਿਆ। ਵਿਗਿਆਨ, ਮੈਡੀਕਲ, ਇੰਜਨੀਅਰਿੰਗ ਤੇ ਹੋਰ ਤਕਨੀਕੀ ਵਿਸ਼ਿਆਂ ਦੀ ਮਾਂ ਬੋਲੀ ਵਿਚ ਵਿਦਿਆ ਮੁਹੱਈਆ ਕਰਨ ਦਾ ਗੰਭੀਰ ਮੁੱਦਾ ਹਾਲੇ ਤੱਕ ਸਰਕਾਰ ਦੇ ਏਜੰਡੇ ਉਤੇ ਹੀ ਨਹੀਂ ਹੈ। ਸਕੂਲਾਂ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਬਾਰੇ ਕਾਨੂੰਨ ਵੀ ਤਰੁੱਟੀਆਂ ਭਰਪੂਰ ਹੋਣ ਕਾਰਨ ਪ੍ਰਾਈਵੇਟ ਸਕੂਲ ਮਨਮਾਨੀਆਂ ਕਰ ਰਹੇ ਹਨ।

## ਚੰਡੀਗੜ੍ਹ 'ਚ ਬਣਦਾ ਮਾਣ ਨਾ ਦਿਵਾ ਸਕੇ ਸਰਕਾਰੀ ਮਤੇ

**ਚੰਡੀਗੜ੍ਹ:** ਪੰਜਾਬ ਸਰਕਾਰ ਅੱਜ ਤੱਕ ਆਪਣੀ ਰਾਜਧਾਨੀ ਚੰਡੀਗੜ੍ਹ ਵਿਚ ਵੀ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦੇਣ ਤੋਂ ਅਸਮਰੱਥ ਰਹੀ ਹੈ। ਪੰਜਾਬ ਵਿਧਾਨ ਸਭਾ ਵਿਚ 15 ਮਾਰਚ 2010 ਨੂੰ ਇਕਸੁਰ ਵਿਚ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਪਹਿਲੀ ਭਾਸ਼ਾ ਦਾ ਦਰਜਾ ਦੇਣ ਦਾ ਇਤਿਹਾਸਕ ਮਤਾ ਪਾਸ ਕੀਤਾ ਗਿਆ ਸੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਸਰਕਾਰ ਹੋਣ ਦੇ ਬਾਵਜੂਦ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਕੋਲੋਂ ਇਹ ਮਤਾ ਲਾਗੂ ਕਰਵਾਉਣ ਤੋਂ ਵੀ ਅਸਮਰੱਥ ਰਹੇ। ਜ਼ਿਕਰਯੋਗ ਹੈ ਕਿ ਪੰਜਾਬ ਦੇ ਉਸ ਵੇਲੇ ਦੇ 28 ਪਿੰਡਾਂ ਦੀ 30 ਹਜ਼ਾਰ ਏਕੜ ਜ਼ਮੀਨ ਉਪਰ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਵਜੋਂ ਸਥਾਪਤ ਕੀਤਾ ਗਿਆ ਸੀ ਜਦਕਿ ਅੱਜ ਹਾਲਤ ਇਹ ਹੈ ਕਿ ਯੂਟੀ ਪ੍ਰਸ਼ਾਸਨ ਨੇ ਸਰਕਾਰੀ ਭਾਸ਼ਾ ਅੰਗਰੇਜ਼ੀ ਲਾਗੂ ਕਰਕੇ ਜ਼ਮੀਨਾਂ ਨਿਛਾਵਰ ਕਰਨ ਵਾਲੇ ਇਸ ਸ਼ਹਿਰ ਨੂੰ ਵਸਾਉਣ ਵਾਲੇ ਪੰਜਾਬੀਆਂ ਦੀ ਮਾਂ ਬੋਲੀ ਨੂੰ ਪੂਰੀ ਤਰ੍ਹਾਂ ਨੁਕਰੇ ਲਾਇਆ ਹੋਇਆ ਹੈ।

## ਪੰਜ ਸਾਲ ਤੋਂ ਕਿਸੇ ਜ਼ਿਲ੍ਹੇ 'ਚ ਨਹੀਂ ਬਣੀ ਭਾਸ਼ਾ ਕਮੇਟੀ

**ਬਠਿੰਡਾ:** ਅਕਾਲੀ-ਭਾਜਪਾ ਹਕੂਮਤ ਵਿਚ ਮਾਂ ਬੋਲੀ ਪੰਜਾਬੀ ਹੀ ਮਤਰੇਈ ਬਣ ਗਈ ਹੈ। ਪੰਜ ਵਰ੍ਹਿਆਂ ਤੋਂ ਕਿਸੇ ਵੀ ਜ਼ਿਲ੍ਹੇ ਵਿਚ ਭਾਸ਼ਾ ਕਮੇਟੀ ਨਹੀਂ ਬਣੀ ਤੇ ਪੰਜਾਬੀ ਤੋਂ ਮੂੰਹ ਫੇਰਨ ਵਾਲੇ ਸਿਰਫ 14 ਫੀਸਦੀ ਕੁਤਾਹੀਕਾਰ ਅਫਸਰਾਂ ਨੂੰ ਮਾਮੂਲੀ ਸਜ਼ਾ ਹੀ ਮਿਲੀ ਹੈ। ਪੰਜਾਬ ਦੇ ਸਿਰਫ 6 ਜ਼ਿਲ੍ਹੇ ਅਜਿਹੇ ਹਨ, ਜਿਥੇ ਰੈਗੂਲਰ ਜ਼ਿਲ੍ਹਾ ਭਾਸ਼ਾ ਅਫਸਰ ਹਨ। ਭਾਸ਼ਾ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਰਾਜ ਭਾਸ਼ਾ ਸੋਧ ਐਕਟ 2008 ਦੀ ਧਾਰਾ 8 (ਸੀ) ਅਨੁਸਾਰ ਹਰ ਜ਼ਿਲ੍ਹੇ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਖਾਤਰ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਗਠਨ ਪਹਿਲੀ ਦਫਾ ਸਾਲ 2009-10 ਤੇ ਦੂਜੀ ਵਾਰ ਸਾਲ 2010-11 ਵਿਚ ਕੀਤਾ ਗਿਆ। ਤੀਜੀ ਵਾਰ ਸਿਰਫ ਜ਼ਿਲ੍ਹਾ ਬਠਿੰਡਾ ਤੇ ਫਤਹਿਗੜ੍ਹ ਸਾਹਿਬ ਵਿਚ ਜ਼ਿਲ੍ਹਾ ਭਾਸ਼ਾ ਕਮੇਟੀ ਬਣਾਈ ਗਈ। ਪੰਜ ਵਰ੍ਹਿਆਂ ਤੋਂ ਸਰਕਾਰ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ ਹੀ ਨਹੀਂ ਕਰ ਸਕੀ।

# ਸ਼ੀਸ਼ ਮਹਿਲ ਦੀ ਝੀਲ 'ਚ ਮੁੜ ਚੱਲਣਗੀਆਂ ਕਿਸ਼ਤੀਆਂ

**ਪਟਿਆਲਾ:** ਪੰਜਾਬ ਦੇ ਸੈਰ ਸਪਾਟਾ ਤੇ ਵਿਰਾਸਤੀ ਵਿਭਾਗ ਵੱਲੋਂ ਸ਼ੀਸ਼ ਮਹਿਲ ਵਿਚ ਬਣੀ ਝੀਲ ਵਿਚ ਪਾਣੀ ਛੱਡ ਕੇ ਕਿਸ਼ਤੀਆਂ ਚਲਾਉਣ ਬਾਰੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਇਸ ਤਜਵੀਜ਼ ਬਾਰੇ ਮਾਹਿਰਾਂ ਤੋਂ ਰਾਇ ਲਈ ਜਾ ਰਹੀ ਹੈ। ਪਟਿਆਲਾ ਤੋਂ ਡਕਾਲਾ ਸੜਕ 'ਤੇ ਸਥਿਤ ਸ਼ੀਸ਼ ਮਹਿਲ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਹੈ। ਇਸ ਦੇ ਅੰਦਰ ਕਈ ਏਕੜ ਵਿਚ ਝੀਲ ਵੀ ਬਣੀ ਹੈ।

ਝੀਲ ਦੇ ਬਿਲਕੁਲ ਵਿਚਕਾਰ ਲਛਮਣ ਝੂਲਾ ਬਣਿਆ ਹੈ ਜੋ 1897 ਵਿਚ ਬਣਾਇਆ ਗਿਆ ਸੀ। ਪਹਿਲਾਂ ਇਸ ਝੀਲ ਵਿਚ ਸਾਫ-ਸੁਥਰਾ ਪਾਣੀ ਹੋਇਆ ਕਰਦਾ ਸੀ। ਬਾਅਦ ਵਿਚ ਇਹ ਝੀਲ ਸੁੱਕ ਗਈ ਤੇ 1986 ਵਿਚ ਇਸ ਝੀਲ ਵਿਚ ਫਿਰ ਪਾਣੀ ਪਾ ਦਿੱਤਾ ਗਿਆ। ਇਥੇ ਕਿਸ਼ਤੀਆਂ ਤੇ ਮੱਛੀਆਂ ਵੀ ਛੱਡ ਦਿੱਤੀਆਂ ਗਈਆਂ। ਉਸ ਵੇਲੇ ਸ਼ੀਸ਼ ਮਹਿਲ ਦੀਆਂ ਕੰਧਾਂ 'ਤੇ ਸਿਲ ਆ ਗਈ। ਇਸ ਕਰਕੇ ਝੀਲ ਦਾ ਪਾਣੀ ਕੱਢ ਦਿੱਤਾ ਗਿਆ ਸੀ।

ਇਸ ਮਗਰੋਂ ਇਸ ਝੀਲ ਵਿਚ ਹਰ ਸਾਲ ਵਿਰਾਸਤੀ ਮੇਲਾ ਲੱਗਦਾ ਰਿਹਾ, ਪਰ ਪਿਛਲੇ ਸਾਲ ਤੋਂ ਉਹ ਬੰਦ ਕਰ ਦਿੱਤਾ ਗਿਆ ਹੈ। ਸੈਰ ਸਪਾਟਾ

### ਤਜਵੀਜ਼ ਬਾਰੇ ਮਾਹਿਰਾਂ ਤੋਂ ਲਈ ਜਾ ਰਹੀ ਹੈ ਰਾਇ



ਵਿਕਾਸ ਵਿਭਾਗ ਦੇ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ ਨੇ ਕਿਹਾ ਕਿ ਉਨ੍ਹਾਂ ਦੀ ਡਿਊਟੀ ਵਿਸ਼ੇਸ਼ ਕਰਕੇ ਪਟਿਆਲਾ ਵਿਚ ਵਿਰਾਸਤੀ ਇਮਾਰਤਾਂ ਮੁਰੰਮਤ ਤੇ ਨਵੀਆਂ ਤਜਵੀਜ਼ਾਂ ਬਣਾਉਣ ਉਤੇ ਲਗਾਈ ਗਈ ਹੈ। ਹੁਣ ਇਹ ਤਜਵੀਜ਼ ਬਣਾਈ ਹੈ ਕਿ ਸ਼ੀਸ਼ ਮਹਿਲ ਦੀ ਝੀਲ ਵਿਚ ਪਾਣੀ ਛੱਡਿਆ ਜਾਵੇ ਤੇ ਇਸ ਵਿਚ ਕਿਸ਼ਤੀਆਂ ਵੀ ਚਲਾਈਆਂ ਜਾਣ।

# ਪ੍ਰੋ. ਮੋਹਨ ਸਿੰਘ ਮੇਲਾ 21 ਨਵੰਬਰ ਤੋਂ

**ਲੁਧਿਆਣਾ:** ਪ੍ਰੋ. ਮੋਹਨ ਸਿੰਘ ਮੇਲਾ ਪੰਜਾਬੀ ਭਵਨ ਵਿਚ 21 ਅਤੇ 22 ਨਵੰਬਰ ਨੂੰ ਲੱਗੇਗਾ।

ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੀ ਮੀਟਿੰਗ ਵਿਚ ਪ੍ਰਧਾਨ ਪ੍ਰਗਟ ਸਿੰਘ ਗਰੇਵਾਲ ਨੇ ਦੱਸਿਆ ਕਿ ਸਿੱਖ ਇਨਸਾਈਕਲੋਪੀਡੀਆ ਦੇ ਲੇਖਕ ਤੇ ਦੁਨੀਆਂ ਭਰ ਦੇ ਅੱਠ ਦੇਸ਼ਾਂ ਵਿਚ ਸਿੱਖ ਮਿਊਜ਼ੀਅਮ ਕਾਇਮ ਕਰਨ ਵਾਲੇ ਡਾ. ਰਘਬੀਰ ਸਿੰਘ ਬੈਂਸ ਨੂੰ ਗਿਆਨੀ ਦਿੱਤ ਸਿੰਘ ਯਾਦਗਾਰੀ ਪੁਰਸਕਾਰ, ਪ੍ਰਯਾਧੀ ਲੇਖਕ ਗੁਰਮੀਤ ਸਿੰਘ ਬੈਦਵਾਣ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਪੁਰਸਕਾਰ, ਲੋਕ ਗਾਇਕ ਕਲੇਰ ਕੰਠ ਨੂੰ ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਸੁਰ ਸ਼ਹਿਜ਼ਾਦਾ ਪੁਰਸਕਾਰ, ਪ੍ਰਗਟ ਸਿੰਘ ਗੀਤਕਾਰ ਨੂੰ ਇੰਦਰਜੀਤ ਸਿੰਘ ਹਸਨਪੁਰੀ ਯਾਦਗਾਰੀ ਪੁਰਸਕਾਰ ਤੇ ਦੂਰਦਰਸ਼ਨ ਕੇਂਦਰ ਜਲੰਧਰ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਤੇ ਸਫਾਈ ਲਈ ਵਿਸ਼ੇਸ਼ ਪੁਰਸਕਾਰ ਭੇਟ ਕਰ ਕੇ ਸਨਮਾਨਤ ਕੀਤਾ ਜਾਵੇਗਾ।

# ਊਧਮਪੁਰ ਹਮਲੇ ਦਾ ਸਾਜ਼ਿਸ਼ੀ ਮੁਕਾਬਲੇ ਵਿਚ ਹਲਾਕ

**ਨਵੀਂ ਦਿੱਲੀ:** ਘਾਟੀ ਵਿਚ ਇਕ ਮੁਕਾਬਲੇ ਵਿਚ ਜਵਾਨਾਂ ਨੇ ਲਸ਼ਕਰ ਕਮਾਂਡਰ ਅਬੂ ਕਾਸਿਮ ਨੂੰ ਢੇਰ ਕਰ ਦਿੱਤਾ ਹੈ। ਘਾਟੀ ਵਿਚ ਅਤਿਵਾਦ ਦਾ ਕਾਰਨ ਬਣਿਆ ਕਾਸਿਮ ਊਧਮਪੁਰ ਹਮਲੇ ਦਾ ਮੁੱਖ ਸਾਜ਼ਿਸ਼ੀ ਸੀ।

ਇਸ ਹਮਲੇ ਵਿਚ ਇਕ ਅਤਿਵਾਦੀ ਨਾਵੇਦ ਫੜਿਆ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਕਾਸਿਮ ਨੇ ਹੀ ਨਾਵੇਦ ਨੂੰ ਟ੍ਰੇਨਿੰਗ ਦਿੱਤੀ ਸੀ। ਦੱਖਣੀ ਕਸ਼ਮੀਰ ਦੇ ਕੁਲਗਾਮ ਵਿਚ ਅਤਿਵਾਦੀਆਂ ਤੇ ਸੁਰੱਖਿਆ ਬਲਾਂ ਵਿਚਾਲੇ ਮੁਕਾਬਲਾ ਹੋਇਆ ਸੀ। ਅਬੂ ਕਾਸਿਮ ਊਧਮਪੁਰ ਅਤਿਵਾਦੀ ਹਮਲੇ ਦਾ ਮੁੱਖ ਸਾਜ਼ਿਸ਼ੀ ਸੀ ਤੇ ਐਨ.ਆਈ.ਏ. ਨੂੰ ਵੀ ਇਸ ਦੀ ਤਲਾਸ਼ ਸੀ। ਕਾਸਿਮ ਉਤੇ 20 ਲੱਖ ਦਾ ਇਨਾਮ ਸੀ।

# ਐਲਿਜ਼ਬੈਥ ਵੱਲੋਂ ਮੋਦੀ ਨੂੰ ਦੁਪਹਿਰ ਦੇ ਖਾਣੇ ਦੀ ਦਾਅਵਤ



**ਲੰਡਨ:** ਮਹਾਰਾਣੀ ਅਲਿਜ਼ਬੈਥ ਦੂਜੀ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦੁਪਹਿਰ ਦੇ ਖਾਣੇ ਦੀ ਦਾਅਵਤ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਵੈਂਬਲੇ ਸਟੇਡੀਅਮ ਵਿਖੇ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਨਾਲ ਨਿੱਘੀ ਗੱਲਬਾਤ, ਸ੍ਰੀ ਮੋਦੀ ਦੀ 12 ਨਵੰਬਰ ਤੋਂ ਸ਼ੁਰੂ ਹੋਣ ਵਾਲੀ ਤਿੰਨ ਦਿਨਾਂ ਪਹਿਲੀ ਬਰਤਾਨਵੀ ਫੇਰੀ ਦੇ ਰੁਝੇਵਿਆਂ ਦਾ ਹਿੱਸਾ ਹੋਣਗੇ। ਤਿੰਨ ਦਿਨਾਂ ਫੇਰੀ ਦੌਰਾਨ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ ਬਹੁਤਾ ਸਮਾਂ ਸ੍ਰੀ ਮੋਦੀ ਨਾਲ ਰਹਿਣ ਦੀ ਸੰਭਾਵਨਾ ਹੈ।

# ਇਕ ਬੱਚਾ ਜੰਮਣ ਬਾਰੇ ਨੀਤੀ ਤੋਂ ਪਿੱਛੇ ਹਟਿਆ ਚੀਨ

**ਬੀਜਿੰਗ:** ਆਰਥਿਕ ਮੰਦੀ ਤੇ ਭੂਗੋਲਿਕ ਸੰਕਟ ਦਾ ਸਾਹਮਣਾ ਕਰ ਰਹੀ ਚੀਨ ਦੀ ਹੁਕਮਰਾਨ ਕਮਿਊਨਿਸਟ ਪਾਰਟੀ ਨੇ ਤਿੰਨ ਦਹਾਕੇ ਪੁਰਾਣੀ ਇਕ ਬੱਚੇ ਦੀ ਨੀਤੀ ਨੂੰ ਖਤਮ ਕਰਦਿਆਂ ਹੁਣ ਜੋੜਿਆਂ ਨੂੰ ਦੋ ਬੱਚਿਆਂ ਦੇ ਜਨਮ ਦੀ ਇਜਾਜ਼ਤ ਦੇ ਦਿੱਤੀ ਹੈ। ਚੀਨ ਦੀ ਸਰਕਾਰੀ ਨਿਊਜ਼ ਏਜੰਸੀ ਸਿੰਨਹੁਆ ਨੇ ਕਮਿਊਨਿਸਟ ਪਾਰਟੀ ਦੇ ਬਿਆਨ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਬਿਆਨ ਮੁਤਾਬਕ ਚੀਨ ਦੇ ਵਿਆਹੁਤਾ ਜੋੜਿਆਂ ਨੂੰ ਹੁਣ ਦੋ ਬੱਚਿਆਂ ਨੂੰ ਜਨਮ ਦੇਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਚੀਨ ਦੀ ਸਰਕਾਰ ਦੇ ਇਸ ਫੈਸਲੇ ਦੇ ਪਿੱਛੇ ਵੱਡਾ ਕਾਰਨ ਉਥੇ ਬਜ਼ੁਰਗਾਂ ਦੀ ਵਧ ਰਹੀ ਆਬਾਦੀ ਹੈ। ਚੀਨ ਵਿਚ ਮੌਜੂਦਾ ਸਮੇਂ ਵਿਚ 30 ਫੀਸਦੀ ਆਬਾਦੀ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਹੈ। ਚੀਨ ਨੇ ਦੇਸ਼ ਵਿਚ ਤੇਜ਼ੀ ਨਾਲ ਵਧ ਰਹੀ ਆਬਾਦੀ 'ਤੇ ਕਾਬੂ ਪਾਉਣ ਲਈ 1979 ਵਿਚ ਵਿਵਾਦਿਤ 'ਵੰਨ ਚਾਈਲਡ ਪਾਲਿਸੀ' ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਸੀ। ਇਸ ਤਹਿਤ ਸ਼ਹਿਰੀ ਜੋੜਿਆਂ ਨੂੰ ਇਕ ਬੱਚਾ ਤੇ ਪੇਂਡੂ ਜੋੜਿਆਂ ਨੂੰ ਦੋ ਬੱਚੇ ਪੈਦਾ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ।

ਇਸ ਨੀਤੀ ਤਹਿਤ ਜੇਕਰ ਪਹਿਲਾ ਬੱਚਾ ਲੜਕੀ ਹੈ ਤਾਂ ਦੂਸਰੇ ਬੱਚੇ ਨੂੰ ਜਨਮ ਦੇਣ ਦੀ ਮਨਜ਼ੂਰੀ ਦਿੱਤੀ ਗਈ ਸੀ, ਹਾਲਾਂਕਿ 2013 ਵਿਚ ਇਸ ਨੀਤੀ ਵਿਚ ਵੱਡਾ ਬਦਲਾਅ ਕਰਦਿਆਂ ਦੇਸ਼ ਭਰ ਵਿਚ ਵਿਆਹੁਤਾ ਜੋੜਿਆਂ ਨੂੰ ਦੂਸਰਾ ਬੱਚਾ ਪੈਦਾ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ, ਪਰ ਇਸ ਲਈ ਵੀ ਇਕ ਸ਼ਰਤ ਸੀ ਕਿ ਮਾਤਾ-ਪਿਤਾ ਵਿਚੋਂ ਕੋਈ ਇਕ ਆਪਣੇ ਮਾਂ-ਬਾਪ ਦੀ ਇਕਲੌਤੀ ਸੰਤਾਨ ਹੋਵੇ, ਤਾਂ ਹੀ ਉਹ ਦੂਸਰਾ ਬੱਚਾ ਪੈਦਾ ਕਰ ਸਕਦੇ ਹਨ। ਇਕ ਬੱਚਾ ਨੀਤੀ ਲਾਗੂ ਹੋਣ ਪਿੱਛੋਂ ਤਕਰੀਬਨ 40 ਕਰੋੜ ਬੱਚਿਆਂ ਦੇ ਜਨਮ ਉਤੇ ਰੋਕ ਦਾ ਅੰਦਾਜ਼ਾ ਹੈ।



### ਚੀਨ ਵਿਚ ਬਜ਼ੁਰਗਾਂ ਦੀ ਗਿਣਤੀ ਵਿਚ ਵਾਧਾ

**ਬੀਜਿੰਗ:** ਚੀਨ ਵਿਚ ਮੌਜੂਦਾ ਸਮੇਂ ਵਿਚ 30 ਫੀਸਦੀ ਆਬਾਦੀ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਹੈ। ਯੂ.ਐਨ. ਦੀ ਹਾਲੀਆ ਰਿਪੋਰਟ ਮੁਤਾਬਕ ਚੀਨ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਅਜੇ ਵੀ ਚੀਨ ਦੀ ਆਬਾਦੀ 1.37 ਅਰਬ ਤੋਂ ਵੱਧ ਹੈ। ਉਥੇ ਦੂਸਰੇ ਪਾਸੇ ਵਿਕਾਸਸ਼ੀਲ ਦੇਸ਼ਾਂ ਦੀ ਤੁਲਨਾ ਵਿਚ ਚੀਨ ਦੀ ਆਬਾਦੀ ਤੇਜ਼ੀ ਨਾਲ ਬੁੱਢੀ ਹੋ ਰਹੀ ਹੈ। ਯੂ.ਐਨ. ਅਨੁਸਾਰ 2050 ਤੱਕ ਚੀਨ ਦੀ ਤਕਰੀਬਨ 44 ਕਰੋੜ ਆਬਾਦੀ 60 ਸਾਲ ਦੀ ਉਮਰ ਵਿਚ ਹੋਵੇਗੀ।

## ਕਿਰਾਏ ਦੀ ਕੁੱਖ ਨਹੀਂ ਲੈ ਸਕਣਗੇ ਵਿਦੇਸ਼ੀ ਜੋੜੇ

**ਨਵੀਂ ਦਿੱਲੀ:** ਭਾਰਤ ਦੇ ਕਿਸੇ ਵਿਦੇਸ਼ੀ ਦੰਪਤੀ ਲਈ ਸੇਰੋਗੈਸੀ (ਕਿਰਾਏ ਦੀ ਕੁੱਖ) ਰਾਹੀਂ ਬੱਚਾ ਲੈਣਾ ਹੁਣ ਮੁਸ਼ਕਲ ਹੋ ਸਕਦਾ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਦਾਇਰ ਇਕ ਹਲਫਨਾਮੇ ਵਿਚ ਕਿਹਾ ਕਿ ਭਾਰਤ ਵਿਚ ਕਮਰਸ਼ੀਅਲ ਸੇਰੋਗੈਸੀ ਉਤੇ ਹੁਣ ਪਾਬੰਦੀ ਰਹੇਗੀ ਤੇ ਸਿਰਫ ਰਿਸਰਚ ਲਈ ਹੀ ਇਸ ਦੀ ਇਜਾਜ਼ਤ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਭਾਰਤ ਦੁਨੀਆਂ ਭਰ ਵਿਚ 'ਸੇਰੋਗੈਸੀ ਕੈਪੀਟਲ' ਵਜੋਂ ਜਾਣਿਆ ਜਾਂਦਾ ਹੈ ਤੇ ਸਰਕਾਰ ਇਸ ਉਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ ਦੀ ਤਿਆਰੀ ਵਿਚ ਹੈ, ਹਾਲਾਂਕਿ ਇਹ ਪਾਬੰਦੀ ਭਾਰਤ ਦੇ ਸੰਤਾਨਹੀਨ ਦੰਪਤੀਆਂ 'ਤੇ ਲਾਗੂ ਨਹੀਂ ਹੋਵੇਗੀ।

# ਵਿਕਾਸ ਦੀ ਦੌੜ ਵਿਚ ਬਿਹਾਰ ਤੋਂ ਵੀ ਪਿਛੇ ਰਹਿ ਗਿਆ ਪੰਜਾਬ

## ਸੂਬਿਆਂ ਦੀ ਮਾਲੀ ਹਾਲਤ ਬਾਰੇ ਰਿਪੋਰਟ ਵਿਚ ਖੁਲਾਸਾ



**ਨਵੀਂ ਦਿੱਲੀ:** ਪੰਜਾਬ ਵਿਚ ਵਿਕਾਸ ਦੀ ਮੱਠੀ ਰਫਤਾਰ ਨੇ ਉਸ ਨੂੰ ਭਾਰਤ ਦੇ ਸੂਬਿਆਂ ਵਿਚੋਂ ਸਭ ਤੋਂ ਹੇਠਲੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ ਜਦ ਕਿ 'ਬਿਮਾਰੂ ਰਾਜ' ਸਮਝੇ ਜਾਂਦੇ ਬਿਹਾਰ ਨੇ ਵਿਕਾਸ ਦੀ ਇਸ ਦੌੜ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਹ ਅੰਕੜੇ ਬ੍ਰਿਕਵਰਕ ਰੇਟਿੰਗ ਏਜੰਸੀ ਵੱਲੋਂ ਸੂਬਿਆਂ ਦੀ ਮਾਲੀ ਹਾਲਤ ਬਾਰੇ ਪੇਸ਼ ਕੀਤੀ ਇਕ ਰਿਪੋਰਟ ਵਿਚ ਪੇਸ਼ ਕੀਤੇ ਗਏ ਹਨ। ਬ੍ਰਿਕਵਰਕ ਦੀ 'ਹੈਂਡ ਬੁੱਕ ਆਨ ਸਟੇਟ ਫਾਈਨਾਂਸ 2015' ਮੁਤਾਬਕ ਭਾਰਤ ਵਿਚ ਸਭ ਤੋਂ ਤੇਜ਼ ਗਤੀ ਨਾਲ ਵਿਕਾਸ ਕਰਨ ਵਾਲੇ ਰਾਜਾਂ ਵਿਚ ਬਿਹਾਰ 17.06ਗ ਵਿਕਾਸ ਦਰ ਨਾਲ ਪਹਿਲੇ ਨੰਬਰ 'ਤੇ ਜਦ ਕਿ ਮੱਧ ਪ੍ਰਦੇਸ਼ 16.86 ਫੀਸਦੀ ਨਾਲ ਦੂਜੇ ਤੇ ਗੋਆ 16.43 ਫੀਸਦੀ ਵਿਕਾਸ ਦਰ ਨਾਲ ਤੀਜੇ ਨੰਬਰ ਉਤੇ ਹੈ, ਜਦ ਕਿ ਪੰਜਾਬ ਹੇਠਲੇ ਤਿੰਨ ਸੂਬਿਆਂ ਵਿਚ ਸ਼ੁਮਾਰ ਹੁੰਦਾ ਹੈ।

ਤੇਲੰਗਾਨਾ 5.3 ਫੀਸਦੀ ਨਾਲ ਵਿਕਾਸ ਦੇ ਲਿਹਾਜ਼ ਨਾਲ ਸਭ ਤੋਂ ਹੇਠਾਂ ਆਉਂਦਾ ਹੈ, ਪਰ ਨਵਾਂ ਸੂਬਾ ਹੋਣ ਤੇ ਇਸ ਦੇ ਪ੍ਰਸ਼ਾਸਨਿਕ ਤੰਤਰ ਦੀਆਂ ਸਮੱਸਿਆਵਾਂ ਇਸ ਦੀ ਘੱਟ ਵਿਕਾਸ ਦਰ ਦਾ ਕਾਰਨ ਸਮਝਿਆ ਜਾ ਸਕਦਾ ਹੈ, ਪਰ ਪੰਜਾਬ 10.16 ਫੀਸਦੀ ਦੀ ਵਿਕਾਸ ਦਰ ਨਾਲ ਹੇਠੋਂ ਦੂਜੇ ਨੰਬਰ 'ਤੇ ਹੈ ਜਦ ਕਿ ਰਾਜਸਥਾਨ 11 ਫੀਸਦੀ ਨਾਲ ਤੀਜੇ ਉਤੇ ਹੈ। ਇਸ ਰੁਝਾਨ ਬਾਰੇ ਬ੍ਰਿਕਵਰਕ ਦੇ ਮੈਨੇਜਿੰਗ ਡਾਇਰੈਕਟਰ ਵਿਵੇਕ ਕੁਲਕਰਨੀ ਦਾ ਮੰਨਣਾ ਹੈ ਕਿ ਭਾਰਤ ਦੇ ਜ਼ਿਆਦਾਤਰ ਸੂਬੇ ਇਸ ਵੇਲੇ ਵੱਖ-ਵੱਖ ਖੇਤਰਾਂ ਵਿਚ ਆਰਥਿਕ ਸੁਧਾਰਾਂ ਦੀ ਦਿਸ਼ਾ ਵਿਚ ਅੱਗੇ ਵੱਧ ਰਹੇ ਹਨ, ਫਿਰ ਭਾਵੇਂ ਉਹ ਊਰਜਾ ਖੇਤਰ ਹੋਵੇ ਜਾਂ ਟੈਕਸ, ਸ਼ਹਿਰੀ ਵਿਕਾਸ ਜਾਂ ਫਿਰ ਪ੍ਰਸ਼ਾਸਨ, ਹਰ ਸੂਬਿਆਂ ਦੀਆਂ ਨਿਵੇਕਲੀਆਂ ਸਮੱਸਿਆਵਾਂ ਹੋਣ ਕਾਰਨ ਹਰ ਸੂਬਾ ਵਿਕਾਸ ਦੇ ਵੱਖ-ਵੱਖ ਪੜਾਅ ਉਤੇ ਹੈ। ਸ੍ਰੀ ਕੁਲਕਰਨੀ ਨੇ ਕਿਹਾ ਕਿ ਇਸ ਲਈ ਸੂਬਿਆਂ ਦੀ ਰੇਟਿੰਗ ਵੱਖ-ਵੱਖ ਮਾਪਦੰਡਾਂ ਦੇ ਆਧਾਰ ਉਤੇ ਕੀਤੀ ਜਾਂਦੀ ਹੈ।

ਦਿੱਲੀ ਵਿਚ ਇਕ ਸਮਾਗਮ ਦੌਰਾਨ ਜਾਰੀ ਰਿਪੋਰਟ ਵਿਚ ਸ਼ਹਿਰੀਕਰਨ, ਪ੍ਰਤੀ ਵਿਅਕਤੀ ਆਮਦਨ, ਨਵਜਾਤ ਬੱਚਿਆਂ ਦੀ ਮੌਤ ਦਰ, ਔਰਤਾਂ ਤੇ ਮਰਦਾਂ ਦਾ ਅਨੁਪਾਤ, ਔਰਤਾਂ ਦੀ ਸਾਖਰਤਾ ਦਰ, ਜਿਹੇ ਮਾਨਕਾਂ ਦੇ ਆਧਾਰ 'ਤੇ ਰਾਜਾਂ ਦੀ ਤੁਲਨਾ ਕੀਤੀ ਗਈ ਹੈ।

## ਇਸ ਆਧਾਰ 'ਤੇ ਹੋਈ ਹੈ ਤੁਲਨਾ...

**ਨਵੀਂ ਦਿੱਲੀ:** ਬ੍ਰਿਕਵਰਕ ਰੇਟਿੰਗ ਏਜੰਸੀ ਵੱਲੋਂ ਰਿਪੋਰਟ ਵਿਚ ਸ਼ਹਿਰੀਕਰਨ, ਪ੍ਰਤੀ ਵਿਅਕਤੀ ਆਮਦਨ, ਨਵਜਾਤ ਬੱਚਿਆਂ ਦੀ ਮੌਤ ਦਰ, ਔਰਤਾਂ ਤੇ ਮਰਦਾਂ ਦਾ ਅਨੁਪਾਤ, ਔਰਤਾਂ ਦੀ ਸਾਖਰਤਾ ਦਰ, ਜਿਹੇ ਮਾਨਕਾਂ ਦੇ ਆਧਾਰ 'ਤੇ ਰਾਜਾਂ ਦੀ ਤੁਲਨਾ ਕੀਤੀ ਗਈ ਹੈ। ਇਸ ਦੇ ਨਾਲ ਹੀ ਸੂਬਿਆਂ ਦੀ ਆਮਦਨ ਤੇ ਖਰਚਿਆਂ ਨੂੰ ਲੈ ਕੇ ਵੀ ਇਕ ਤਫਸੀਲੀ ਵੇਰਵਾ ਪੇਸ਼ ਕੀਤਾ ਗਿਆ ਹੈ, ਜਿਸ ਦੇ ਆਧਾਰ ਉਤੇ ਵੱਖ-ਵੱਖ ਰਾਜਾਂ ਦੀ ਸਮਾਜਿਕ, ਆਰਥਿਕ ਤੇ ਹੋਰ ਪ੍ਰਸ਼ਾਸਨਿਕ ਖਰਚਿਆਂ ਦੇ ਰੁਝਾਨ ਦੀ ਜਾਣਕਾਰੀ ਨਹੀਂ ਮਿਲਦੀ।

## ਲਿੰਗ ਅਨੁਪਾਤ ਪੱਖੋਂ ਹਾਲਾਤ ਚਿੰਤਾਜਨਕ


**ਨਵੀਂ ਦਿੱਲੀ:** ਹਰਿਆਣਾ ਤੇ ਪੰਜਾਬ ਵਿਚ ਬੇਟੀਆਂ ਦੀ ਹਾਲਤ ਕੋਈ ਖਾਸ ਸੁਖਾਵੀਂ ਨਹੀਂ ਹੈ। ਹਰਿਆਣਾ ਵਿਚ ਇਹ ਅੰਕੜਾ 877 ਜਦ ਕਿ ਪੰਜਾਬ ਵਿਚ 893 ਹੈ। ਅੰਕੜਿਆਂ ਮੁਤਾਬਕ ਦਿੱਲੀ, ਪੰਜਾਬ ਤੇ ਹਰਿਆਣਾ ਹੇਠੋਂ ਪਹਿਲੇ, ਦੂਜੇ ਤੇ ਤੀਜੇ ਨੰਬਰ ਉਤੇ ਹੈ, ਜਦ ਕਿ ਕੇਰਲਾ 1084 ਦੇ ਅੰਕੜੇ ਨਾਲ ਪਹਿਲੇ ਨੰਬਰ ਉਤੇ ਹੈ। ਹਾਲਾਂਕਿ ਨਵਜਾਤ ਬੱਚਿਆਂ ਦੀ ਮੌਤ ਦਰ (ਆਈ.ਐਮ.ਆਰ.) ਦੇ ਮਾਮਲੇ ਵਿਚ ਪੰਜਾਬ ਦੀ ਹਾਲਤ ਮੱਧ-ਪ੍ਰਦੇਸ਼ ਜਾਂ ਅਸਾਮ ਵਰਗੀ ਚਿੰਤਾਜਨਕ ਨਹੀਂ ਹੈ, ਜਿਥੇ ਆਈ.ਐਮ.ਆਰ. 59 ਤੇ 55 ਹੈ।

## ਸੂਬੇ ਵਿਚ ਸਿਹਤ ਤੇ ਸਿੱਖਿਆ ਨੂੰ ਤਰਜੀਹ ਨਹੀਂ

**ਚੰਡੀਗੜ੍ਹ:** 74, 60.6 ਰੁਪਏ ਪ੍ਰਤੀ ਵਿਅਕਤੀ ਆਮਦਨ ਨਾਲ ਦੇਸ਼ ਵਿਚ ਨੌਵੇਂ ਨੰਬਰ ਉਤੇ ਰਹਿਣ ਵਾਲਾ ਪੰਜਾਬ ਆਪਣੇ ਕੁੱਲ ਘਰੇਲੂ ਉਤਪਾਦ ਦਾ ਇਕ ਫੀਸਦੀ ਵੀ ਸਿਹਤ ਸੇਵਾਵਾਂ 'ਤੇ ਖਰਚ ਨਹੀਂ ਕਰਦਾ। ਸਿੱਖਿਆ ਉਤੇ ਹੋਣ ਵਾਲਾ ਖਰਚ ਵੀ 2.1 ਫੀਸਦੀ ਤੱਕ ਹੀ ਸੀਮਤ ਹੈ। ਅੰਕੜਿਆਂ ਮੁਤਾਬਕ ਪੰਜਾਬ ਦੇ ਬਜਟ ਦਾ ਇਕ ਵੱਡਾ ਹਿੱਸਾ ਪ੍ਰਸ਼ਾਸਨ ਉਤੇ ਹੀ ਖਰਚ ਹੁੰਦਾ ਹੈ। ਭਾਵ ਸੂਬੇ ਦੇ ਖਰਚਿਆਂ ਦਾ ਤਕਰੀਬਨ 75 ਫੀਸਦੀ ਹਿੱਸਾ ਤਨਖਾਹਾਂ ਤੇ ਪੈਨਸ਼ਨਾਂ ਉਤੇ ਹੀ ਖਰਚ ਹੁੰਦਾ ਹੈ।

# ਸੰਸਾਰ ਦੀਆਂ ਸਨਮਾਨਤ ਹਸਤੀਆਂ ਵਿਚ ਗਾਂਧੀ ਤੇ ਮੋਦੀ ਸ਼ਾਮਲ

**ਜਨੇਵਾ:** ਵਿਸ਼ਵ ਆਰਥਿਕ ਮੰਚ (ਡਬਲਯੂ.ਈ.ਐਫ.) ਦੇ ਇਕ ਨਵੇਂ ਸਰਵੇਖਣ ਅਨੁਸਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਨੀਆਂ ਭਰ ਵਿਚ ਸਭ ਤੋਂ ਜ਼ਿਆਦਾ ਪ੍ਰਸ਼ੰਸਾ ਪ੍ਰਾਪਤ ਕਰਨ ਵਾਲੀ 10ਵੀਂ ਹਸਤੀ ਬਣ ਗਏ ਹਨ। ਇਸ ਮੰਚ ਨੇ ਦੱਖਣ ਅਫਰੀਕਾ ਦੇ ਮਰਹੂਮ ਰਾਸ਼ਟਰਪਤੀ ਨੈਲਸਨ ਮੰਡੇਲਾ ਨੂੰ ਸੂਚੀ ਵਿਚ ਪਹਿਲੇ ਸਥਾਨ ਉਤੇ ਰੱਖਿਆ ਹੈ। ਮਹਾਤਮਾ ਗਾਂਧੀ ਇਸ ਸੂਚੀ ਵਿਚ ਚੌਥੇ ਸਥਾਨ ਉਤੇ ਹਨ।



ਸਰਵੇਖਣ ਵਿਚ 125 ਦੇਸ਼ਾਂ ਦੇ 285 ਸ਼ਹਿਰਾਂ ਵਿਚ 1000 ਤੋਂ ਜ਼ਿਆਦਾ ਨੌਜਵਾਨਾਂ ਤੋਂ ਉਨ੍ਹਾਂ ਦੀ ਰਾਇ ਲਈ ਗਈ। ਡਬਲਯੂ.ਈ.ਐਫ. ਦੇ ਗਲੋਬਲ ਸ਼ੇਪਰਸ ਐਨੂਅਲ ਸਰਵੇ 2015 ਵਿਚ ਦੂਜੇ ਸਥਾਨ ਉਤੇ ਪੋਪ ਫਰਾਂਸਿਸ ਆਏ। ਸੂਚੀ ਵਿਚ ਹੋਰ ਲੋਕ ਟੈਸਲਾ ਮੋਟਰਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਏਲੋਨਾ ਮਸਕ (ਤੀਜੇ), ਮਾਈਕਰੋਸਾਫਟ ਦੇ ਸੰਸਥਾਪਕ ਬਿਲ ਗੇਟਸ (ਪੰਜਵੇਂ), ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ (ਛੇਵੇਂ), ਵਰਜਿਨ ਗਰੁੱਪ ਦੇ ਸੰਸਥਾਪਕ ਰਿਚਰਡ ਬਾਰਸੋਨ (ਸੱਤਵੇਂ), ਐਪਲ ਦੇ ਸੰਸਥਾਪਕ ਸਟੀਵ ਜਾਬਸ (ਅੱਠਵੇਂ), ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ (ਨੌਵੇਂ) ਤੇ ਅਮਰੀਕੀ ਨਿਵੇਸ਼ਕ ਵਾਰੇਨ ਬਫੇਟ (ਗਿਆਰਵੇਂ) ਸ਼ਾਮਲ ਹਨ।

## ਨੇਪਾਲ ਵਿਚ ਪਹਿਲੀ ਵਾਰ ਬਣੀ ਮਹਿਲਾ ਰਾਸ਼ਟਰਪਤੀ

**ਕਾਠਮੰਡੂ:** ਹੁਕਮਰਾਨ ਪਾਰਟੀ ਸੀ.ਪੀ.ਐਨ.-ਯੂ.ਐਮ.ਐਲ. ਦੀ ਵਿਦਿਆ ਦੇਵੀ ਭੰਡਾਰੀ (54) ਨੂੰ ਨੇਪਾਲ ਦੀ ਪਹਿਲੀ ਰਾਸ਼ਟਰਪਤੀ ਚੁਣ ਲਿਆ ਗਿਆ। ਉਨ੍ਹਾਂ ਨੇ ਨੇਪਾਲੀ ਕਾਂਗਰਸ ਦੇ ਕੁਲ ਬਹਾਦਰ ਗੁਰੰਗ ਨੂੰ 113 ਵੋਟਾਂ ਨਾਲ ਹਰਾਇਆ।

ਸਪੀਕਰ ਓਨਸਾਰੀ ਘਰਤੀ ਨੇ ਸ੍ਰੀਮਤੀ ਭੰਡਾਰੀ ਨੂੰ ਨੇਪਾਲ ਦੇ ਨਵੇਂ ਰਾਸ਼ਟਰਪਤੀ ਵਜੋਂ ਚੁਣੇ ਜਾਣ ਦਾ ਐਲਾਨ ਕੀਤਾ।

ਸੀ.ਪੀ.ਐਨ.-ਯੂ.ਐਮ.ਐਲ. ਦੀ ਉਪ ਪ੍ਰਧਾਨ ਤੇ ਪਾਰਟੀ ਦੇ ਜਨਰਲ ਸਕੱਤਰ ਰਹੇ ਸਵਰਗੀ ਮਦਨ ਭੰਡਾਰੀ ਦੀ ਪਤਨੀ ਵਿਦਿਆ ਦੇਵੀ ਨੂੰ 327 ਵੋਟਾਂ ਹਾਸਲ ਹੋਈਆਂ ਜਦਕਿ ਗੁਰੰਗ ਨੂੰ 214 ਸੰਸਦ ਮੈਂਬਰਾਂ ਦੀ ਹਮਾਇਤ ਮਿਲੀ। ਦੇਸ਼ ਵਿਚ 20 ਸਤੰਬਰ ਨੂੰ ਨਵਾਂ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਸੰਸਦ ਦੇ ਇਜਲਾਸ ਦੇ ਮਹੀਨੇ ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਲਾਜ਼ਮੀ ਸੀ।

# ਭਾਰਤੀ ਬਜ਼ੁਰਗ ਦੀ ਕੁੱਟਮਾਰ ਵਾਲੇ ਕੇਸ ਦੀ ਸੁਣਵਾਈ ਮੁੜ ਸ਼ੁਰੂ

**ਵਾਸ਼ਿੰਗਟਨ:** ਅਮਰੀਕੀ ਪੁਲਿਸ ਦੇ ਅਧਿਕਾਰੀ ਵੱਲੋਂ ਇਸ ਸਾਲ ਦੇ ਸ਼ੁਰੂ ਵਿਚ ਸੁਰੇਸ਼ਭਾਈ ਪਟੇਲ 'ਤੇ ਹਮਲਾ ਕਰਨ ਦੇ ਮਾਮਲੇ ਦੀ ਸੁਣਵਾਈ ਮੁੜ ਸ਼ੁਰੂ ਹੋ ਗਈ ਹੈ। ਅਲਬਾਮਾ ਵਿਚ ਸੰਘੀ ਅਦਾਲਤ ਨੂੰ ਦੱਸਿਆ ਗਿਆ ਕਿ ਅਧਿਕਾਰੀ ਐਰਿਕ ਪਾਰਕਰ ਨੇ ਸ੍ਰੀ ਪਟੇਲ ਦੀਆਂ ਮਿੰਨਤਾਂ ਨੂੰ ਦਰਕਿਨਾਰ ਕਰ ਦਿੱਤਾ ਤੇ 101 ਸਕਿੰਟਾਂ ਵਿਚ ਉਸ ਦੇ ਧਰਤੀ 'ਤੇ ਡਿੱਗਣ ਬਾਅਦ ਹੀ ਉਨ੍ਹਾਂ ਨੂੰ ਅੰਸ਼ਕ ਤੌਰ ਉਤੇ ਅਧਰੰਗ ਹੋ ਗਿਆ ਸੀ।

ਅਸਿਸਟੈਂਟ ਅਟਾਰਨੀ ਰਾਬਰਟ ਪੋਜ਼ੀ ਨੇ ਅਦਾਲਤ ਵਿਚ ਦੱਸਿਆ ਕਿ ਉਨ੍ਹਾਂ ਤਿੰਨ ਵਾਰ ਇੰਡੀਆ ਵੀ ਆਖਿਆ ਤੇ ਆਪਣੇ ਪੁੱਤਰ ਦੇ ਘਰ ਵੱਲ ਇਸ਼ਾਰਾ ਵੀ ਕੀਤਾ, ਪਰ ਅਧਿਕਾਰੀ ਦੇ ਸਿਰ 'ਤੇ ਜੂੰ ਨਹੀਂ ਸਰਕੀ।

ਉਨ੍ਹਾਂ ਪੰਜ ਵਾਰ ਆਖਿਆ ਕਿ ਉਹ ਅੰਗਰੇਜ਼ੀ ਨਹੀਂ ਜਾਣਦੇ। ਉਸ ਨੇ ਪਾਰਕਰ ਲਈ 10 ਸਾਲ ਦੀ ਸਜ਼ਾ ਦੀ ਮੰਗ ਕੀਤੀ ਹੈ। ਉਧਰ, ਪਾਰਕਰ ਦੇ ਵਕੀਲ ਰਾਬਰਟ ਟੂਟੇਨ ਨੇ ਜਿਊਰੀ ਨੂੰ ਦੱਸਿਆ ਕਿ ਗਲਤੀ ਸ੍ਰੀ ਪਟੇਲ ਦੀ ਸੀ ਕਿਉਂਕਿ ਜਦੋਂ ਕੋਈ ਅਮਰੀਕਾ ਆਉਂਦਾ ਹੈ ਤਾਂ ਆਸ ਕੀਤੀ ਜਾਂਦੀ ਹੈ ਕਿ ਉਹ ਕਾਨੂੰਨ ਦੇ ਨਾਲ-ਨਾਲ ਸਥਾਨਕ ਭਾਸ਼ਾ ਦਾ ਵੀ ਗਿਆਨ ਰੱਖੇ। ਉਸ ਨੇ ਕਿਹਾ ਕਿ ਸ੍ਰੀ ਪਟੇਲ 'ਸਟਾਪ' ਸ਼ਬਦ ਨੂੰ ਸਮਝ ਗਏ ਸਨ ਪਰ ਇਸ ਦੇ ਬਾਵਜੂਦ ਉਹ ਰੁਕੇ ਨਹੀਂ ਤੇ ਅੱਗੇ ਚਲਦੇ ਰਹੇ।

# ਵਿਦੇਸ਼ ਜਾਣ ਦੇ ਚਾਹਵਾਨਾਂ ਦੀਆਂ ਮੌਜਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਵਾਜਿਬ ਸਰਟੀਫਿਕੇਟ ਅਤੇ ਡਿਗਰੀ ਲਈ ਕੈਪਸੂਲ ਟ੍ਰੇਨਿੰਗ ਪ੍ਰੋਗਰਾਮ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਵਿਦੇਸ਼ ਜਾਣ ਦੀ ਲਾਲਸਾ ਨੂੰ ਪੂਰਾ ਕਰਨ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਹ ਸਿਖਲਾਈ ਪ੍ਰੋਗਰਾਮ ਉਨ੍ਹਾਂ ਨੂੰ ਆਸਟਰੇਲੀਆ, ਅਮਰੀਕਾ, ਸਾਊਦੀ ਅਰਬ ਤੇ ਹੋਰ ਕਿਰਤ ਦੀ ਘਾਟ ਵਾਲੇ ਦੇਸ਼ਾਂ ਵਿਚ ਵਰਕ ਵੀਜ਼ਾ ਹਾਸਲ ਕਰਨ ਦੇ ਯੋਗ ਬਣਾਉਣਗੇ। ਇਸ ਤੋਂ ਇਲਾਵਾ ਵਰਧਮਾਨ ਤੇ ਟਾਟਾ ਕੰਪਨੀਆਂ ਨੇ ਪੰਜਾਬ ਵਿਚ ਹੁਨਰ ਵਿਕਾਸ ਕੇਂਦਰ ਸਥਾਪਤ ਕੀਤੇ ਹਨ।

ਸੈਸ਼ਨ ਦੌਰਾਨ ਓਬੇਰ ਵੱਲੋਂ ਸਾਰੇ ਰਾਜਾਂ ਲਈ 50000 ਮਹਿਲਾ ਤੇ 50000 ਪੁਰਸ਼ ਡਰਾਈਵਰਾਂ ਨੂੰ ਸਿਖਲਾਈ ਦੇਣ ਲਈ ਸਮਝੌਤਾ ਸਹੀਬੱਧ ਕੀਤਾ, ਜਿਸ ਤਹਿਤ ਡਰਾਈਵਰਾਂ ਨੂੰ ਸ਼ਖਸੀਅਤ ਉਭਾਰਨ ਤੇ ਅੰਗਰੇਜ਼ੀ ਬੋਲਣ ਲਈ ਕੈਪਸੂਲ ਕੋਰਸਾਂ ਨਾਲ ਸਿੱਖਿਅਤ ਕੀਤਾ ਜਾਵੇਗਾ ਤੇ ਵਿਦੇਸ਼ਾਂ ਵਿਚ ਵਿਸ਼ੇਸ਼ ਕਰਕੇ ਯੂ.ਐਸ. ਏ ਤੇ ਕੈਨੇਡਾ ਵਿਚ ਹੈਵੀ ਡਿਊਟੀ ਵਾਹਨ ਚਲਾਉਣ ਲਈ ਸਰਕਾਰ ਵੱਲੋਂ ਯੋਗ ਮਾਨਤਾ ਮਿਲੇਗੀ। ਸੈਂਟਰਮ, ਜੈਨੀਸਿਸ, ਐਨ.ਏ.ਐਸ. ਐਸ.ਓ.ਐਮ. ਆਦਿ ਕੰਪਨੀਆਂ ਵੀ ਹੁਨਰ ਵਿਕਾਸ ਦੇ ਖੇਤਰ ਵਿਚ ਪੰਜਾਬ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ।




## ਕਤਰ ਵੱਲੋਂ ਪਰਵਾਸੀ ਕਾਮਿਆਂ ਨੂੰ ਰਾਹਤ

**ਦੁਬਈ:** ਕਤਰ ਨੇ ਪਰਵਾਸੀ ਵਰਕਰਾਂ ਦੀ ਵੱਡੀ ਆਬਾਦੀ ਨੂੰ ਰਾਹਤ ਦੇਣ ਦੇ ਮਕਸਦ ਨਾਲ ਆਵਾਸੀ ਨੀਤੀਆਂ ਵਿਚ ਸੁਧਾਰ ਲਈ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ। ਮਨੁੱਖੀ ਅਧਿਕਾਰਾਂ ਬਾਰੇ ਜਥੇਬੰਦੀਆਂ ਵੱਲੋਂ ਪਰਵਾਸੀਆਂ ਦੇ ਹੱਕ ਵਿਚ ਪਹਿਲਾਂ ਆਸਾਨ ਸ਼ਰਤਾਂ ਲਾਗੂ ਕੀਤੇ ਜਾਣ ਦੀ ਵਕਾਲਤ ਕੀਤੀ ਜਾਂਦੀ ਰਹੀ ਹੈ। ਕਤਰ ਨਿਊਜ਼ ਏਜੰਸੀ ਨੇ ਦੱਸਿਆ ਕਿ ਅਮੀਰ ਤਮੀਮ ਬਿਨ ਹਮਦ ਅਲ ਥਾਨੀ ਨੇ ਪਰਵਾਸੀਆਂ ਦੇ ਮੁਲਕ ਵਿਚ ਦਾਖਲ ਤੇ ਛੱਡਣ ਬਾਰੇ ਨਵਾਂ ਕਾਨੂੰਨ ਜਾਰੀ ਕੀਤਾ ਗਿਆ ਹੈ।

# ਸੰਤ ਫਤਿਹ ਸਿੰਘ ਯਾਦਗਾਰ ਬਾਰੇ ਵਾਅਦਾ ਵਿਸਾਰਿਆ



**ਬਠਿੰਡਾ:** ਪੰਥਕ ਸਰਕਾਰ ਤਕਰੀਬਨ ਚਾਰ ਦਹਾਕੇ ਮਗਰੋਂ ਵੀ ਪੰਜਾਬੀ ਸੂਬੇ ਦੇ ਬਾਨੀ ਸੰਤ ਫਤਿਹ ਸਿੰਘ ਦੀ ਕੋਈ ਢੁਕਵੀਂ ਯਾਦਗਾਰ ਨਹੀਂ ਬਣਾ ਸਕੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 1977 ਵਿਚ ਪਿੰਡ ਬਦਿਆਲਾ ਵਿਚ ਸੰਤਾਂ ਦੀ ਯਾਦ ਵਿਚ ਸੰਤ ਫਤਿਹ ਸਿੰਘ ਹਸਪਤਾਲ ਬਣਾਇਆ ਸੀ। ਹਸਪਤਾਲ ਵਿਚ ਮੁਲਾਜ਼ਮਾਂ ਦੀ ਕਮੀ ਹੈ ਤੇ ਇਮਾਰਤ ਵੀ ਬਹੁਤੀ ਚੰਗੀ ਨਹੀਂ ਹੈ। ਹਸਪਤਾਲ ਦੇ ਮੁੱਖ ਗੇਟ ਤੋਂ ਸੰਤ ਫਤਿਹ ਸਿੰਘ ਦੀ ਯਾਦ ਵਾਲਾ ਬੋਰਡ ਵੀ ਟੁੱਟ ਕੇ ਡਿੱਗ ਚੁੱਕਾ ਹੈ ਜੋ ਹੁਣ ਸਟੋਰ ਵਿਚ ਪਿਆ ਹੈ। ਮੁੱਖ ਮੰਤਰੀ ਪੰਜਾਬ ਨੇ ਸਾਲ 2008 ਵਿਚ ਬਰਸੀ ਸਮਾਗਮਾਂ ਵਿਚ ਹੀ ਐਲਾਨ ਕੀਤਾ ਸੀ ਕਿ ਬਠਿੰਡਾ-ਚੰਡੀਗੜ੍ਹ ਸੜਕ ਤੋਂ ਡਰੇਨ ਲਾਗਿਓਂ ਆਉਂਦੀ ਵਾਇਆ ਜੈਦ ਲਿੰਕ ਸੜਕ ਨੂੰ 18 ਫੁੱਟ ਚੌੜਾ ਕਰਕੇ ਇਸ ਨੂੰ ਸੰਤ ਫਤਿਹ ਸਿੰਘ ਮਾਰਗ ਦਾ ਨਾਮ ਦਿੱਤਾ ਜਾਵੇਗਾ।

ਸੱਤ ਵਰ੍ਹਿਆਂ ਮਗਰੋਂ ਇਸ ਲਿੰਕ ਸੜਕ ਉਤੇ ਸੰਤ ਫਤਿਹ ਸਿੰਘ ਮਾਰਗ ਦੇ ਨਾਂ ਵਾਲਾ ਫੱਟਾ ਵੀ ਸਰਕਾਰ ਨਹੀਂ ਲਗਾ ਸਕੀ ਹੈ। ਇਹ ਲਿੰਕ ਸੜਕ ਪਿੰਡ ਬਦਿਆਲਾ ਤੱਕ ਸਿਰਫ ਛੇ ਕਿਲੋਮੀਟਰ ਲੰਬੀ ਹੈ। ਸ਼੍ਰੋਮਣੀ ਕਮੇਟੀ ਨੇ ਇਸ ਪਿੰਡ ਵਿਚ ਪਬਲਿਕ ਸਕੂਲ ਜ਼ਰੂਰ ਬਣਾਇਆ ਹੈ। ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਪੰਥਕ ਸਰਕਾਰ ਨੇ ਸੰਤ ਫਤਿਹ ਸਿੰਘ ਦੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ ਹੈ ਜਿਸ ਕਰਕੇ ਕੋਈ ਢੁਕਵੀਂ ਯਾਦਗਾਰ ਪਿੰਡ ਵਿਚ ਨਹੀਂ ਬਣ ਸਕੀ ਹੈ।

ਪਿੰਡ ਦੇ ਮੌਜੂਦਾ ਸਰਪੰਚ ਜਗਦੇਵ ਸਿੰਘ ਦਾ ਕਹਿਣਾ ਸੀ ਕਿ ਸੰਤ ਦੀ ਪਿੰਡ ਵਿਚ ਕੋਈ ਢੁਕਵੀਂ ਯਾਦਗਾਰ ਨਹੀਂ ਹੈ ਤੇ ਮਾਰਗ ਵੀ ਹਾਲੇ ਤੱਕ ਨਹੀਂ ਬਣਿਆ ਹੈ। ਦੱਸਣਯੋਗ ਹੈ ਕਿ ਪਿੰਡ ਬਦਿਆਲਾ ਹਲਕਾ ਮੌੜ ਵਿਚ ਪੈਂਦਾ ਹੈ ਜਿਥੋਂ ਕੈਬਨਿਟ ਵਜ਼ੀਰ ਜਨਮੇਜਾ ਸਿੰਘ ਸੇਖੋਂ ਨੁਮਾਇੰਦਗੀ ਕਰ ਰਹੇ ਹਨ। ਉਹ ਖੁਦ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਨ, ਪਰ ਫਿਰ ਵੀ ਸੰਤਾਂ ਦੀ ਯਾਦ ਵਾਲਾ ਸੜਕ ਮਾਰਗ ਬਣ ਨਹੀਂ ਸਕਿਆ ਹੈ। ਸੇਖੋਂ ਦਾ ਕਹਿਣਾ ਸੀ ਕਿ ਸੰਤ ਫਤਿਹ ਸਿੰਘ ਮਾਰਗ ਬਣਾਏ ਜਾਣ ਦੇ ਐਲਾਨ ਵਾਰੇ ਕੋਈ ਜਾਣਕਾਰੀ ਨਹੀਂ ਹੈ, ਪਰ ਜੇ ਮੁੱਖ ਮੰਤਰੀ ਨੇ ਐਲਾਨ ਕੀਤਾ ਹੈ ਤਾਂ ਉਹ ਮਾਰਗ ਬਣਾਉਣਗੇ।

## ਬਰਸੀ ਮੌਕੇ ਅਕਾਲੀ ਵਜ਼ੀਰਾਂ ਦਾ ਤਿੱਖਾ ਵਿਰੋਧ

**ਰਾਮਪੁਰਾ ਫੂਲ:** ਪੰਜਾਬੀ ਸੂਬੇ ਦੇ ਬਾਨੀ ਸੰਤ ਫਤਹਿ ਸਿੰਘ ਬਦਿਆਲਾ ਦੀ 43ਵੀਂ ਬਰਸੀ ਮੌਕੇ ਕਰਾਏ ਗਏ ਸਮਾਗਮ ਵਿਚ ਅਕਾਲੀ ਵਜ਼ੀਰਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੱਸਣਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਆਮਦ ਨੂੰ ਲੈ ਕੇ ਇਲਾਕੇ ਦੀ ਸਿੱਖ ਸੰਗਤ ਤੇ ਕਿਸਾਨਾਂ ਨੇ ਪਹਿਲਾਂ ਹੀ ਘਿਰਾਓ ਦਾ ਐਲਾਨ ਕਰ ਦਿੱਤਾ ਸੀ, ਜਿਸ ਕਾਰਨ ਮੁੱਖ ਮੰਤਰੀ ਦਾ ਦੌਰਾ ਰੱਦ ਕਰ ਦਿੱਤਾ ਗਿਆ ਸੀ।

ਸਮਾਗਮ ਵਿਚ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ, ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ, ਸੁਰਜੀਤ ਸਿੰਘ ਰੱਖੜਾ ਤੇ ਬਲਵਿੰਦਰ ਸਿੰਘ ਭੂੰਦੜ ਨੇ ਸ਼ਿਰਕਤ ਕੀਤੀ, ਜਦੋਂ ਇਹ ਆਗੂ ਸੰਬੋਧਨ ਕਰ ਰਹੇ ਸਨ ਤਾਂ ਵਿਰੋਧ ਡਰੋਂ ਪੰਡਾਲ ਵਿਚ ਬੈਠੀਆਂ ਔਰਤਾਂ ਦੀ ਸਖਤ ਘੇਰਾਬੰਦੀ ਕੀਤੀ ਗਈ ਸੀ, ਪਰ ਪੁਲਿਸ ਨੂੰ ਉਸ ਸਮੇਂ ਹੱਥਾਂ ਪੈਰਾਂ ਦੀ ਪੈ ਗਈ ਜਦੋਂ ਸਿੱਖ ਸੰਗਤ ਤੇ ਕਿਸਾਨਾਂ ਨੇ ਪੁਲਿਸ ਨੂੰ ਝਕਾਨੀ ਦੇ ਕੇ ਸਮਾਗਮ ਵਾਲੀ ਥਾਂ ਉਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਸਟੇਜ ਵੱਲ ਵਧਣਾ ਸ਼ੁਰੂ ਕਰ ਦਿੱਤਾ। ਮੌਕੇ ਦੀ ਨਜ਼ਾਕਤ ਦੇਖਦਿਆਂ ਸਮਾਗਮ ਨੂੰ ਸਮਾਪਤ ਕਰਨ ਵਿਚ ਹੀ ਭਲਾਈ ਸਮਝੀ। ਵਜ਼ੀਰਾਂ ਨੂੰ ਵਿਸ਼ੇਸ਼ ਰਸਤੇ ਰਾਹੀਂ ਰਵਾਨਾ ਕਰ ਦਿੱਤਾ ਗਿਆ। ਵਿਰੋਧ ਕਰ ਰਹੇ ਸਿੱਖ ਨੌਜਵਾਨਾਂ ਤੇ ਔਰਤਾਂ ਨੂੰ ਪੁਲਿਸ ਚੁੱਕ ਕੇ ਥਾਣੇ ਲੈ ਗਈ।

# ਸ਼ਰੀਫ-ਓਬਾਮਾ ਗੱਲਬਾਤ: ਪਰਨਾਲਾ ਉਥੇ ਦਾ ਉਥੇ

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਆਪਣੇ ਦੂਜੇ ਕਾਰਜਕਾਲ ਦੇ ਆਖਰੀ ਸਾਲ ਵਿਚ ਹਨ ਅਤੇ ਵਿਹਾਰਕ ਤੌਰ 'ਤੇ ਉਨ੍ਹਾਂ ਦੇ ਮੁੜ ਰਾਸ਼ਟਰਪਤੀ ਚੁਣੇ ਜਾਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਸ ਗੱਲ ਨਾਲ ਉਨ੍ਹਾਂ ਦਾ ਪ੍ਰਭਾਵ ਆਪਣੇ-ਆਪ ਹੀ ਸੀਮਤ ਹੋ ਜਾਂਦਾ ਹੈ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਪਿਛਲੇ ਦਿਨੀਂ ਆਪਣੀਆਂ ਉਮੀਦਾਂ ਦੀ ਸੂਚੀ ਲੈ ਕੇ ਉਨ੍ਹਾਂ ਨੂੰ ਵਾਸ਼ਿੰਗਟਨ ਵਿਚ ਮਿਲੇ। ਦੂਜੇ ਪਾਸੇ ਅਮਰੀਕੀ ਪ੍ਰਸ਼ਾਸਨ ਇਸ ਗੱਲ ਬਾਰੇ ਬਿਲਕੁਲ ਸਪਸ਼ਟ ਨਜ਼ਰ ਆਇਆ

ਆਰਿਫ ਨਿਜ਼ਾਮੀ


ਕਿ ਉਹ ਇਸਲਾਮਾਬਾਦ ਤੋਂ ਕੀ ਚਾਹੁੰਦਾ ਹੈ? ਵਾਸ਼ਿੰਗਟਨ ਚਾਹੁੰਦਾ ਹੈ ਕਿ ਅਫ਼ਗਾਨਿਸਤਾਨ ਨਾਲ ਲਗਦੇ ਸਰਹੱਦੀ ਕਬਾਇਲੀ ਖੇਤਰਾਂ ਵਿਚਲੇ ਅਤਿਵਾਦੀ ਗਰੁੱਪਾਂ (ਖਾਸ ਕਰ ਕੇ ਹੱਕਾਨੀ ਨੈੱਟਵਰਕ) ਖਿਲਾਫ਼ ਪਾਕਿਸਤਾਨੀ ਫ਼ੌਜ ਸਖ਼ਤ ਕਾਰਵਾਈ ਕਰੇ। ਅਫ਼ਗਾਨ ਨਿਜ਼ਾਮ ਵੱਲੋਂ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. 'ਤੇ ਅਫ਼ਗਾਨਿਸਤਾਨ ਅੰਦਰ ਗੜਬੜੀ ਭੜਕਾਉਣ ਦਾ ਦੋਸ਼ ਲਾਇਆ ਜਾਂਦਾ ਰਿਹਾ ਹੈ। ਅਫ਼ਗਾਨ ਪ੍ਰਸ਼ਾਸਨ ਵੱਲੋਂ ਇਹ ਵੀ ਦੋਸ਼ ਲਾਇਆ ਗਿਆ (ਹਾਲਾਂ ਕਿ ਬਿਨਾਂ ਠੋਸ ਸਬੂਤਾਂ ਤੋਂ) ਕਿ ਉਤਰੀ ਸੂਬੇ ਕੰਦੂਜ਼ ਵਿਚ ਹੋਇਆ ਤਾਜ਼ਾ ਹਮਲਾ ਪਾਕਿਸਤਾਨੀ ਸਰਪ੍ਰਸਤੀ ਅਤੇ ਮਦਦ ਹਾਸਲ ਤਾਲਿਬਾਨ ਤਾਕਤਾਂ ਵੱਲੋਂ ਕੀਤਾ ਗਿਆ।

ਉਂਜ ਇਹ ਵੱਖਰੀ ਗੱਲ ਹੈ ਕਿ ਕੰਦੂਜ਼ ਦੇ ਹਸਪਤਾਲ 'ਤੇ ਹੋਈ ਬੰਬਾਰੀ ਦੀ ਘਟਨਾ ਨਾਲ ਅਮਰੀਕਾ ਦੇ ਆਪਣੇ ਚਿਹਰੇ 'ਤੇ ਵੀ ਕਾਲਖ ਮਲੀ ਗਈ। ਇਸ ਬੰਬਾਰੀ ਵਿਚ 22 ਡਾਕਟਰ ਅਤੇ ਮਰੀਜ਼ ਮਾਰੇ ਗਏ ਸਨ। ਸ਼ੁਰੂਆਤੀ ਝਿਜਕ ਤੋਂ ਬਾਅਦ ਰਾਸ਼ਟਰਪਤੀ ਓਬਾਮਾ ਨੇ ਅਮਰੀਕੀ ਫ਼ੌਜਾਂ ਦੀ ਇਸ ਗੰਭੀਰ ਗ਼ਲਤੀ ਨੂੰ ਸਵੀਕਾਰ ਕਰ ਲਿਆ ਅਤੇ ਇਸ ਲਈ ਢੁਕਵੀਂ ਮੁਆਫ਼ੀ ਵੀ ਮੰਗੀ; ਪਰ ਖੇਤਰ ਵਿਚ ਪਹਿਲਾਂ ਹੀ ਤਾਰ-ਤਾਰ ਹੋ ਚੁੱਕੇ ਅਮਰੀਕਾ ਦੇ ਅਕਸ ਨੂੰ ਇਸ ਘਟਨਾ ਨੇ ਹੋਰ ਨੁਕਸਾਨ ਪਹੁੰਚਾਇਆ ਹੈ। ਇਰਾਨ ਨਾਲ ਪਰਮਾਣੂ ਸਮਝੌਤਾ ਕਰ ਕੇ ਦਹਾਕਿਆਂ ਦੇ ਪਾਬੰਦੀਆਂ ਭਰੇ ਅਤੇ ਤਣਾਅ ਵਾਲੇ ਰਿਸ਼ਤਿਆਂ ਦੇ ਦੌਰ ਦਾ ਖ਼ਾਤਮਾ ਬਿਨਾਂ ਸ਼ੱਕ ਅਮਰੀਕੀ ਰਾਸ਼ਟਰਪਤੀ ਦੀ ਪ੍ਰਾਪਤੀ ਗਿਣਿਆ ਜਾਵੇਗਾ। ਇਸੇ ਤਰ੍ਹਾਂ ਕਿਊਬਾ ਨਾਲ ਕੂਟਨੀਤਕ ਸਬੰਧਾਂ ਦੀ ਬਹਾਲੀ ਇਕ ਹੋਰ ਜ਼ਿਕਰਯੋਗ ਸਫਲਤਾ ਹੈ, ਪਰ ਇਨ੍ਹਾਂ ਤੋਂ ਬਿਨਾਂ ਓਬਾਮਾ ਪ੍ਰਸ਼ਾਸਨ ਨੇ ਵਿਦੇਸ਼ ਨੀਤੀ ਦੇ ਮੁਹਾਜ਼ 'ਤੇ ਹੋਰ ਕੋਈ ਵਾਹ-ਵਾਹ ਨਹੀਂ ਖੱਟੀ।



ਬਰਾਕ ਓਬਾਮਾ

**ਹਕੂਮਤਾਂ ਬਦਲਣ ਦੇ ਨਾਂ ਹੇਠ ਸੱਦਾਮ ਅਤੇ ਗੱਦਾਫ਼ੀ ਵਰਗੇ ਤਾਨਾਸ਼ਾਹਾਂ ਦੀ ਥਾਂ 'ਦੇਸ਼ਧ੍ਰੋਹੀਆਂ' ਨੂੰ ਸੱਤਾ ਵਿਚ ਲਿਆਂਦਾ ਗਿਆ। ਨਤੀਜੇ ਵਜੋਂ ਪੂਰਾ ਖੇਤਰ ਇਸਲਾਮਿਕ ਮੂਲਵਾਦ ਦੀ ਜਰਖੇਜ਼ ਭੂਮੀ ਵਿਚ ਬਦਲ ਗਿਆ ਹੈ। ਅਲ-ਕਾਇਦਾ ਅਜਿਹੇ ਬਹੁ-ਸਿਰੇ ਦਾਨਵ ਵਜੋਂ ਉਭਰਿਆ ਜਿਸ ਨੇ ਆਪਣੇ ਪੈਰ ਨਾ ਸਿਰਫ ਪਾਕਿਸਤਾਨ, ਸਗੋਂ ਮੱਧ ਪੂਰਬ ਅਤੇ ਅਫਰੀਕੀ ਦੇਸ਼ਾਂ ਤੱਕ ਵੀ ਪਸਾਰ ਲਏ, ਪਰ ਹੁਣ ਆਈ.ਐਸ.ਆਈ.ਐਸ. ਦੇ ਮੁਕਾਬਲੇ ਅਲ-ਕਾਇਦਾ ਕੁਝ ਵੀ ਨਹੀਂ ਜਾਪਦਾ। ਆਈ.ਐਸ. ਦਾ ਸੀਰੀਆ ਅਤੇ ਇਰਾਕ ਦੇ ਕਈ ਖੇਤਰਾਂ 'ਤੇ ਕਬਜ਼ਾ ਹੈ।**



ਨਵਾਜ਼ ਸ਼ਰੀਫ਼

ਰਾਸ਼ਟਰਪਤੀ ਓਬਾਮਾ ਜੋ ਸਭ ਤੋਂ ਵੱਡੀ ਘਤਮਸ ਪਿਛੇ ਛੱਡ ਕੇ ਜਾਣਗੇ, ਉਹ ਮੱਧ ਪੂਰਬ ਦੀ ਹੈ। ਹਾਲਾਂਕਿ ਇਹ ਸਾਰਾ ਕੁਝ ਸਿਰਫ ਉਨ੍ਹਾਂ ਨੇ ਹੀ ਨਹੀਂ ਕੀਤਾ, ਪਰ ਉਨ੍ਹਾਂ ਦੇ ਪ੍ਰਸ਼ਾਸਨ ਦੀ ਸੀਰੀਆ ਨੀਤੀ ਇਸ ਖੇਤਰ ਵਿਚਲੀਆਂ ਅਮਰੀਕਾ ਦੀਆਂ ਗ਼ਲਤੀਆਂ ਦੀ ਸਭ ਤੋਂ ਤਾਜ਼ਾ ਕੜੀ ਹੈ।

ਮਨੁੱਖੀ ਹੱਕਾਂ ਦੀ ਰਾਖੀ ਅਤੇ ਜਮਹੂਰੀਅਤ ਨੂੰ ਉਤਸ਼ਾਹਿਤ ਕਰਨ ਦੇ ਨਾਂ ਹੇਠ ਤਾਨਾਸ਼ਾਹ ਬਸ਼ਰ ਅਲ-ਅਸਦ ਦੀ ਹਕੂਮਤ ਨੂੰ ਲਾਂਭੇ ਕਰਨ ਦੀ ਕਾਹਲੀ ਵਿਚ ਅਮਰੀਕਾ ਨੇ ਆਈ.ਐਸ.ਆਈ.ਐਸ. ਦੇ ਰੂਪ ਵਿਚ ਇਕ ਹੋਰ ਵੱਡਾ ਦੈਂਤ ਖੜ੍ਹਾ ਕਰ ਦਿੱਤਾ ਹੈ। ਅਮਰੀਕਾ ਨੂੰ ਦੋਹਰੀ ਨਮੋਸ਼ੀ ਇਹ ਹੋਈ ਕਿ ਉਸ ਨੂੰ ਅਸਦ ਹਕੂਮਤ ਨੂੰ ਵੀ ਇਸ ਆਧਾਰ 'ਤੇ ਬਰਦਾਸ਼ਤ ਕਰਨ ਲਈ ਮਜਬੂਰ ਹੋਣਾ ਪਿਆ ਕਿ ਇਹ ਇਸਲਾਮਿਕ ਖ਼ਤਰੇ ਨਾਲੋਂ ਘੱਟ ਬੁਰੀ ਹੈ। ਸੀਰੀਆਈ ਬਾਗ਼ੀਆਂ ਖਿਲਾਫ਼ ਰੂਸੀ ਹਵਾਈ ਫ਼ੌਜ ਦੀ ਵਰਤੋਂ ਕਰਨ ਦੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਫ਼ੈਸਲਾਕੁਨ ਕਦਮ 'ਤੇ ਨਾਖੁਸ਼ੀ ਜ਼ਾਹਰ ਕਰ ਕੇ ਵਾਸ਼ਿੰਗਟਨ ਨੇ ਇਸ ਖੇਤਰ ਵਿਚਲੀਆਂ ਆਪਣੀਆਂ ਗੰਭੀਰ ਰਣਨੀਤਕ ਗ਼ਲਤੀਆਂ 'ਚ ਹੋਰ ਵਾਧਾ ਕਰ ਲਿਆ। ਪੂਤਿਨ ਦੇ ਪੱਛਮ ਵਿਚਲੇ ਵਿਰੋਧੀਆਂ ਵੱਲੋਂ ਦੋਸ਼ ਲਾਇਆ ਗਿਆ ਕਿ ਰੂਸੀ ਫ਼ੌਜਾਂ ਵੱਲੋਂ ਇਸਲਾਮੀ ਬਾਗ਼ੀਆਂ ਦੀ ਥਾਂ 'ਤੇ ਅਖੌਤੀ ਪੱਛਮ ਪੱਖੀ ਬਾਗ਼ੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਂਜ ਇਹ ਵੱਖਰੀ ਗੱਲ ਹੈ ਕਿ 'ਉਦਾਰਵਾਦੀ' ਸੀਰੀਆਈ ਬਾਗ਼ੀਆਂ ਨੂੰ ਉਭਾਰਨ ਦੇ ਅਮਰੀਕੀ ਯਤਨ ਵੱਡੀ ਹੱਦ ਤੱਕ ਅਸਫਲ ਹੀ ਰਹੇ ਹਨ। ਕੁਝ ਅਾਜ਼ਾਦਾਨਾ ਰਿਪੋਰਟਾਂ ਮੁਤਾਬਿਕ ਅਸਦ ਵਿਰੋਧੀ ਬਾਗ਼ੀਆਂ ਨੂੰ ਸਿਖਲਾਈ ਦੇਣ ਲਈ 500 ਮਿਲੀਅਨ ਡਾਲਰ ਦੀ ਵਿਸ਼ਾਲ ਰਕਮ ਖਰਚ ਕਰਨ ਦੇ ਬਾਵਜੂਦ ਜਹਾਦੀਆਂ ਨਾਲ ਟੱਕਰ ਲੈਣ ਲਈ ਪੱਛਮ ਸਿਰਫ 'ਚਾਰ ਜਾਂ ਪੰਜ' ਬਾਗ਼ੀਆਂ ਨੂੰ ਹੀ ਤਿਆਰ ਕਰ ਸਕਿਆ ਹੈ। ਅਮਰੀਕਾ ਦੀ ਅਗਵਾਈ ਹੇਠ ਅੱਗੇ ਵਧਾਈਆਂ ਗਈਆਂ ਥੋੜ੍ਹਚਿਰੀ ਦ੍ਰਿਸ਼ਟੀ ਵਾਲੀਆਂ ਪੱਛਮੀ ਨੀਤੀਆਂ ਕਰ ਕੇ ਮੱਧ ਪੂਰਬ ਬੇਹੱਦ ਤ੍ਰਾਸਦੀ ਭਰੀ ਹਾਲਤ 'ਚ ਫਸ ਗਿਆ ਹੈ। ਇਕੱਲੀ ਸੀਰੀਆਈ ਗੜਬੜੀ ਨੇ ਹੀ ਘੱਟੋ-ਘੱਟ ਢਾਈ ਲੱਖ ਜਾਨਾਂ ਲਈਆਂ ਹਨ ਅਤੇ ਦੂਜੀ ਸੰਸਾਰ ਜੰਗ ਤੋਂ ਬਾਅਦ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਵੀ ਪੈਦਾ ਕੀਤਾ ਹੈ ਜਿਸ ਵਿਚ 40 ਲੱਖ ਤੋਂ ਵਧੇਰੇ ਲੋਕ ਆਪਣੇ ਘਰਾਂ ਤੋਂ ਉੱਜੜ ਚੁੱਕੇ ਹਨ।

ਹਕੂਮਤਾਂ ਬਦਲਣ ਦੇ ਨਾਂ ਹੇਠ ਸੱਦਾਮ ਅਤੇ ਗੱਦਾਫ਼ੀ ਵਰਗੇ ਤਾਨਾਸ਼ਾਹਾਂ ਦੀ ਥਾਂ 'ਤੇ 'ਦੇਸ਼ਧ੍ਰੋਹੀਆਂ' ਨੂੰ ਸੱਤਾ ਵਿਚ ਲਿਆਂਦਾ ਗਿਆ। ਇਸ ਦੇ ਨਤੀਜੇ ਵਜੋਂ ਪੂਰਾ ਖੇਤਰ ਇਸਲਾਮਿਕ ਮੂਲਵਾਦ ਦੀ ਜਰਖੇਜ਼ ਭੂਮੀ ਵਿਚ ਬਦਲ ਗਿਆ ਹੈ। ਅਲ-ਕਾਇਦਾ ਅਜਿਹੇ ਬਹੁ-ਸਿਰੇ ਦਾਨਵ ਵਜੋਂ ਉਭਰਿਆ ਜਿਸ ਨੇ ਆਪਣੇ ਪੈਰ ਨਾ ਸਿਰਫ ਪਾਕਿਸਤਾਨ, ਸਗੋਂ ਮੱਧ ਪੂਰਬ ਅਤੇ ਅਫਰੀਕੀ ਦੇਸ਼ਾਂ ਤੱਕ ਵੀ ਪਸਾਰ ਲਏ, ਪਰ ਹੁਣ ਆਈ.ਐਸ.ਆਈ.ਐਸ. ਦੇ ਮੁਕਾਬਲੇ ਅਲ-ਕਾਇਦਾ ਕੁਝ ਵੀ ਨਹੀਂ ਜਾਪਦਾ। ਆਈ.ਐਸ. ਦਾ ਸੀਰੀਆ ਅਤੇ ਇਰਾਕ ਦੇ ਕਈ ਖੇਤਰਾਂ 'ਤੇ ਕਬਜ਼ਾ ਹੈ। ਅਮਰੀਕੀ ਦਖ਼ਲਅੰਦਾਜ਼ੀ ਕਾਰਨ ਅਫ਼ਗਾਨਿਸਤਾਨ ਸਦਾ ਚਲਦੀ ਰਹਿਣ ਵਾਲੀ ਲੜਾਈ ਦਾ ਅਖਾੜਾ ਬਣ ਚੁੱਕਾ ਹੈ। ਇਰਾਕ, ਸੀਰੀਆ ਅਤੇ ਲੀਬੀਆ ਉਤੇ ਪੱਛਮ ਵੱਲੋਂ ਅਜਿਹੇ ਅੱਧੇ-ਅਧੂਰੇ ਹੱਲ ਥੋਪੇ ਗਏ ਜਿਨ੍ਹਾਂ ਨੇ ਇਨ੍ਹਾਂ ਮੁਲਕਾਂ ਦਾ ਕੁਝ ਨਹੀਂ ਸੰਵਾਰਿਆ, ਸਗੋਂ ਨੁਕਸਾਨ ਵਧੇਰੇ ਕੀਤਾ।

ਇਸ ਸਾਰੇ ਪ੍ਰਸੰਗ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਅਜਿਹੇ ਪ੍ਰਸ਼ਾਸਨ ਨਾਲ ਹੀ ਗੱਲਬਾਤ ਕੀਤੀ ਗਈ ਜੋ ਖ਼ੁਦ ਸੀਰੀਆਈ ਸੰਕਟ ਵਿਚ ਬੁਰੀ ਤਰ੍ਹਾਂ ਉਲਝਿਆ ਹੋਇਆ ਹੈ। ਉਨ੍ਹਾਂ ਦੀ ਇਸ ਫੇਰੀ ਦੌਰਾਨ ਅਮਰੀਕਾ ਵੱਲੋਂ ਪਾਕਿਸਤਾਨ ਨਾਲ ਭਾਰਤ ਵਰਗਾ ਕੋਈ ਪਰਮਾਣੂ ਸਮਝੌਤਾ ਕੀਤੇ ਜਾਣ ਦੀਆਂ ਸੰਭਾਵਨਾਵਾਂ ਨਾਂ-ਮਾਤਰ ਹੀ ਸਨ, ਕਿਉਂਕਿ ਪਾਕਿਸਤਾਨ ਦੇ ਵਧਦੇ ਪਰਮਾਣੂ ਹਥਿਆਰਾਂ ਸਬੰਧੀ ਅਮਰੀਕਾ ਦੇ ਫ਼ਿਕਰ ਕੋਈ ਭੇਤ ਦੀ ਗੱਲ ਨਹੀਂ ਹਨ, ਹਾਲਾਂਕਿ ਅਮਰੀਕਾ ਇਨ੍ਹਾਂ ਨੂੰ ਬੜੇ ਵਿਵੇਕ ਨਾਲ ਹੀ ਜ਼ਾਹਰ ਕਰਦਾ ਹੈ। ਦੂਜੇ ਪਾਸੇ ਰਣਨੀਤਕ ਮਹੱਤਵ ਵਾਲੇ ਪਰਮਾਣੂ ਹਥਿਆਰ ਵਿਕਸਤ ਕਰਨ 'ਚ ਇਸਲਾਮਾਬਾਦ ਦੀ ਵਧਦੀ ਤਕਨੀਕੀ ਸਮਰੱਥਾ ਬਾਰੇ ਭਾਰਤ ਆਪਣੀ ਚਿੰਤਾ ਖੁੱਲ੍ਹੇਆਮ ਜ਼ਾਹਰ ਕਰਦਾ ਰਹਿੰਦਾ ਹੈ। ਦੋਵਾਂ ਗੁਆਂਢੀਆਂ ਦੀ ਆਪਸੀ ਤਕਰਾਰ ਕਰ ਕੇ ਦੱਖਣੀ ਏਸ਼ੀਆ 'ਤੇ ਪਰਮਾਣੂ ਟਕਰਾਅ ਦੇ ਖ਼ਤਰੇ ਦੇ ਬੱਦਲ ਮੰਡਰਾਉਂਦੇ ਰਹਿੰਦੇ ਹਨ। ਇਹ ਸਾਰਾ ਦ੍ਰਿਸ਼ ਵਾਸ਼ਿੰਗਟਨ ਲਈ ਹੌਸਲਾ ਵਧਾਊ ਨਹੀਂ ਹੈ। ਉਂਜ ਵੀ ਪਾਕਿਸਤਾਨੀ ਪ੍ਰਧਾਨ ਮੰਤਰੀ ਘਰੇਲੂ ਤੌਰ 'ਤੇ ਇੰਨੀ ਤਾਕਤ ਨਹੀਂ ਰੱਖਦੇ ਕਿ ਫ਼ੌਜ ਦੀ ਸਹਿਮਤੀ ਤੋਂ ਬਿਨਾਂ ਕਿਸੇ ਸਮਝੌਤੇ 'ਤੇ ਦਸਤਖ਼ਤ ਕਰ ਸਕਣ।

ਨਵਾਜ਼ ਸ਼ਰੀਫ ਅਤੇ ਓਬਾਮਾ ਦੋਵੇਂ ਹੀ ਵੱਖੋ-ਵੱਖਰੇ ਤਰੀਕੇ ਨਾਲ ਹੱਦਬੰਦੀਆਂ ਦੇ ਸ਼ਿਕਾਰ ਹਨ। ਇਸ ਲਿਹਾਜ਼ ਨਾਲ ਸ਼ਰੀਫ ਅਤੇ ਓਬਾਮਾ ਵਿਚਕਾਰ ਹੋਈ ਮੁਲਾਕਾਤ ਨੂੰ 'ਬੋਲਿਆਂ ਦੀ ਗੱਲਬਾਤ' ਦੀ ਤਸ਼ਬੀਹ ਹੀ ਦਿੱਤੀ ਜਾ ਸਕਦੀ ਹੈ।

# ਪਾਕਿਸਤਾਨ ਵਿਚ ਪੰਜਾਬੀ ਦਾ ਹਾਲ

ਪੰਜਾਬੀ ਦੁਨੀਆਂ ਦੇ 13 ਕਰੋੜ ਲੋਕਾਂ ਦੀ ਮਾਂ ਬੋਲੀ ਹੈ। ਇਸ ਨੂੰ ਭਾਰਤ ਵਿਚ ਵੀ ਬੋਲਿਆ ਜਾਂਦਾ ਹੈ ਅਤੇ ਪਾਕਿਸਤਾਨ ਵਿਚ ਵੀ। ਦੋਵਾਂ ਮੁਲਕਾਂ ਦੇ ਜਿਹੜੇ ਲੋਕ ਦੁਨੀਆਂ ਦੇ ਹੋਰਨਾਂ ਹਿੱਸਿਆਂ, ਖ਼ਾਸ ਕਰ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਇਟਲੀ ਅਤੇ ਖਾੜੀ ਦੇ ਮੁਲਕਾਂ ਵਿਚ ਜਾ ਵਸੇ ਹਨ, ਉਹ ਵੀ ਪੰਜਾਬੀ ਬੋਲਦੇ ਹਨ ਅਤੇ ਪੰਜਾਬੀ ਭਾਈਚਾਰੇ ਦੀ ਜ਼ੁਬਾਨ ਹੋਣ ਕਾਰਨ ਇਸ ਦਾ ਮਾਣ-ਸਤਿਕਾਰ ਵੀ ਕਰਦੇ ਹਨ। ਸਰਹੱਦੀ ਵੰਡ ਵਾਂਗ ਪੰਜਾਬੀ ਜ਼ੁਬਾਨ ਵੀ ਦੋ ਲਿਪੀਆਂ ਵਿਚ ਵੰਡੀ ਹੋਈ ਹੈ: ਪਾਕਿਸਤਾਨ ਵਿਚ ਸ਼ਾਹਮੁਖੀ ਅਤੇ ਭਾਰਤ ਵਿਚ ਗੁਰਮੁਖੀ। ਪਾਕਿਸਤਾਨੀ ਤੇ ਭਾਰਤੀ ਪੰਜਾਬੀ ਇੱਕ-ਦੂਜੇ ਵੱਲੋਂ ਵਰਤੀ ਲਿਪੀ ਭਾਵੇਂ ਨਾ ਪੜ੍ਹ ਸਕਣ, ਪਰ ਜਦੋਂ ਗੱਲਬਾਤ ਹੁੰਦੀ ਹੈ ਤਾਂ ਦੋਵਾਂ ਨੂੰ ਅੱਖਰ-ਅੱਖਰ ਦੀ ਸਮਝ ਆ ਜਾਂਦੀ ਹੈ। 1947 ਵਿਚ ਭਾਰਤ ਦੇ ਬਟਵਾਰੇ ਤੋਂ ਪਹਿਲਾਂ ਸ਼ਾਹਮੁਖੀ ਤੇ ਗੁਰਮੁਖੀ ਵਰਤਣ ਵਾਲੇ ਲੋਕ ਗੁਆਂਢ

ਅੱਬਾਸ ਜ਼ੈਦੀ

ਵਿਚ ਰਹਿੰਦੇ ਸਨ। ਪੰਜਾਬੀ ਕਾਵਿ ਬਹੁਤ ਅਮੀਰ ਹੈ। ਇਸ ਵਿਚ ਸੂਫ਼ੀ ਧਾਰਾ ਵੀ ਉਤਨੀ ਹੀ ਮਜ਼ਬੂਤ ਹੈ ਜਿੰਨਾ ਰੋਮਾਂਸਵਾਦੀ ਕਾਵਿ। ਹੀਰ-ਰਾਂਝੇ ਦਾ ਕਿੱਸਾ ਇਸ਼ਕ ਹਕੀਕੀ ਦਾ ਵੀ ਸਿਖਰ ਹੈ ਅਤੇ ਇਸ਼ਕ ਮਜ਼ਾਜੀ ਦਾ ਵੀ। ਅੰਗਰੇਜ਼ੀ ਸ਼ਾਇਰ ਮੈਥਿਊ ਆਰਨਲਡ ਨੇ ਵਾਰਿਸ ਸ਼ਾਹ ਦੀ ਹੀਰ ਨੂੰ 'ਇਸ਼ਕੀਆ ਅਦਬ ਦੀ ਸੰਜੀਦਗੀ ਦਾ ਸਿਖਰ' ਦੱਸਿਆ ਸੀ। ਪੰਜਾਬੀ ਲਤੀਫ਼ਿਆਂ, ਚੁਟਕਲਿਆਂ ਤੇ ਜੁਮਲਿਆਂ ਲਈ ਵੀ ਪਸੰਦੀਦਾ ਜ਼ੁਬਾਨ ਹੈ। ਜਿੰਨੇ ਲਤੀਫ਼ੇ ਪੰਜਾਬੀ ਆਪਣੇ ਬਾਰੇ ਘੜਦੇ ਹਨ, ਹੋਰ ਕੋਈ ਵੀ ਭਾਈਚਾਰਾ ਅਜਿਹਾ ਨਹੀਂ ਕਰਦਾ। ਗ਼ੈਰ-ਪੰਜਾਬੀ ਇਹ ਮੰਨਦੇ ਹਨ ਕਿ ਜਿੰਨੀ ਅਮੀਰ ਇਹ ਜ਼ੁਬਾਨ ਹੈ, ਉਤਨੀ ਹੋਰ ਕੋਈ ਨਹੀਂ। ਇੱਕ-ਇੱਕ ਸ਼ਬਦ ਦੇ ਕਈ ਕਈ ਅਰਥ ਹਨ। ਬਸ ਉਹ ਬੋਲਿਆ ਕਿਵੇਂ ਗਿਆ, ਇਸ 'ਤੇ ਸਭ ਕੁਝ ਮੁਨੱਸਰ (ਨਿਰਭਰ) ਕਰਦਾ ਹੈ।


ਮੈਨੂੰ ਭਾਰਤੀ ਪੰਜਾਬੀਆਂ, ਖ਼ਾਸ ਕਰ ਕੇ ਸਿੱਖਾਂ ਨਾਲ ਇਸ ਗੱਲੋਂ ਈਰਖਾ ਹੁੰਦੀ ਹੈ ਕਿ ਉਨ੍ਹਾਂ ਨੇ ਪੰਜਾਬੀ ਦਾ ਪੱਲਾ ਜਿੰਨਾ ਘੁੱਟ ਕੇ ਫੜਿਆ ਹੋਇਆ ਹੈ, ਉਤਨਾ ਹੋਰ ਕਿਸੇ ਪੰਜਾਬੀ ਮਜ਼ਹਬੀ ਫਿਰਕੇ ਨੇ ਨਹੀਂ। ਹਾਲ ਹੀ ਵਿਚ ਬਰੂਨੇਈ ਵਿਚ ਮੇਰੀ ਮੁਲਾਕਾਤ ਇਕ ਨੌਜਵਾਨ ਸਿੱਖ ਨਾਲ ਹੋਈ। ਉਹ ਮਲੇਸ਼ੀਆ ਦਾ ਜੰਮਪਲ ਸੀ। ਉਹ ਕਦੇ ਭਾਰਤੀ ਪੰਜਾਬ ਨਹੀਂ ਸੀ ਗਿਆ, ਫਿਰ ਵੀ ਫਰਨ-ਫਰਨ ਪੰਜਾਬੀ ਬੋਲਦਾ ਸੀ। ਮੈਂ ਉਸ ਨੂੰ ਪੁੱਛਿਆ ਕਿ ਤੂੰ ਤਾਂ ਮਲੇਸ਼ਿਆਈ ਲੋਕਾਂ ਵਿਚ ਜੰਮਿਆ-ਪਲਿਆ ਏਂ, ਫਿਰ ਵੀ ਪੰਜਾਬੀ ਇਤਨੀ ਸੋਹਣੀ ਕਿਵੇਂ ਬੋਲ ਲੈਂਦਾ ਏਂ। ਉਸ ਦਾ ਜਵਾਬ ਸੀ, "ਜਿਹੜਾ ਸਿੱਖ ਪੰਜਾਬੀ ਨਾ ਬੋਲ ਸਕੇ, ਉਹ ਜ਼ਰੂਰ ਜਾਅਲੀ ਸਿੱਖ ਹੋਏਗਾ।"

ਇੱਕ ਪਾਸੇ ਇਹ ਭਾਰਤੀ ਪੰਜਾਬੀ ਹਨ ਜੋ ਦੁਨੀਆਂ ਦੇ ਹਰ ਕੋਨੇ ਵਿਚ ਆਪਣੀ ਮਾਦਰੀ ਜ਼ੁਬਾਨ ਦੀ ਗਰਮਜੋਸ਼ੀ ਨਾਲ ਨੁਮਾਇਸ਼ ਕਰਦੇ ਹਨ। ਦੂਜੇ ਪਾਸੇ ਪਾਕਿਸਤਾਨੀ ਪੰਜਾਬੀ ਹਨ ਜਿਹੜੇ ਪਾਕਿਸਤਾਨੀ ਪੰਜਾਬ ਵਿਚ ਵੀ ਪੰਜਾਬੀ ਨੂੰ 'ਢੱਠੇ ਖੂਹ' ਵਿਚ ਸੁੱਟਣ ਦੇ ਰਾਹ ਤੁਰੇ ਹੋਏ ਹਨ। ਮੈਂ ਅਮਰੀਕਾ ਵਿਚ ਵੀ ਰਿਹਾ ਹਾਂ, ਇੰਗਲੈਂਡ ਵਿਚ ਵੀ, ਸ਼ਾਰਜਾਹ ਤੇ ਓਮਾਨ ਵਿਚ ਰਹਿ ਚੁੱਕਾ ਹਾਂ ਅਤੇ ਲਾਹੌਰ ਵਿਚ ਵੀ; ਹਰ ਥਾਈਂ ਜਦੋਂ ਦੋ ਪਾਕਿਸਤਾਨੀ ਪੰਜਾਬੀ ਮਿਲਦੇ ਹਨ ਤਾਂ ਗੱਲਬਾਤ ਉਰਦੂ ਵਿਚ ਹੀ ਕਰਦੇ ਹਨ। ਉਹ ਭਾਰਤ ਵਿਚ ਉਰਦੂ ਦਾ ਰੁਝਾਨ ਬੰਦ ਕਰ ਕੇ ਮੁਸਲਮਾਨਾਂ ਉਤੇ ਵੀ ਹਿੰਦੀ ਥੋਪਣ ਦੀਆਂ ਗੱਲਾਂ ਕਰਦੇ ਹਨ, ਪਰ ਆਪਣੀ ਜ਼ੁਬਾਨ ਪੰਜਾਬੀ ਦੇ ਹਸ਼ਰ ਬਾਰੇ ਗੱਲ ਵੀ ਕਰਨ ਲਈ ਤਿਆਰ ਨਹੀਂ।

ਉਰਦੂ ਜ਼ੁਬਾਨ ਦੀ ਪੈਦਾਇਸ਼ ਦਿੱਲੀ ਤੇ ਉੱਤਰ ਪ੍ਰਦੇਸ਼ ਵਿਚ ਹੋਈ ਦੱਸੀ ਜਾਂਦੀ ਹੈ। ਇਸ ਨੂੰ ਗੰਗਾ-ਜਮੁਨੀ ਤਹਿਜ਼ੀਬ ਦਾ ਚਿਹਰਾ-ਮੋਹਰਾ ਮੰਨਿਆ ਜਾਂਦਾ ਹੈ। ਪਾਕਿਸਤਾਨ ਵਿਚ ਇਸ ਜ਼ੁਬਾਨ ਦੇ ਖ਼ਾਲਸ ਤਲੱਫ਼ੁਜ਼ ਵਾਲਿਆਂ ਦੀ ਗਿਣਤੀ ਬਹੁਤ ਸੀਮਤ ਹੈ। ਪਾਕਿਸਤਾਨੀ ਉਰਦੂ 'ਤੇ ਪੰਜਾਬੀ ਪੁੱਠ ਹੈ। ਪੰਜਾਬੀ ਪੁੱਠ ਵਾਲੀ ਉਰਦੂ ਬੋਲਣ ਨੂੰ ਪਾਕਿਸਤਾਨੀ ਹੋਣ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ, ਪਰ ਪੰਜਾਬੀ ਬੋਲਣ ਲੱਗਿਆਂ ਪਾਕਿਸਤਾਨੀਆਂ ਨੂੰ ਸੰਗ ਆਉਣ ਲੱਗਦੀ ਹੈ।

ਲਾਹੌਰ ਦੇ ਮੱਧ ਵਰਗੀ ਪਰਿਵਾਰਾਂ ਵਿਚ ਵਿਚਰਦਿਆਂ ਮੈਂ ਦੇਖਿਆ ਕਿ ਜਦੋਂ ਕੋਈ ਬੱਚਾ ਪੰਜਾਬੀ ਬੋਲਦਾ ਸੀ ਤਾਂ ਵੱਡੇ ਬੜੇ ਹੈਰਾਨੀ ਨਾਲ ਉਸ ਵੱਲ ਵੇਖਦੇ ਸਨ ਅਤੇ ਕਈ ਵਾਰ ਬੱਚੇ ਦੇ ਮਾਪਿਆਂ ਤੋਂ ਪੁੱਛ ਹੀ ਲੈਂਦੇ ਸਨ, "ਤੁਸੀਂ ਘਰ ਵਿਚ ਉਰਦੂ ਨਹੀਂ ਬੋਲਦੇ?" ਮਜਲਿਸਾਂ ਅਤੇ ਮਹਿਫ਼ਿਲਾਂ ਵਿਚ ਲਤੀਫ਼ੇ ਪੰਜਾਬੀ ਵਿਚ ਚੱਲਦੇ ਹਨ, ਗਾਲ੍ਹਾਂ ਵੀ ਪੰਜਾਬੀ ਵਿਚ ਕੱਢੀਆਂ ਜਾਂਦੀਆਂ ਹਨ, ਪਰ ਸੰਜੀਦਾ ਗੱਲਬਾਤ ਵੇਲੇ ਉਰਦੂ ਸ਼ੁਰੂ ਹੋ ਜਾਂਦੀ ਹੈ। ਮਜਲਿਸਾਂ ਵਿਚ ਪੰਜਾਬੀ ਸ਼ਾਇਰੀ ਤੋਂ ਭਾਵ ਹੈ, ਦੋਹਰੇ ਅਰਥਾਂ ਵਾਲੀ ਜਾਂ ਮਜ਼ਾਹੀਆ ਕਿਸਮ ਦੀ ਤੁਕਬੰਦੀ।

ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਛੇ ਕਰੋੜ ਤੋਂ ਵੱਧ ਹੈ। ਪੰਜਾਬੀ ਵਿਚ ਕੁਝ ਰਸਾਲੇ ਜਾਂ ਹਫ਼ਤਾਵਾਰੀ ਤਾਂ ਛਪਦੇ ਹਨ ਜਿਨ੍ਹਾਂ ਦੀ ਅਸ਼ਾਇਤ (ਗਿਣਤੀ) ਨਾਂ-ਮਾਤਰ ਹੈ। ਰੋਜ਼ਾਨਾ ਅਖ਼ਬਾਰ ਇਕ ਵੀ ਨਹੀਂ ਛਪਦਾ। ਇਤਿਹਾਸ ਇਹ ਦੱਸਦਾ ਹੈ ਕਿ ਜਿਹੜਾ ਪੰਜਾਬੀ ਰਸਾਲਾ ਜਾਂ ਅਖ਼ਬਾਰ ਛਪਣਾ ਸ਼ੁਰੂ ਹੁੰਦਾ ਹੈ, ਉਹ ਬੜੇ ਚਾਅ ਤੇ ਦੁਲਾਰ ਨਾਲ ਸ਼ੁਰੂ ਕੀਤਾ ਜਾਂਦਾ ਹੈ, ਪਰ ਉਸ ਦੀ ਮੌਤ ਅਣਿਆਈ ਹੁੰਦੀ ਹੈ। ਅਖ਼ਬਾਰ ਕੱਢਣ ਪੱਖੋਂ ਤਾਜ਼ਾਤਰੀਨ ਉੱਦਮ ਉਰਦੂ-ਭਾਸ਼ਾਈ ਮੁਹਾਜਿਰ ਹੁਸੈਨ ਨਕੀ ਦਾ ਸੀ। ਉਸ ਨੇ ਗ਼ੈਰ-ਪੰਜਾਬੀ ਹੋਣ ਦੇ ਬਾਵਜੂਦ 'ਸੱਜਣ' ਨਾਮੀ ਪੰਜਾਬੀ ਅਖ਼ਬਾਰ ਛਾਪਣਾ ਸ਼ੁਰੂ ਕੀਤਾ। ਇਸ ਦਾ ਐਡੀਟਰ ਤੇ ਪ੍ਰਕਾਸ਼ਕ ਉਹ ਆਪ ਸੀ। ਸੱਤ ਮਹੀਨਿਆਂ ਬਾਅਦ ਇਹ ਬੰਦ ਹੋ ਗਿਆ। ਮੈਂ ਇਸ ਬਾਰੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਨੇਤਾ ਅਤੇ ਮਸ਼ਹੂਰ ਟੀ.ਵੀ. ਐਂਕਰ ਤਾਰਿਕ ਅਜ਼ੀਜ਼ ਨਾਲ ਗੱਲ ਕੀਤੀ ਤਾਂ ਉਸ ਦਾ ਜਵਾਬ ਸੀ, "ਇਹਨੂੰ ਸ਼ਾਇਦ ਕਿਸੇ ਪਾਗਲ ਪੰਜਾਬੀ ਕੁੱਤੇ ਨੇ ਵੱਢਿਆ ਸੀ, ਤਦੇ ਈ ਇਸ ਨੇ ਪੰਜਾਬੀ ਅਖ਼ਬਾਰ ਸ਼ੁਰੂ ਕੀਤਾ।"




**ਪਾਕਿਸਤਾਨ ਵਿਚ ਸਿੰਧੀ, ਪਸ਼ਤੋ ਤੇ ਸਿਰਾਇਕੀ ਬੋਲਣ ਵਾਲਿਆਂ ਦੀ ਤਾਦਾਦ ਪੰਜਾਬੀ ਬੋਲਣ ਵਾਲਿਆਂ ਨਾਲੋਂ ਕਿਤੇ ਘੱਟ ਹੈ, ਫਿਰ ਵੀ ਉਨ੍ਹਾਂ ਬੋਲੀਆਂ ਦੇ ਅਖ਼ਬਾਰ ਤੇ ਰਸਾਲੇ ਫਲ-ਫੂਲ ਰਹੇ ਹਨ। ਵੱਖ-ਵੱਖ ਬੋਲੀਆਂ ਬੋਲਣ ਵਾਲਿਆਂ ਬਾਰੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਪੰਜਾਬੀ ਭਾਸ਼ਾਈ ਲੋਕ 48.2 ਫ਼ੀਸਦ, ਪਸ਼ਤੋ 13.1 ਫ਼ੀਸਦ, ਸਿੰਧੀ 11.8 ਫ਼ੀਸਦ, ਸਿਰਾਇਕੀ 9.8 ਫ਼ੀਸਦ, ਉਰਦੂ 7.6 ਫ਼ੀਸਦੀ ਤੇ ਹੋਰ ਬੋਲੀਆਂ ਬੋਲਣ ਵਾਲੇ 9.5 ਫ਼ੀਸਦ ਹਨ। ਇਨ੍ਹਾਂ ਅੰਕੜਿਆਂ ਦੇ ਬਾਵਜੂਦ ਪੰਜਾਬੀ ਬੋਲੀ ਦਾ ਹਸ਼ਰ ਸਭ ਤੋਂ ਮਾੜਾ ਹੈ। ਦਰਅਸਲ, ਪੰਜਾਬੀ ਲੋਕ ਪਾਕਿਸਤਾਨ ਵਿਚ ਸਭ ਤੋਂ ਵੱਧ ਪੜ੍ਹੇ-ਲਿਖੇ ਹਨ, ਪਰ ਪੜ੍ਹੇ-ਲਿਖੇ ਹੋਣ ਦਾ ਠੱਪਾ ਲੱਗਦਿਆਂ ਹੀ ਉਹ ਉਰਦੂ ਭਾਸ਼ਾਈ ਬਣ ਜਾਂਦੇ ਹਨ।**

ਇਹ ਵੀ ਅਜੀਬ ਗੱਲ ਹੈ ਕਿ ਪਾਕਿਸਤਾਨ ਵਿਚ ਸਿੰਧੀ, ਪਸ਼ਤੋ ਤੇ ਸਿਰਾਇਕੀ ਬੋਲਣ ਵਾਲਿਆਂ ਦੀ ਤਾਦਾਦ ਪੰਜਾਬੀ ਬੋਲਣ ਵਾਲਿਆਂ ਨਾਲੋਂ ਕਿਤੇ ਘੱਟ ਹੈ, ਫਿਰ ਵੀ ਉਨ੍ਹਾਂ ਬੋਲੀਆਂ ਦੇ ਅਖ਼ਬਾਰ ਤੇ ਰਸਾਲੇ ਫਲ-ਫੂਲ ਰਹੇ ਹਨ। ਵੱਖ-ਵੱਖ ਬੋਲੀਆਂ ਬੋਲਣ ਵਾਲਿਆਂ ਬਾਰੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਪੰਜਾਬੀ ਭਾਸ਼ਾਈ ਲੋਕ 48.2 ਫ਼ੀਸਦ, ਪਸ਼ਤੋ 13.1 ਫ਼ੀਸਦ, ਸਿੰਧੀ 11.8 ਫ਼ੀਸਦ, ਸਿਰਾਇਕੀ 9.8 ਫ਼ੀਸਦ, ਉਰਦੂ 7.6 ਫ਼ੀਸਦੀ ਤੇ ਹੋਰ ਬੋਲੀਆਂ ਬੋਲਣ ਵਾਲੇ 9.5 ਫ਼ੀਸਦ ਹਨ। ਇਨ੍ਹਾਂ ਅੰਕੜਿਆਂ ਦੇ ਬਾਵਜੂਦ ਪੰਜਾਬੀ ਬੋਲੀ ਦਾ ਹਸ਼ਰ ਸਭ ਤੋਂ ਮਾੜਾ ਹੈ। ਦਰਅਸਲ, ਪੰਜਾਬੀ ਲੋਕ ਪਾਕਿਸਤਾਨ ਵਿਚ ਸਭ ਤੋਂ ਵੱਧ ਪੜ੍ਹੇ-ਲਿਖੇ ਹਨ, ਪਰ ਪੜ੍ਹੇ-ਲਿਖੇ ਹੋਣ ਦਾ ਠੱਪਾ ਲੱਗਦਿਆਂ ਹੀ ਉਹ ਉਰਦੂ ਭਾਸ਼ਾਈ ਬਣ ਜਾਂਦੇ ਹਨ। ਜੇਕਰ ਪੰਜਾਬੀ ਨਿਰਮਲ ਤੇ ਨਿਰਛਲ ਢੰਗ ਨਾਲ ਕਿਤੇ ਬੋਲੀ ਜਾਂਦੀ ਹੈ ਤਾਂ ਉਹ ਹੈ ਦਿਹਾਤ ਜਾਂ ਸ਼ਹਿਰਾਂ ਦੀਆਂ ਗ਼ਰੀਬ ਬਸਤੀਆਂ। ਸ਼ਹਿਰਾਂ ਵਿਚ ਵੱਸਦਾ ਅਮੀਰ ਤਬਕਾ ਇਸ ਤੋਂ ਲਾਂਭੇ ਲਾਂਭੇ ਲੰਘੀ ਜਾਂਦਾ ਹੈ।

# ਨਵਾਂ ਸਾਲ

'ਨਵਾਂ ਸਾਲ' ਲੇਖ ਵਿਚ ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਪਰਦੇਸਾਂ ਵਿਚ ਕਮਾਈਆਂ ਖਾਤਰ ਗਏ ਜਿਉੜਿਆਂ ਦੀ ਤੜਪ ਅਤੇ ਕਾਹਲ ਬਿਆਨ ਕੀਤੀ ਹੈ। ਲੇਖਕ ਨੇ ਇਸ ਤੜਫੜਾਹਟ ਤੇ ਕਾਹਲ ਨੂੰ ਬਹੁਤ ਖੂਬਸੂਰਤ ਸ਼ਬਦਾਂ ਦਾ ਲਿਬਾਸ ਪੁਆਇਆ ਹੈ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ



ਟੈਕਸੀਨਾਮਾ

8

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

"ਨਿਊ ਯੀਅਰ ਈਵ ਨੂੰ ਤੈਨੂੰ ਕੌਣ ਦੇ ਦੇਊ ਟੈਕਸੀ ਚਲਾਉਣ ਨੂੰ!" ਭੋਲਾ ਬੋਲਿਆ।

"ਕੋਈ ਨਾ ਦੇਵੇ, ਤੂੰ ਦੇ ਦੀਂ।" ਮੈਂ ਫਿਰ ਉਸ ਨੂੰ ਛੇੜਿਆ।

"ਮੈਂ ਤਾਂ ਸਗੋਂ ਤੈਨੂੰ ਫੋਨ ਮਾਰਨਾ ਸੀ, ਬਈ ਉਸ ਦਿਨ ਜਦੋਂ ਮੈਨੂੰ ਵਾਸ਼ਰੂਮ ਵਗੈਰਾ ਜਾਣਾ ਪਵੇ, ਮੇਰੀ ਥਾਂ ਤੂੰ ਈ ਜਾ ਆਈਂ। ਮੈਨੂੰ ਤਾਂ ਉਦਣ ਟੈਮ ਨੀਂ ਮਿਲਣਾ।" ਫਿਰ ਉਹ ਰੁਕ ਕੇ ਬੋਲਿਆ, "ਉਡੀਕਦਿਆਂ ਨੂੰ ਮਸਾਂ ਤਾਂ ਇਹ ਰਾਤ ਆਉਂਦੀ ਆ। ਤੈਨੂੰ ਟੈਕਸੀ ਦੇ ਕੇ ਮੈਂ ਗੁਰਦੁਆਰੇ ਜਾ ਵੜਾਂ!"

"ਕਿਉਂ ਮੋਕ ਮਾਰਦੈਂ, ਮੈਂ ਤਾਂ ਐਵੇਂ ਛੇੜਦਾ ਸੀ।" ਮੈਂ ਕਿਹਾ।

"ਤੇਰਾ ਖਿਆਲ ਐ ਮੈਨੂੰ ਪਤਾ ਨ੍ਹੀਂ? ਤੂੰ ਕਿੱਧਰੋਂ ਆ ਗਿਆ ਰਾਤ ਨੂੰ ਚਲਾਉਣ ਆਲਾ! ਅੱਠ ਵਜੇ ਤਾਂ ਤੂੰ ਬਿਸਤਰੇ 'ਚ ਵੜ ਜਾਨੈਂ। ਨਾਲੇ ਸ਼ਰਾਬੀਆਂ ਨਾਲ ਨਜਿੱਠਣ ਲਈ ਦਮ ਚਾਹੀਦੈ।" ਆਖ ਕੇ ਭੋਲਾ ਮਿੰਨ੍ਹਾ ਜਿਹਾ ਹੱਸਿਆ।

"ਚੰਗਾ ਚੰਗਾ। ਪਹਿਲੀ ਤਰੀਕ ਨੂੰ ਦਿਨ ਦੀ ਲੱਭ ਦੀਂ ਕੋਈ।"

***

ਕਦੇ ਕਦੇ ਜਦੋਂ ਮੈਂ ਟੈਕਸੀ ਚਲਾਉਣੀ ਹੋਵੇ, ਮੈਂ ਆਪਣੇ ਮਿੱਤਰ ਭੋਲੇ ਨੂੰ ਟੈਕਸੀ ਲੱਭਣ ਲਈ ਆਖ ਦਿੰਦਾ ਹਾਂ। ਉਹ ਪੱਕਾ ਹੀ ਰਾਤ ਦੀ ਸ਼ਿਫਟ ਚਲਾਉਂਦਾ ਹੈ। 31 ਦਸੰਬਰ ਦੀ ਰਾਤ ਟੈਕਸੀ ਡਰਾਈਵਰਾਂ ਲਈ ਸਭ ਤੋਂ ਜ਼ਿਆਦਾ ਕਮਾਈ ਵਾਲੀ ਹੁੰਦੀ ਹੈ। ਉਸ ਰਾਤ ਲੋਕ ਨਵੇਂ ਸਾਲ ਨੂੰ ਜੀਅ ਆਇਆਂ ਆਖਣ ਲਈ ਪਾਰਟੀਆਂ ਕਰਦੇ ਹਨ। ਤੇ ਬਾਰਾਂ ਵੱਜਣ ਦੀ ਉਡੀਕ ਕਰਦੇ ਹਨ ਤਾਂ ਕਿ ਰਲ-ਮਿਲ ਕੇ ਨਵੇਂ ਸਾਲ ਨੂੰ ਜੀਅ ਆਇਆਂ ਆਖ ਸਕਣ। ਸ਼ਰਾਬ ਦੀ ਵਰਤੋਂ ਵੀ ਸ਼ਾਇਦ ਇਸ ਰਾਤ ਸਭ ਤੋਂ ਵੱਧ ਹੁੰਦੀ ਹੋਵੇ। ਵੈਨਕੂਵਰ ਵਿਚ ਉਸ ਸ਼ਾਮ ਸਰਕਾਰ ਬੱਸਾਂ ਅਤੇ ਸਕਾਈਟ੍ਰੇਨ ਦੀ ਸਵਾਰੀ ਵੀ ਮੁਫ਼ਤ ਕਰ ਦਿੰਦੀ ਹੈ, ਫਿਰ ਵੀ ਲੋਕਾਂ ਦੇ ਹਜੂਮ ਨੂੰ ਸਾਂਭਣ ਲਈ ਟੈਕਸੀਆਂ ਪੂਰੀਆਂ ਨਹੀਂ ਪੈਂਦੀਆਂ। ਲੋਕ ਸੜਕਾਂ ਦੇ ਆਸੇ-ਪਾਸੇ ਖੜ੍ਹੇ ਟੈਕਸੀਆਂ ਰੋਕਣ ਲਈ ਇਕ-ਦੂਜੇ ਤੋਂ ਮੂਹਰੇ ਹੋ ਹੋ ਕੇ ਹੱਥ ਹਿਲਾਉਂਦੇ ਹਨ। ਤੇ ਜਦੋਂ ਟੈਕਸੀ ਮਿਲ ਜਾਂਦੀ ਹੈ ਤਾਂ ਬਹੁਤੇ ਲੋਕ ਟੈਕਸੀ ਰੋਕਣ ਲਈ ਡਰਾਈਵਰ ਦਾ ਧੰਨਵਾਦ ਕਰਦੇ ਹਨ। ਡਾਲਰਾਂ ਦੇ ਨਾਲ ਨਾਲ ਇਸ ਰਸ ਖਾਤਰ ਮੈਨੂੰ ਪਹਿਲੀ ਜਨਵਰੀ ਨੂੰ ਟੈਕਸੀ ਚਲਾਉਣੀ ਚੰਗੀ ਲੱਗਦੀ ਹੈ।

ਟੈਕਸੀ ਦਾ ਬੰਦੋਬਸਤ ਕਰ ਕੇ ਅਗਲੇ ਦਿਨ ਹੀ ਭੋਲੇ ਨੇ ਫੋਨ ਕਰ ਦਿੱਤਾ। ਉਹ ਬੋਲਿਆ, "ਤਿੰਨ ਤੋਂ ਤਿੰਨ ਵਜੇ ਦੀ ਕਾਰ ਐ। ਟੈਮ ਨਾਲ ਲੱਗ ਜੀਂ ਜਾ ਕੇ।"

"ਚਾਰ ਵਜੇ ਆਲੀ ਨ੍ਹੀਂ ਸੀ ਮਿਲਦੀ। ਤਿੰਨ ਸੰਦੇਹਾਂ ਨ੍ਹੀਂ ਥੋੜ੍ਹਾ ਜਿਹਾ।"

"ਮੈਂ ਮਸਾਂ ਤਿੰਨ ਆਲੀ ਲੱਭ ਕੇ ਦਿੱਤੀ ਆ। ਉਹੀ ਟੈਮ ਤਾਂ ਕਮਾਈ ਦਾ ਹੁੰਦੈ। ਛੇ-ਸੱਤ ਵਜੇ ਤੋਂ ਬਾਅਦ 'ਚ ਤਾਂ ਵਾਜਾ ਵੱਜ ਜਾਂਦੈ। ਲੋਕ ਘਰੀਂ ਜਾ ਕੇ ਸੌਂ ਜਾਂਦੇ ਆ। ਫਿਰ ਉਥੇ ਕੀ ਹੁੰਦੈ।"

"ਚੱਲ ਠੀਕ ਐ।"

"ਪਹੁੰਚ ਜੀਂ ਟੈਮ ਨਾਲ। ਮੈਂ ਰਾਤ ਆਲੇ ਡਰੈਵਰ ਨੂੰ ਵੀ ਆਖ ਦੇਊਂ, ਬਈ ਟੈਮ ਨਾਲ ਆ ਜੇ।"

***

ਕਈ ਡਰਾਈਵਰ ਸਾਰੀ ਰਾਤ ਲਾ ਕੇ ਵੀ ਅਗਲੀ ਸਵੇਰ ਵੇਲੇ ਸਿਰ ਦਿਨ ਵਾਲੇ ਡਰਾਈਵਰ ਨੂੰ ਟੈਕਸੀ ਨਹੀਂ ਦਿੰਦੇ। ਦਿਨ ਵਾਲੇ ਡਰਾਈਵਰ ਫੋਨ ਕਰ ਕਰ ਕੇ ਜਾਂ ਡਿਸਪੈਚਰ ਰਾਹੀਂ ਪਹਿਲਾਂ ਹੀ ਰਾਤ ਵਾਲਿਆਂ ਨੂੰ ਤਾਕੀਦਾਂ ਕਰਨ ਲੱਗ ਜਾਂਦੇ ਹਨ ਕਿ ਵੇਲੇ ਸਿਰ ਪਹੁੰਚ ਜਾਣ। ਰਾਤ ਵਾਲੇ ਸਮੇਂ ਦਾ ਖਿਆਲ ਭੁੱਲ ਜਾਂਦੇ ਹੋਣਗੇ ਜਾਂ ਹੋਰ ਹੋਰ ਦੇ ਲਾਲਚ ਵਿਚ ਫਸ ਜਾਂਦੇ ਹੋਣਗੇ। ਦਿਨ ਵਾਲਿਆਂ ਨੂੰ ਤਾਂਘ ਹੁੰਦੀ ਹੈ ਕਿ ਕਦੋਂ ਟੈਕਸੀ ਆਵੇ ਤੇ ਕਦੋਂ ਉਹ ਬਾਕੀ ਬਚਦੇ ਦੋ-ਤਿੰਨ 'ਬਿਜ਼ੀ' ਘੰਟਿਆਂ ਦਾ ਲਾਭ ਉਠਾਉਣ। ਪਿਛਲੀ ਰਾਤ ਵੀ ਉਨ੍ਹਾਂ 'ਚੋਂ ਬਹੁਤੇ ਪਰਿਵਾਰ ਨਾਲ ਨਵੇਂ ਸਾਲ ਦੇ ਜਸ਼ਨ ਵਿਚ ਸ਼ਾਮਿਲ ਨਹੀਂ ਹੋਏ ਹੁੰਦੇ। ਸਵੱਖਤੇ ਜੋ ਉੱਠਣਾ ਹੁੰਦਾ ਹੈ! ਅਜਿਹੇ ਹਾਲਾਤ ਵਿਚ ਜੇ ਉਨ੍ਹਾਂ ਨੂੰ ਸਮੇਂ ਸਿਰ ਪਹੁੰਚ ਕੇ ਵੀ ਉਡੀਕ ਕਰਨੀ ਪੈ ਜਾਵੇ, ਤਾਂ ਉਹੀ ਜਾਣਦੇ ਹਨ ਕਿ ਉਨ੍ਹਾਂ 'ਤੇ ਕੀ ਬੀਤਦੀ ਹੋਵੇਗੀ। ਮੈਂ ਉਡੀਕ ਦੀ ਇਸ ਡਾਢੀ ਔਖੀ ਘੜੀ ਤੋਂ ਬਚਣ ਲਈ ਫੈਸਲਾ ਕੀਤਾ ਕਿ ਸਾਢੇ ਕੁ ਤਿੰਨ ਵਜੇ ਕੰਮ ਸ਼ੁਰੂ ਕਰਾਂਗਾ। ਇਸ ਖਾਤਿਰ ਮੈਂ ਢਾਈ ਵਜੇ ਦਾ ਅਲਾਰਮ ਲਾ ਲਿਆ। ਬੱਚੇ ਚਾਹੁੰਦੇ ਸੀ ਕਿ ਬਾਰਾਂ ਵਜੇ ਤੱਕ ਟੀ.ਵੀ. ਦੇਖਿਆ ਜਾਵੇ, ਪਰ ਮੈਂ ਸਾਢੇ ਕੁ ਅੱਠ ਵਜੇ ਤੱਕ ਹੀ ਪਰਿਵਾਰ ਨਾਲ ਟੀ.ਵੀ. ਦੇਖਿਆ। ਬਾਰਾਂ ਵਜੇ ਕਾਰਾਂ ਦੇ ਹਾਰਨ ਵੱਜਣ ਨਾਲ ਨੀਂਦ ਖੁੱਲ੍ਹ ਗਈ। ਅਲਾਰਮ ਵੱਜਣ ਤੋਂ ਪਹਿਲਾਂ ਹੀ ਮੈਂ ਉੱਠ ਖਲੋਤਾ, ਤੇ ਸਵਾ ਤਿੰਨ ਟੈਕਸੀ ਵਿਚ ਜਾ ਬੈਠਾ। ਸ਼ੁਕਰ ਕੀਤਾ ਕਿ ਰਾਤ ਵਾਲੇ ਡਰਾਈਵਰ ਦੀ ਉਡੀਕ ਨਹੀਂ ਕਰਨੀ ਪਈ। ਮੈਂ ਡਾਊਨ-ਟਾਊਨ ਵੱਲ ਚੱਲ ਪਿਆ। ਜੌਰਜੀਆ ਅਤੇ ਕੈਂਬੀ ਸਟਰੀਟ ਦੇ ਕੋਨੇ 'ਤੇ ਟੈਕਸੀ ਰੋਕੀ ਹੀ ਸੀ ਕਿ ਕਈ ਜਣੇ ਟੈਕਸੀ ਵੱਲ ਅਹੁਲੇ। ਉਨ੍ਹਾਂ 'ਚੋਂ ਤਿੰਨ ਟੈਕਸੀ ਵਿਚ ਬੈਠ ਗਏ। ਜੌਰਜੀਆ ਸਟਰੀਟ 'ਤੇ ਸੈਂਕੜੇ ਹੀ ਲੋਕ ਟੈਕਸੀ ਲਈ ਹੱਥ ਹਿਲਾ ਰਹੇ ਸਨ। ਮੈਂ ਕਾਹਲਾ ਸੀ ਕਿ ਕਦੋਂ ਇਹ ਸਵਾਰੀਆਂ ਉਤਰਨ, ਤੇ ਕਦੋਂ ਮੈਂ ਹੋਰ ਚੁੱਕਾਂ, ਪਰ ਉਹ ਹਾਲੇ ਨਵੇਂ ਸਾਲ ਦਾ ਜਸ਼ਨ ਮਨਾ ਰਹੇ ਸਨ। ਉਨ੍ਹਾਂ ਨੂੰ ਘਰ ਜਾਣ ਦੀ ਕਾਹਲ ਨਹੀਂ ਸੀ ਲੱਗਦੀ। ਉਨ੍ਹਾਂ ਨੇ ਜਿਹੜਾ ਪਤਾ ਦੱਸਿਆ ਸੀ, ਉਹ ਨਜ਼ਦੀਕ ਹੀ ਸੀ। ਉਥੇ ਪਹੁੰਚ ਉਨ੍ਹਾਂ 'ਚੋਂ ਇੱਕ ਨੇ ਘਰ ਅੰਦਰ ਜਾਣਾ ਸੀ। ਮੈਂ ਉਸ ਨੂੰ ਛੇਤੀ ਕਰਨ ਦੀ ਬੇਨਤੀ ਕੀਤੀ। 'ਬੱਸ ਗਿਆ ਤੇ ਆਇਆ' ਆਖ ਉਹ ਟੈਕਸੀ 'ਚੋਂ ਬਾਹਰ ਨਿਕਲ ਗਿਆ। ਉਸ ਨੇ ਘਰ ਅੰਦਰ ਦੋ-ਤਿੰਨ ਮਿੰਟ ਹੀ ਲਾਏ ਹੋਣਗੇ, ਪਰ ਇਹ ਸਮਾਂ ਵੀ ਮੈਨੂੰ ਪਹਾੜ ਜਿੱਡਾ ਲੱਗਾ। ਮੇਰੇ ਦਿਮਾਗ ਵਿਚ ਟੈਕਸੀ ਲਈ ਹਿੱਲ ਰਹੇ ਹੱਥ ਕਾਹਲ ਮਚਾ ਰਹੇ ਸਨ। ਟੈਕਸੀ ਦਾ ਕਿਰਾਏ ਵਾਲਾ ਮੀਟਰ ਭਾਵੇਂ ਚੱਲ ਰਿਹਾ ਸੀ, ਪਰ ਖੜ੍ਹੀ ਟੈਕਸੀ 'ਚ ਉਸ ਦੀ ਰਫਤਾਰ ਬਹੁਤ ਹੌਲੀ ਹੋ ਜਾਂਦੀ ਹੈ। ਉਸ ਘਰ ਤੋਂ ਚੱਲ ਕੇ ਉਹ ਇੱਕ ਹੋਰ ਘਰ ਗਏ ਤੇ ਫਿਰ ਉਨ੍ਹਾਂ ਨੇ ਨੇੜੇ ਹੀ ਮੈਕਸ ਸਟੋਰ 'ਤੇ ਟੈਕਸੀ ਰੁਕਵਾ ਲਈ। ਮੈਂ ਫਿਰ ਛੇਤੀ ਕਰਨ ਦੀ ਤਾਕੀਦ ਕੀਤੀ।

"ਰੀਲੈਕਸ ਮੈਨ, ਇਟਸ ਨਿਊ ਯੀਅਰ ਈਵ", ਉਨ੍ਹਾਂ 'ਚੋਂ ਇੱਕ ਬੋਲਿਆ। ਮੀਟਰ ਦੀ ਰਫ਼ਤਾਰ ਫਿਰ ਹੌਲੀ ਹੋ ਗਈ ਤੇ ਮੇਰੇ ਅੰਦਰਲੀ ਕਾਹਲ ਫਿਰ ਤੇਜ਼ ਹੋ ਗਈ। ਉਨ੍ਹਾਂ ਨੇ ਮੇਰਾ ਅੱਧਾ ਘੰਟਾ ਲੈ ਲਿਆ। ਉਤਰਨ ਲੱਗਿਆਂ ਉਨ੍ਹਾਂ ਦੀ 'ਹੈਪੀ ਨਿਊ ਯੀਅਰ' ਮੈਨੂੰ ਵਿਹੁ ਵਰਗੀ ਲੱਗੀ।

'ਜੇ ਇਹੀ ਬਿਨਾਂ ਕਿਤੇ ਰੁਕਿਆਂ ਟ੍ਰਿੱਪ ਹੁੰਦਾ ਤਾਂ ਮੀਟਰ 'ਤੇ ਦੁੱਗਣੇ-ਤਿੱਗਣੇ ਚੱਲਣੇ ਸਨ, ਸਾਲਿਆਂ ਨੇ ਦਿਹਾੜੀ ਗਾਲਤੀ', ਸੋਚ ਕੇ ਮੇਰੇ ਅੰਦਰਲੀ ਵਿਹੁ ਹੋਰ ਤਿੱਖੀ ਹੋ ਗਈ। ਪਰ ਇਹ ਛੇਤੀਂ ਹੀ ਫਿਰ ਰਸ ਵਿਚ ਬਦਲ ਗਈ। ਜਿਥੇ ਟ੍ਰਿੱਪ ਲਾਹੁੰਦਾ, ਉਥੋਂ ਹੀ ਹੋਰ ਮਿਲ ਜਾਂਦਾ। ਸੱਤ ਵਜੇ ਤੱਕ 'ਚੱਲ ਸੋ ਚੱਲ' ਰਹੀ। ਅੱਠ ਕੁ ਵਜੇ ਜਦੋਂ ਕੰਮ ਠੰਡਾ ਹੋ ਗਿਆ, ਮੈਨੂੰ ਲੰਮਾ ਟ੍ਰਿੱਪ ਮਿਲ ਗਿਆ। ਫਿਰ ਕੀ ਸੀ! 'ਨਿਊ ਯੀਅਰ' ਦੀ ਇਹ ਸਵੇਰ ਹੋਰ ਵੀ ਚੰਗੀ ਚੰਗੀ ਹੋ ਗਈ। ਨੌਂ ਕੁ ਵਜੇ ਭੋਲੇ ਦਾ ਫੋਨ ਆ ਗਿਆ। ਫੋਨ 'ਤੇ ਆਇਆ ਉਸ ਦਾ ਨੰਬਰ ਪੜ੍ਹ ਕੇ ਮੈਂ ਸੋਚਿਆ ਕਿ ਇਹ ਐਡੀ ਛੇਤੀ ਜਾਗ ਵੀ ਪਿਆ। ਚਾਰ ਵਜੇ ਤੱਕ ਤਾਂ ਉਸ ਨੇ ਟੈਕਸੀ ਚਲਾਉਣੀ ਸੀ। ਫੋਨ ਖੋਲ੍ਹ ਕੇ ਮੈਂ ਝੱਟ ਕਿਹਾ, "ਹੈਪੀ ਨਿਊ ਯੀਅਰ!"

"ਕਾਹਦੀ ਹੈਪੀ ਨਿਊ ਯੀਅਰ ਯਾਰ! ਰਾਤ ਟੈਕਸੀ ਖਰਾਬ ਹੋ'ਗੀ।"

"ਅੱਛਾ! ਕੀ ਗੱਲ ਹੋ'ਗੀ?" ਮੈਂ ਆਪਣੀ ਸੁਰ ਨੀਵੀਂ ਕਰ ਲਈ।

"ਨੌਂ ਕੁ ਵਜੇ ਬੈਲਟ ਟੁੱਟ'ਗੀ।"

"ਫਿਰ?"

"ਫਿਰ ਕੀ। ਉਸ ਵੇਲੇ ਕੋਈ ਮਕੈਨਿਕ ਵੀ ਨ੍ਹੀਂ ਮਿਲਿਆ। ਟੈਕਸੀ ਆਲੇ ਗਰਾਜ 'ਚ ਲਿਜਾਣ ਲਈ ਘੰਟੇ ਬਾਅਦ ਟੋਅ ਟਰੱਕ ਵਾਲਾ ਆਇਆ। ਉਹ ਘੰਟਾ ਮੈਨੂੰ ਈ ਪਤੈ, ਕਿਵੇਂ ਕੱਢਿਐ। ਖਰਾਬ ਵੀ ਸਾਲੀ ਜਵ੍ਹਾਂ ਸਕਾਈ ਟ੍ਰੇਨ ਸਟੇਸ਼ਨ ਦੇ ਸਾਹਮਣੇ ਹੋਈ। ਟੈਕਸੀ ਖੜ੍ਹੀ ਦੇਖ ਕੇ ਮਿੰਟ ਬਾਅਦ ਆ ਕੇ ਈ ਕੋਈ ਨਾ ਕੋਈ ਪੁੱਛ ਲਿਆ ਕਰੇ, ਬਈ ਚੱਲਣੈ? ਛੁਰੀਆਂ ਚੱਲਣ ਕਲੇਜੇ 'ਤੇ ਜਦੋਂ ਆਖਣਾ ਪਿਆ ਕਰੇ, ਬਈ ਖਰਾਬ ਐ।"

ਮੈਥੋਂ ਸਵੇਰ ਵਾਲੇ ਪਹਿਲੇ ਟ੍ਰਿੱਪ ਵਾਲੀ ਉਡੀਕ ਨਹੀਂ ਸੀ ਝੱਲੀ ਗਈ, ਨਾਲੇ ਸਵਾਰੀ ਨਾਲ ਸੀ, ਤੇ ਮੀਟਰ ਵੀ ਚੱਲਦਾ ਸੀ। ਤੇ ਭੋਲੇ ਨੇ ਉਹ ਘੜੀਆਂ ਕਿਵੇਂ ਕੱਢੀਆਂ ਹੋਣਗੀਆਂ, ਇਸ ਦਾ ਅੰਦਾਜ਼ਾ ਮੈਂ ਸਹਿਜੇ ਹੀ ਲਾ ਸਕਦਾ ਸਾਂ।

# ਗੋਰਖ ਪਾਂਡੇ ਦੀ ਵਿਦਾਈ

ਮੂਲ: ਗੁਲਜ਼ਾਰ

ਅਨੁਵਾਦ: ਭਜਨਬੀਰ ਸਿੰਘ
ਫੋਨ:91-98556-75724

ਚਿੱਠੀ 'ਤੇ ਨਾ ਕੋਈ ਨਾਂ ਸੀ, ਨਾ ਪਤਾ! ਹੱਥ ਦਾ ਲਿਖਿਆ ਰੁੱਕਾ ਸੀ, ਇਕ ਨਿਹਾਇਤ ਮਾਮੂਲੀ ਜਿਹੇ ਲਿਫ਼ਾਫ਼ੇ ਵਿਚ। (ਗੋਰੂ ਨੇ) ਬੂਹਾ ਖੋਲ੍ਹਦਿਆਂ ਜੇ ਪਾਇਦਾਨ ਪਰੇ ਨਾ ਕੀਤਾ ਹੁੰਦਾ ਤਾਂ ਸ਼ਾਇਦ ਨਜ਼ਰ ਹੀ ਨਾ ਆਉਂਦਾ। ਚੋਰੀ ਹੋ ਜਾਣ ਦੇ ਡਰੋਂ, ਉਹ ਰੋਜ਼ ਪਾਇਦਾਨ ਅੰਦਰ ਕਰਕੇ ਬੂਹਾ ਬੰਦ ਕਰਦਾ ਸੀ ਅਤੇ ਜਿਸ ਨੇ ਵੀ ਚਿੱਠੀ ਬੂਹੇ ਦੇ ਹੇਠੋਂ ਅੰਦਰ ਭੇਜੀ ਸੀ, ਉਹ ਇਸ ਗੱਲੋਂ ਬੇਖ਼ਬਰ ਸੀ ਕਿ ਅੰਦਰ ਪਾਇਦਾਨ ਰੱਖਿਆ ਹੈ ਅਤੇ ਚਿੱਠੀ ਉਸ ਦੇ ਹੇਠਾਂ ਚਲੀ ਗਈ ਹੈ।

ਚਿੱਠੀ ਵਿਚ ਲਿਖਿਆ ਸੀ, "ਯਾਂਗ ਸੂਈ ਆਈ ਹੈ, ਵੀਅਤਨਾਮ ਤੋਂ, ਤੈਨੂੰ ਮਿਲਣਾ ਚਾਹੁੰਦੀ ਹੈ। ਅਸੀਂ ਸ਼ਾਮ ਨੂੰ ਸ਼ਿਆਮਲ ਦੇ ਘਰ ਮਿਲ ਰਹੇ ਹਾਂ, ਆਪਣੀਆਂ ਨਵੀਆਂ ਕਵਿਤਾਵਾਂ ਲੈ ਆਈਂ।"

"ਕਵਿਤਾਵਾਂ?"

ਗੋਰਖ ਪਾਂਡੇ ਨੂੰ ਗੱਲ ਸਮਝ ਨਹੀਂ ਆਈ। ਕੈਸੀ ਕਵਿਤਾ? ਨਾ ਤਾਂ ਉਹ ਕਵੀ ਹੈ ਅਤੇ ਨਾ ਕਿਸੇ ਕਵੀ ਨੂੰ ਜਾਣਦਾ ਹੈ, ਇਸ ਹੋਸਟਲ ਵਿਚ ਅਤੇ ਖ਼ਤ 'ਤੇ ਕੋਈ ਨਾਂ ਵੀ ਨਹੀਂ ਹੈ। ਨਾ ਉਪਰ, ਨਾ ਹੇਠਾਂ। ਖ਼ਤ ਮੋੜ ਕੇ ਉਸ ਨੇ ਜੇਬ ਵਿਚ ਰੱਖ ਲਿਆ। ਬੈਡ ਹੇਠੋਂ ਲੱਭ ਕੇ 'ਕੇਡਜ਼' ਕੱਢੇ, ਪਹਿਨੇ ਅਤੇ ਜਾਗਿੰਗ ਲਈ ਨਿਕਲ ਗਿਆ। ਇਹੀ ਉਸ ਦੀ ਰੋਜ਼ ਦੀ ਰੁਟੀਨ ਸੀ। ਹੋਸਟਲ 'ਚੋਂ ਨਿਕਲ ਕੇ ਕਾਲਜ ਦੀ ਗਰਾਉਂਡ ਪਾਰ ਕਰਕੇ, ਹਾਈਵੇ ਦੇ ਉਸ ਪਾਰ ਜਿਹੜਾ ਇੱਕ ਪਾਰਕ ਬਣ ਰਿਹਾ ਸੀ, ਉਸ ਦੇ ਦੋ ਰਾਉਂਡ ਲਾ ਕੇ ਵਾਪਸ ਆਉਂਦਾ ਸੀ। 'ਗੋਰਖ ਪਾਂਡੇ' ਜਿਸ ਨੂੰ ਮੁੰਡੇ ਮਸ਼ਹੂਰ ਨਕਸਲਾਈਟ ਗੋਰਖ ਪਾਂਡੇ ਦੀ ਨਿਸਬਤ ਗੋਰੂ ਕਹਿ ਕੇ ਬੁਲਾਉਂਦੇ ਸਨ, ਬਿਲਕੁਲ ਫ਼ਿਟ ਸੀ।

ਦੋ ਦਿਨ ਬਾਅਦ ਫਿਰ ਉਹੀ ਹੋਇਆ। ਜਾਗਿੰਗ ਤੋਂ ਵਾਪਸ ਆ ਕੇ ਉਸ ਨੇ ਆਪਣੇ ਕਮਰੇ ਦੀ ਸਫਾਈ ਕੀਤੀ। ਝਾੜਨ ਲਈ ਪਾਇਦਾਨ ਚੁੱਕਿਆ ਤਾਂ ਫ਼ਿਰ ਚਿੱਠੀ ਮਿਲੀ। ਉਹੋ ਜਿਹੀ ਹੀ, ਸਾਦੇ ਕਾਗਜ਼ 'ਤੇ ਲਿਖੀ, ਮਾਮੂਲੀ ਜਿਹੇ ਲਿਫ਼ਾਫ਼ੇ ਵਿਚ ਰੱਖੀ। ਇਸ ਵਾਰ ਵੀ ਨਾਂ ਪਤਾ ਕੁਝ ਨਹੀਂ ਸੀ। ਤਾਰੀਕ ਵੀ ਨਹੀਂ ਸੀ, ਹਾਂ ਖ਼ਤ ਥੋੜ੍ਹਾ ਲੰਮਾ ਹੋ ਗਿਆ ਸੀ..."ਦਾਦਾ, ਤੁਹਾਨੂੰ ਬਹੁਤ ਮਿਸ ਕੀਤਾ। ਯਾਂਗ ਸੂਈ ਅੱਜ ਕਲਕੱਤੇ ਜਾ ਰਹੀ ਹੈ, ਉਥੋਂ ਵਾਪਸ ਚਲੀ ਜਾਵੇਗੀ। ਉਸ ਨੇ ਤੁਹਾਡੀ ਬਹੁਤ ਉਡੀਕ ਕੀਤੀ। ਟ੍ਰੇਨ ਜਾ ਰਹੀ ਹੈ। ਮਿਲਣ ਜਾ ਸਕੋ ਤਾਂ ਸਾਢੇ ਚਾਰ ਵਜੇ ਸਟੇਸ਼ਨ ਦੇ ਬਾਹਰ ਆ ਜਾਣਾ। ਮੈਂ ਉਥੇ ਹੀ ਮਿਲਾਂਗਾ-ਪ"

ਇਸ ਵਾਰ ਉਸ ਨੂੰ ਲਿਖਤ ਕਿਸੇ ਔਰਤ ਦੀ ਲੱਗੀ। ਉਸ ਨੇ ਆਖ਼ਰੀ ਜੁਮਲਾ ਦੁਬਾਰਾ ਪੜ੍ਹਿਆ। ਉਥੇ ਮਿਲਾਂਗਾ। 'ਪ' ਪ੍ਰੀਤੀ ਜਾਂ ਪੁਸ਼ਪਾ ਤਾਂ ਨਹੀਂ ਹੋ ਸਕਦੀ। ਕੋਈ 'ਪਾਰਥਵ' ਹੋਵੇਗਾ। ਉਸੇ ਵਕਤ ਖ਼ਿਆਲ ਆਇਆ। ਪਹਿਲਾਂ ਖ਼ਤ ਤਾਂ ਟ੍ਰੈਕ ਸੂਟ ਦੀ ਜੇਬ ਵਿਚ ਸੀ ਅਤੇ ਟ੍ਰੈਕ ਸੂਟ ਲਾਂਡਰੀ ਵਿਚ! ਰਾਈਟਿੰਗ ਟੇਬਲ ਦਾ ਦਰਾਜ਼ ਖੋਲ੍ਹ ਕੇ ਉਸ ਨੇ ਖ਼ਤ ਉਸ ਵਿਚ ਰੱਖ ਦਿੱਤਾ।

ਕੁਝ ਦੇਰ ਤੱਕ ਉਹ ਖ਼ਤ ਯਾਦ ਰਿਹਾ। ਚਾਹ ਪੀਂਦਿਆਂ ਹੋਇਆਂ ਅਤੇ ਨਾਸ਼ਤਾ ਕਰਨ ਤੱਕ। ਇਕ ਛੋਟੀ ਜਿਹੀ ਦਲੀਲ ਆਪਣੇ ਆਪ ਜ਼ਿਹਨ ਵਿਚ ਬਣ ਗਈ ਸੀ। ਕਿਸੇ ਦਾ ਰੁਮਾਂਸ ਚੱਲ ਰਿਹਾ ਹੈ। ਕਿਸੇ ਵੀਅਤਨਾਮੀ ਕੁੜੀ ਨਾਲ, ਅਤੇ ਜਿਹੜਾ ਮਿਲਣ ਨਹੀਂ ਗਿਆ ਉਹ ਜਾਂ ਤਾਂ ਰੁੱਸਿਆ ਹੋਇਆ ਹੈ ਜਾਂ ਝਾਂਸਾ ਦੇ ਰਿਹਾ ਹੈ। ਕਾਲਜ ਪਹੁੰਚਦਿਆਂ-ਪਹੁੰਚਦਿਆਂ ਕਹਾਣੀ ਉਸਰ ਚੁੱਕੀ ਸੀ।

ਉਸ ਤੋਂ ਬਾਅਦ ਬਹੁਤ ਦਿਨਾਂ ਤੱਕ ਕੋਈ ਖ਼ਤ ਨਾ ਆਇਆ। ਪਰ ਸਵੇਰੇ ਜਾਂ ਸ਼ਾਮ ਨੂੰ ਜਦ ਵੀ ਧਿਆਨ ਆ ਜਾਵੇ ਪਾਇਦਾਨ ਚੁੱਕ ਕੇ ਵੇਖਣ ਦੀ ਆਦਤ ਜਿਹੀ ਹੋ ਗਈ ਸੀ ਉਸ ਨੂੰ। ਆਦਤ ਵੀ ਨਹੀਂ; ਬੱਸ ਉਂਜ ਹੀ, ਇੱਕ ਕੌਤੂਹਲ ਜਿਹਾ, ਉਤਸੁਕਤਾ। ਪਰ ਚਿੱਠੀ ਸੀ ਕਿਸ ਲਈ? ਉਸ ਦੇ ਪੱਲੇ ਨਾ ਪਿਆ ਅਤੇ ਉਸ ਨੇ ਪਤਾ ਲਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ।

ਉਸ ਤੋਂ ਬਾਅਦ ਕਈ ਦਿਨ ਕੋਈ ਖ਼ਤ ਨਹੀਂ ਆਇਆ। ਕੋਈ ਰੁੱਕਾ ਨਹੀਂ, ਉਂਜ ਹੋਰ ਬਹੁਤ ਕੁਝ ਹੋ ਰਿਹਾ ਸੀ ਸ਼ਹਿਰ ਵਿਚ। ਨਕਸਲੀ ਲਹਿਰ ਦਾ ਜ਼ੋਰ ਵਧ ਰਿਹਾ ਸੀ। ਕੋਈ ਨਾ ਕੋਈ ਹਾਦਸਾ, ਕੋਈ ਨਾ ਕੋਈ ਬੰਬ ਧਮਾਕਾ ਹਰ ਰੋਜ਼ ਹੋ ਰਿਹਾ ਸੀ। ਕਾਲਜਾਂ ਵਿਚ ਵਿਦਿਆਰਥੀਆਂ ਦੀ ਹੀ ਨਹੀਂ, ਪ੍ਰੋਫ਼ੈਸਰਾਂ ਦੀ ਹਾਜ਼ਰੀ ਵੀ ਘੱਟ ਹੋਣ ਲੱਗੀ ਸੀ। ਵੱਧ ਸਮਾਂ ਲਾਇਬ੍ਰੇਰੀ ਜਾਂ ਕੰਟੀਨ ਵਿਚ ਬੀਤਦਾ।

ਕੰਟੀਨ ਵਿਚ ਇੱਕ ਹਲਕੀ-ਜਿਹੀ ਘੁਸਰ-ਫੁਸਰ ਹੋ ਰਹੀ ਸੀ। ਜਦ ਬੇਚੈਨੀ ਮਹਿਸੂਸ ਹੋਣ ਲੱਗੀ ਤਾਂ ਉਸ ਨੇ ਪੁੱਛ ਹੀ ਲਿਆ ਇੱਕ ਦੋਸਤ ਤੋਂ। ਦੋਸਤ ਉਸ ਨੂੰ ਛੇਤੀ ਨਾਲ ਬਾਹਰ ਗਰਾਊਂਡ ਵਿਚ ਲੈ ਗਿਆ ਅਤੇ ਬੋਲਿਆ, "ਇੱਕ ਗੋਸ਼ਟੀ ਹੋਣ ਵਾਲੀ ਹੈ ਸ਼ਹਿਰ ਵਿਚ। ਸ਼ਾਇਦ ਰਾਜਪੁਰ ਵਿਚ।"

"ਕਿਹੋ ਜਿਹੀ ਗੋਸ਼ਟੀ?"

"ਸਾਹਿਤਕ ਹੈ। ਪਰ ਸਿਆਸੀ ਵੀ ਹੈ। ਹੋ ਸਕਦਾ ਹੈ..." ਕੰਨ ਦੇ ਕੋਲ ਆ ਕੇ ਬੋਲਿਆ, "ਸ਼ਾਇਦ ਗੋਰੂ ਵੀ ਆਵੇ।"

"ਉਹ ਕੌਣ ਹੈ?"

"ਤੇਰਾ ਹਮ ਨਾਮ। ਗੋਰਖ ਪਾਂਡੇ!"

ਉਹ ਗੋਰਖ ਪਾਂਡੇ ਵੀ ਬਿਹਾਰ ਤੋਂ ਹੀ ਸੀ, ਪਰ ਨਕਸਲੀ ਲਹਿਰ ਦੌਰਾਨ ਬੰਗਾਲ ਵਿਚ ਕਾਫ਼ੀ ਪ੍ਰਸਿੱਧ ਹੋ ਗਿਆ ਸੀ। ਕਾਲਜਾਂ ਦੇ ਨੌਜਵਾਨ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਉਸ ਦੀਆਂ ਕਵਿਤਾਵਾਂ ਪੜ੍ਹ ਕੇ ਜੋਸ਼ ਵਿਚ ਆ ਜਾਂਦੇ ਸਨ। ਜਦ ਕਦੇ ਉਸ ਦੀ ਨਵੀਂ ਨਜ਼ਮ ਆਉਂਦੀ ਤਾਂ ਸ਼ਹਿਰ ਵਿਚ ਇੱਕ ਲਹਿਰ ਜਿਹੀ ਦੌੜ ਜਾਂਦੀ ਅਤੇ ਮੁੰਡੇ-ਕੁੜੀਆਂ ਪੁਲਿਸ ਤੋਂ ਨਜ਼ਰ ਬਚਾ ਕੇ, ਟ੍ਰਾਮਾਂ ਅਤੇ ਬੱਸਾਂ ਵਿਚ ਉਸ ਦੀਆਂ ਕਵਿਤਾਵਾਂ ਚਿਪਕਾ ਜਾਂਦੇ। ਲੋਕਾਂ ਨੇ ਉਸ ਨੂੰ ਦੇਖਿਆ ਨਹੀਂ ਸੀ। ਉਸ ਦੀਆਂ ਤਸਵੀਰਾਂ ਛਪਦੀਆਂ ਸਨ, ਪਰ ਇੱਕ ਨਾਲ ਦੂਜੀ ਮਿਲਦੀ ਨਹੀਂ ਸੀ। ਕਹਿੰਦੇ ਹਨ, ਪੁਲਿਸ ਨੂੰ ਸਦਾ ਉਸ ਦੀ ਭਾਲ ਰਹਿੰਦੀ ਸੀ, ਇਸ ਲਈ ਉਹ ਹਰ ਵਾਰ ਆਪਣਾ ਹੁਲੀਆ ਬਦਲ ਲੈਂਦਾ ਸੀ। ਕੁਝ ਲੋਕਾਂ ਦਾ ਤਾਂ ਖ਼ਿਆਲ ਸੀ ਕਿ ਇਨ੍ਹਾਂ ਵਿਚੋਂ ਇੱਕ ਵੀ ਤਸਵੀਰ ਉਸ ਦੀ ਨਹੀਂ ਸੀ।

ਨਕਸਲਬਾੜੀ ਲਹਿਰ, ਬੰਗਾਲ ਦੇ ਨਾਲ ਬਿਹਾਰ ਵਿਚ ਵੀ ਜ਼ੋਰ ਫੜ ਰਹੀ ਸੀ। ਗੋਰਖ ਬੀ.ਏ. ਦਾ ਵਿਦਿਆਰਥੀ ਸੀ। ਕਿਸੇ ਵੀ ਸਿਆਸੀ ਲਹਿਰ ਨਾਲ ਦੂਰ-ਦੂਰ ਤੱਕ ਲੈਣਾ-ਦੇਣਾ ਨਹੀਂ ਸੀ। ਪਰ ਸਾਹਿਤ ਦਾ ਵਿਦਿਆਰਥੀ ਹੋਣ ਕਾਰਨ, ਗੋਰਖ ਪਾਂਡੇ ਦੀਆਂ ਨਜ਼ਮਾਂ ਉਸ ਨੇ ਪੜ੍ਹੀਆਂ ਜ਼ਰੂਰ ਸਨ ਅਤੇ ਉਨ੍ਹਾਂ ਵਿਚ ਤਪਸ਼ ਵੀ ਮਹਿਸੂਸ ਕੀਤੀ ਸੀ।

ਇੱਕ ਹੋਰ ਦੋਸਤ ਨੇ ਕੰਟੀਨ ਵਿਚ ਬੈਠਿਆਂ ਇੱਕ ਵਾਰ ਕਿਹਾ ਸੀ, "ਗੋਰੂ, ਇੱਕ ਵਾਰ ਸੁਣ ਲਵੇਂਗਾ, ਤਾਂ ਕੱਪੜਿਆਂ ਵਿਚ ਅੱਗ ਲੱਗ ਜਾਵੇਗੀ।"

"ਤੂੰ ਸੁਣਿਆ ਹੈ?"

"ਬਈ...ਇੰਨਾ ਖੁਸ਼ਕਿਸਮਤ ਹੁੰਦਾ ਤਾਂ ਤੇਰੇ ਸਾਹਮਣੇ ਜਿਉਂਦਾ ਬੈਠਾ ਹੁੰਦਾ? ਮੇਰੀ ਸੁਆਹ ਪਈ ਹੁੰਦੀ ਇੱਥੇ, ਪਲੇਟ ਵਿਚ!" ਅਤੇ ਹੱਸ ਪਿਆ।

ਉਸੇ ਦੋਸਤ ਨਾਲ ਉਹ ਉਸ ਗੋਸ਼ਟੀ ਵਿਚ ਚਲਾ ਗਿਆ, ਪਰ ਕੁਝ ਵੀ ਨਿਸ਼ਚਿਤ ਨਹੀਂ ਸੀ। ਗੋਸ਼ਟੀ ਕਿੱਥੇ ਹੋਵੇਗੀ? ਕਿਵੇਂ ਹੋਵੇਗੀ ਅਤੇ ਕੌਣ-ਕੌਣ ਹੋਣਗੇ?

ਅਜੇ ਰਾਹ ਵਿਚ ਹੀ ਸਨ ਕਿ ਟ੍ਰੈਫਿਕ ਇੱਧਰ-ਉੱਧਰ ਡਾਈਵਰਟ ਹੋਣ ਲੱਗਾ, ਕਈ ਥਾਂਵਾਂ 'ਤੇ ਟ੍ਰੈਫਿਕ ਜਾਮ ਹੋਇਆ। ਬਾਦਲ ਚੌਕ ਤੱਕ ਪਹੁੰਚਦਿਆਂ ਜਿਵੇਂ ਸਾਰਾ ਸ਼ਹਿਰ ਹੀ ਜਾਮ ਹੋ ਗਿਆ। ਸਟੇਸ਼ਨ ਰੋਡ ਬਿਲਕੁਲ ਹੀ ਬੰਦ ਕਰ ਦਿੱਤੀ ਗਈ। ਪਤਾ ਲੱਗਾ ਕਿ ਐਨਾ ਚੌਕ ਵਿਚ ਇੱਕ ਬੰਬ ਫਟਿਆ ਹੈ ਅਤੇ ਪੁਲਿਸ ਦੀ ਜੀਪ ਉਡ ਗਈ ਹੈ। ਪੁਲਿਸ ਕਮਿਸ਼ਨਰ ਬਚ ਗਿਆ। ਗੋਰਖ ਅਤੇ ਉਸ ਦਾ ਦੋਸਤ ਬੱਸ ਛੱਡ ਕੇ ਪੈਦਲ ਹੋਸਟਲ ਆਏ। ਕਈ ਘੰਟੇ ਲੱਗ ਗਏ।

ਰਾਤ ਨੂੰ ਬਿਸਤਰੇ 'ਤੇ ਲੇਟਿਆਂ ਅਚਾਨਕ ਧਿਆਨ ਪਾਇਦਾਨ 'ਤੇ ਚਲਾ ਗਿਆ। ਗੋਰਖ ਨੇ ਉਠ ਕੇ ਦੇਖਿਆ। ਉਹੋ ਜਿਹਾ ਹੀ ਇੱਕ ਰੁੱਕਾ ਪਿਆ ਮਿਲਿਆ। ਬੜੀ ਕਾਹਲੀ ਵਿਚ ਲਿਖਿਆ ਹੋਇਆ ਖ਼ਤ ਸੀ। "ਸੇਂਟ ਐਗਨੇਸ ਚਰਚ ਦੇ ਪਿੱਛੇ ਐਸ ਮਿਲੇਗੀ। ਗੱਡੀ ਰੈਡੀ ਹੋਵੇਗੀ। ਕੋਹਿਮਾ ਲਈ। ਅਤੇ ਹੁਣ ਜ਼ਰਾ ਵੀ ਦੇਰ ਨਾ ਕਰਨਾ।-'ਪੀ'

ਗੋਰਖ ਨੂੰ ਕਹਾਣੀ ਦੀ ਉਧੇੜ-ਬੁਣ ਵਿਚ ਹੀ ਨੀਂਦ ਆ ਗਈ।

## ਪਿਛਲੇ ਪੰਨੇ

ਸਵੇਰੇ-ਸਵੇਰੇ ਰੌਲੇ ਨੇ ਜਗਾ ਦਿੱਤਾ। ਪੁਲਿਸ ਨੇ ਸਾਰਾ ਹੋਸਟਲ ਘੇਰਿਆ ਹੋਇਆ ਸੀ। ਸਾਰਿਆਂ ਨੂੰ ਬਾਹਰ ਕੱਢ ਕੇ ਕੰਪਾਊਂਡ ਵਿਚ ਲਾਈਨ ਵਿਚ ਖੜ੍ਹਾ ਕੀਤਾ ਜਾ ਰਿਹਾ ਸੀ। ਇੱਕ-ਇੱਕ ਕਮਰੇ ਦੀ ਤਲਾਸ਼ੀ ਲਈ ਜਾ ਰਹੀ ਸੀ।

ਅਚਾਨਕ ਇੱਕ ਸਿਪਾਹੀ ਭੱਜਾ-ਭੱਜਾ, ਇੰਸਪੈਕਟਰ ਦੇ ਕੋਲ ਆਇਆ। 'ਸਰ ਮਿਲ ਗਿਆ। ਉਸ ਨੇ ਸਾਇਨਾਈਡ ਖਾ ਲਿਆ ਹੈ।' ਇੰਸਪੈਕਟਰ ਉਸ ਦੇ ਪਿੱਛੇ-ਪਿੱਛੇ ਚਲਾ ਗਿਆ।

ਛੱਬੀ-ਸਤਾਈ ਸਾਲ ਦਾ ਨੌਜਵਾਨ ਹੋਵੇਗਾ। ਚਿਹਰੇ 'ਤੇ ਖ਼ੂਬਸੂਰਤ ਤਰਾਸ਼ੀ ਹੋਈ ਦਾੜ੍ਹੀ, ਰਿਮਲੈਸ ਚਸ਼ਮਾ ਅਜੇ ਤੱਕ ਉਸ ਦੇ ਚਿਹਰੇ 'ਤੇ ਲੱਗਾ ਹੋਇਆ ਸੀ।

"ਕਿਸ ਕਮਰੇ ਵਿਚ ਮਿਲਿਆ?" ਇੱਕ ਨੇ ਪੁੱਛਿਆ।

"ਫ਼ਿਫਟੀ ਵੰਨ।" ਉਹ ਗੋਰਖ ਦੇ ਨਾਲ ਵਾਲਾ ਕਮਰਾ ਸੀ।

"ਹੈ ਕੌਣ?" ਗੋਰਖ ਨੇ ਪੁੱਛਿਆ।

"ਜਾਣਦੇ ਨਹੀਂ? ਮਸ਼ਹੂਰ ਨਕਸਲਾਈਟ ਗੋਰਖ ਪਾਂਡੇ!" ਗੋਰਖ ਇੱਕਦਮ ਸੁੰਨ ਹੋ ਗਿਆ।

"ਬਹੁਤ ਦਿਨਾਂ ਤੋਂ ਖ਼ਬਰ ਸੀ। ਅੱਜ ਕੱਲ੍ਹ ਸਾਡੇ ਸ਼ਹਿਰ ਵਿਚ ਹੈ। ਕਿਤੇ ਲੁਕਿਆ ਹੋਇਆ ਹੈ।"

"ਉਫ਼! ਸਾਡੇ ਹੀ ਹੋਸਟਲ ਵਿਚ ਸੀ ਅਤੇ ਕਿਸੇ ਨੂੰ ਖ਼ਬਰ ਤੱਕ ਨਹੀਂ!"

ਗੋਰਖ ਦੇ ਹੱਥ ਟ੍ਰੈਕ-ਸੂਟ ਦੀ ਜੇਬ ਵਿਚ ਸਨ ਅਤੇ ਮੁੱਠੀ ਵਿਚ ਉਹ ਖ਼ਤ ਮਸਲ ਰਿਹਾ ਸੀ, ਜਿਹੜਾ ਟ੍ਰਾਊਜ਼ਰ ਦੇ ਨਾਲ ਲਾਂਡਰੀ ਵਿਚ ਧੁਪ ਕੇ ਆਇਆ ਸੀ।

ਪੰਚਨਾਮਾ ਤਿਆਰ ਕਰਦਿਆਂ, ਪੁਲਿਸ ਇੰਸਪੈਕਟਰ ਹੋਸਟਲ ਵਾਰਡਨ ਨੂੰ ਇੱਕ ਛੋਟਾ ਜਿਹਾ ਖ਼ਤ ਦਿਖਾ ਰਿਹਾ ਸੀ, ਜਿਹੜਾ ਉਸ ਦੀ ਜੇਬ੍ਹ ਵਿਚੋਂ ਨਿਕਲਿਆ ਸੀ। ਬੰਗਲਾ ਵਿਚ ਲਿਖਿਆ ਸੀ:

"ਏ ਬਾਰ ਵਿਦਾਈ ਦੇ ਮਾਂ, ਘੂਰੇ ਆਸ਼ੀ।"

(ਇਸ ਵਾਰ ਵਿਦਾਈ ਦੇ ਮਾਂ, ਜ਼ਰਾ ਘੁੰਮ ਕੇ ਆਉਂਦਾ ਹਾਂ।)

ਵਾਪਸੀ-2





**ਯਹੂਦੀਆਂ ਦੀ ਵਤਨ ਵਾਪਸੀ ਦੀ ਦੋ ਹਜ਼ਾਰ ਸਾਲ ਲੰਮੀ ਕਹਾਣੀ**

# ਪਹਿਲਕਦਮੀ ਦਾ ਸਿਦਕ

***ਪ੍ਰੋ. ਹਰਪਾਲ ਸਿੰਘ ਪੰਨੂ ਨੇ ਆਪਣੇ ਲੰਮੇ ਲੇਖ 'ਵਾਪਸੀ' ਵਿਚ ਯਹੂਦੀਆਂ ਦੀ ਵਤਨ ਵਾਪਸੀ ਦੀ ਲੰਮੀ ਕਹਾਣੀ ਸੁਣਾਈ ਹੈ। ਯਹੂਦੀਆਂ ਨੂੰ ਦੋ ਹਜ਼ਾਰ ਸਾਲ ਬਾਅਦ ਆਪਣਾ ਨਗਰ ਯੋਰੋਸ਼ਲਮ ਅਤੇ ਮੁਲਕ ਇਜ਼ਰਾਈਲ ਮਿਲਿਆ। ਉਹ ਕਦਮ ਕਦਮ ਉਜੜੇ, ਭਟਕੇ, ਗੁਲਾਮ ਹੋਏ, ਘੱਲੂਘਾਰਿਆਂ ਵਿਚ ਨਸਲਘਾਤ ਹੋਈ, ਪਰ ਸਬਰ ਨਾਲ ਕਦਮ ਕਦਮ ਯਹੂਦੀਆਂ ਦੀ ਵਾਪਸੀ ਹੁੰਦੀ ਗਈ। ਇਨ੍ਹਾਂ ਦੋ ਹਜ਼ਾਰ ਸਾਲਾਂ ਦੌਰਾਨ ਉਜਾੜਾ, ਸਜ਼ਾ, ਪਛਤਾਵਾ, ਰਜ਼ਾ, ਖਿਮਾ ਤੇ ਸ਼ੁਕਰਾਨਾ ਯਹੂਦੀ ਜ਼ਿੰਦਗੀ ਦੇ ਅਹਿਮ ਪਹਿਲੂ ਰਹੇ। ਪਹਿਲਾਂ ਮਿਸਰ ਦੇ ਸੁਲਤਾਨ ਫਰਾਊਨ, ਫਿਰ ਈਸਾਈਆਂ ਅਤੇ ਫਿਰ ਮੁਸਲਮਾਨਾਂ ਤੋਂ ਉਨ੍ਹਾਂ ਨੂੰ ਨਿਰੰਤਰ ਦੁੱਖ ਮਿਲੇ। ਸਭ ਤੋਂ ਵੱਡਾ ਕਹਿਰ ਉਦੋਂ ਢੱਠਾ ਜਦੋਂ ਦੂਜੀ ਸੰਸਾਰ ਜੰਗ ਸਮੇਂ ਹਿਟਲਰ ਨੇ ਸੱਠ ਲੱਖ ਯਹੂਦੀਆਂ ਦਾ ਘਾਣ ਕੀਤਾ। ਉਨ੍ਹਾਂ ਨੂੰ ਖੁਦ ਨਹੀਂ ਪਤਾ, ਇਸ ਹਨੇਰਗਰਦੀ ਵਿਚੋਂ ਬਚੇ ਕਿਵੇਂ ਰਹੇ। ਉਨ੍ਹਾਂ ਦੇ ਮਨ ਮੰਦਰ ਦੀ ਯਾਦ ਵਿਚ ਇਜ਼ਰਾਈਲ ਦਾ ਰੇਗਿਸਤਾਨ ਸਦਾ ਵਸਿਆ ਰਿਹਾ। ਐਤਕੀਂ ਵਾਲੇ ਲੇਖ ਵਿਚ ਉਨ੍ਹਾਂ ਜਿਊੜਿਆਂ ਦੀ ਚਰਚਾ ਹੈ ਜੋ ਹਰ ਹਾਲ ਦੇਸ ਵਾਪਸੀ ਲਈ ਅਹੁਲਦੇ ਰਹੇ।***

ਇਜ਼ਰਾਈਲ ਵਿਚ ਨਾ ਬਿਜਨਸ ਹੋ ਸਕਦਾ ਸੀ, ਨਾ ਉਦਯੋਗ ਸੀ। ਨਾ ਸੜਕਾਂ ਸਨ, ਨਾ ਸੰਚਾਰ ਸਾਧਨ। ਜਿਹੜੇ ਉਥੇ ਪਰਵਾਸ ਕਰ ਗਏ ਸਨ, ਉਹ ਦਾਨੀਆਂ ਦੇ ਰਹਿਮੋ-ਕਰਮ 'ਤੇ ਸਨ। ਕੇਵਲ ਖੇਤੀ ਹੀ ਕਿੱਤਾ ਸੀ, ਪਰ ਜ਼ਮੀਨ ਖਰੀਦਣ ਲਈ ਪੈਸੇ? ਬਗੈਰ ਜ਼ਮੀਨ ਤੋਂ ਖੇਤੀ ਕਿਵੇਂ ਕਰਨ? ਕੋਈ ਦਾਨੀ ਜ਼ਮੀਨ ਖਰੀਦ ਕੇ ਦੇ ਵੀ ਦੇਵੇ; ਪਰ ਜਿਸ ਬੰਦੇ ਨੇ ਕਦੀ ਹਲ, ਪੰਜਾਲੀ, ਕਹੀ, ਰੰਬੇ ਨੂੰ ਹੱਥ ਨਹੀਂ ਲਾਇਆ, ਉਹ ਰਾਤੋ-ਰਾਤ ਕਿਸਾਨ ਕਿਵੇਂ ਬਣ ਜਾਏ? ਪਰਵਾਸ ਵਾਲੇ ਦੇਸ ਦਾ ਜਲਵਾਯੂ ਕਿਵੇਂ ਰਾਸ ਆਏਗਾ? ਇਜ਼ਰਾਈਲ ਵਿਚ ਕੋਈ ਸਿਆਸੀ ਲੀਡਰਸ਼ਿਪ ਯਹੂਦੀਆਂ ਨੂੰ ਸੇਧ ਦੇਣ ਵਾਲੀ ਨਹੀਂ ਸੀ। ਅਜਿਹਾ ਕੋਈ ਪੁਜਾਰੀ ਵੀ ਨਹੀਂ ਸੀ ਜੋ ਅਗਵਾਈ ਕਰ ਸਕੇ। ਇਉਂ ਸਮਝੋ ਕਿ ਕੁਦਰਤ ਇਨ੍ਹਾਂ ਕਾਫਲਿਆਂ ਨੂੰ ਖੁਦ-ਬਖੁਦ



**ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਇਧਰ ਧੱਕਣ ਲੱਗੀ। ਇੰਨੀ ਦੂਰ ਦੂਰ, ਇੰਨੀਆਂ ਵੱਖ ਵੱਖ ਜ਼ੁਬਾਨਾਂ ਵਿਚ ਸੁਨੇਹਾ ਕਿਸ ਬਿਧ ਭੇਜਿਆ ਜਾਵੇ! ਨਾ ਤਾਰ, ਨਾ ਟੈਲੀਫੋਨ; ਨਾ ਅਖਬਾਰ, ਨਾ ਇਨ੍ਹਾਂ ਸਾਧਨਾਂ ਵਾਸਤੇ ਧਨ। ਜਿਥੇ ਤਕ ਜ਼ੁਬਾਨੀ ਕੋਈ ਸੁਨੇਹਾ ਪੁੱਜੇ, ਪੁਚਾ ਦਿਉ; ਬਾਕੀ ਰੱਬ ਰਾਖਾ। ਰੂਸ ਵਿਚੋਂ ਬਿਨਾ ਆਗਿਆ ਪਰਵਾਸ ਕਰਨ ਦੀ ਮਨਾਹੀ ਸੀ, ਤੇ ਆਗਿਆ ਉਸ ਨੂੰ ਮਿਲਦੀ ਜਿਸ ਕੋਲ ਪਾਸਪੋਰਟ ਹੁੰਦਾ। ਉਸ ਨੂੰ ਵੀ ਮਿਲਦੀ ਕਿ ਨਾ, ਪਤਾ ਨਹੀਂ, ਪਰ ਇਥੇ ਕਿਸ ਕੋਲ ਪਾਸਪੋਰਟ, ਕਿਸ ਕੋਲ ਆਗਿਆ? ਸਾਰਾ ਕੰਮ ਗ਼ੈਰ-ਕਾਨੂੰਨੀ; ਜਿਸ ਦੀ ਸਜ਼ਾ ਕੈਦ ਸੀ। ਕੋਈ ਸੁਨੇਹਾ ਭੇਜਣਾ ਜਾਂ ਮੰਗਵਾਉਣਾ ਹੁੰਦਾ ਤਾਂ ਸੈਂਸਰ ਦੇ ਖਤਰੇ ਕਾਰਨ ਗੁਪਤ ਸੰਕੇਤਾਂ ਦੀ ਭਾਸ਼ਾ ਵਰਤੀ ਜਾਂਦੀ ਜਿਸ ਦੇ ਅਰਥ ਪਤਾ ਨਹੀਂ ਪੜ੍ਹਨ ਵਾਲਾ ਕੀ ਕੱਢ ਲਏ! ਬਿਨਾ ਸੱਦੇ-ਬੁਲਾਵੇ ਦੇ, ਬਿਨਾਂ ਕਿਸੇ ਏਜੰਡੇ, ਵਿਚਾਰ-ਵਟਾਂਦਰੇ ਦੇ, ਬਿਨਾਂ ਜ਼ਿੰਮੇਵਾਰ ਬੰਦਿਆਂ ਦੀ ਰਾਇ ਲਏ; ਜਿਹੜੀ ਯਹੂਦੀਆਂ ਦੀ ਕੀੜੀਆਂ ਵਰਗੀ ਕਤਾਰ ਯੋਰੋਸ਼ਲਮ ਵੱਲ ਪੂਰਬੀ ਯੂਰਪ ਵਲੋਂ ਤੁਰ ਪਈ, ਉਸ ਲਹਿਰ ਦਾ ਨਾਂ ਜ਼ਿਓਨਿਜ਼ਮ ਪੈ ਗਿਆ। ਜ਼ਿਓਨ ਮਾਇਨੇ ਸੁਫਨਿਆਂ ਦਾ ਦੇਸ, ਯਾਨਿ ਯੋਰੋਸ਼ਲਮ।

ਸ਼ਾਇਰ ਗੋਰਡਨ ਇਮਾਨਦਾਰ ਵੀ ਸੀ, ਬਹਾਦਰ ਵੀ। ਉਹ ਵੀ ਜਥੇਬੰਦਕ ਤਰੀਕੇ ਰਾਹੀਂ ਦਾਨੀਆਂ ਦੀ ਰਕਮ ਯਹੂਦੀਆਂ ਲਈ ਖੁਦ ਵਰਤਣ ਤੋਂ ਕਤਰਾਉਂਦਾ, ਕਿਉਂਕਿ ਗ਼ੈਰ-ਕਾਨੂੰਨੀ ਹੋਣ ਕਰ ਕੇ ਕੰਮ ਖਤਰੇ ਤੋਂ ਖਾਲੀ ਨਹੀਂ। ਇਸ ਮੌਕੇ ਕੁਝ ਯਹੂਦੀ ਅਖਬਾਰ ਅਤੇ ਰਸਾਲੇ ਕੰਮ ਆਏ ਜੋ ਯਹੂਦੀਆਂ ਤਕ ਸਹੀ ਤਸਵੀਰ ਪੁਚਾਉਣ ਵਿਚ ਸਹਾਈ ਹੋਏ। ਇਹ ਕੰਮ ਵੀ ਸੌਖਾ ਨਹੀਂ ਸੀ। ਸਰਕਾਰ ਦੀ ਆਲੋਚਨਾ ਕਰ ਦਿੱਤੀ ਤਾਂ ਅਖਬਾਰ ਬੰਦ। ਉਜੜੇ ਯਹੂਦੀਆਂ ਨੂੰ ਸਹੀ ਸਲਾਹ ਦੇਣੀ ਹੈ; ਉਹ ਵੀ ਸਰਕਾਰ ਤੇ ਸੈਂਸਰ ਤੋਂ ਬਚ ਕੇ। ਸਲਾਹ ਠੀਕ ਹੈ ਕਿ ਗਲਤ, ਮੰਨਣੀ ਹੈ ਕਿ ਨਹੀਂ- ਯਹੂਦੀ ਜਾਣਨ, ਉਨ੍ਹਾਂ ਦਾ ਕੰਮ ਜਾਣੇ।

ਜੂਨ 1884 ਦੇ ਫਸਾਦਾਂ ਵਿਚ ਨੌਂ ਯਹੂਦੀ ਕਤਲ ਹੋਏ ਸਨ। ਯਹੂਦੀ ਅਖਬਾਰ 'ਵੋਸਖੋਦ' ਨੇ ਲਿਖ ਦਿੱਤਾ ਕਿ ਸਰਕਾਰ ਯਹੂਦੀਆਂ ਨੂੰ ਬਾਕੀ ਰੂਸੀਆਂ ਦੇ ਬਰਾਬਰ ਨਾਗਰਿਕ ਨਹੀਂ ਮੰਨਦੀ, ਲਿਖਿਆ ਕਿ ਰੂਸੀ ਪ੍ਰੈਸ ਯਹੂਦੀਆਂ ਵਿਰੁਧ ਭੜਕਾਊ ਸਮੱਗਰੀ ਛਾਪ ਕੇ ਫਸਾਦੀ ਮਾਹੌਲ ਪੈਦਾ ਕਰ ਰਹੀ ਹੈ, ਸਰਕਾਰ ਕਿਉਂ ਨਹੀਂ ਰੋਕਦੀ? ਸੰਪਾਦਕ ਵਿਰੁਧ ਸੰਮਨ ਜਾਰੀ ਹੋ ਗਏ ਕਿ ਬਿਨਾ ਸਬੂਤ ਸਰਕਾਰ ਦੀ ਆਲੋਚਨਾ ਕੀਤੀ ਹੈ, ਝੂਠ ਸਹਾਰੇ ਪਰਜਾ ਦੇ ਇਕ ਹਿੱਸੇ (ਯਹੂਦੀਆਂ) ਨੂੰ ਸਰਕਾਰ ਵਿਰੁਧ ਭੜਕਾਉਣ ਦਾ ਯਤਨ ਕੀਤਾ ਹੈ। ਕੁਝ ਸਾਲਾਂ ਬਾਅਦ ਇਸ ਅਖਬਾਰ ਨੂੰ ਦੂਜੀ ਵਾਰ ਤਾੜਨਾ ਹੋਈ ਤੇ ਅਖਬਾਰ ਛੇ ਮਹੀਨਿਆਂ ਲਈ ਬੰਦ ਕਰ ਦਿੱਤਾ। ਇਹ ਗੱਲ ਨਹੀਂ ਕਿ ਸਰਕਾਰੇ-ਦਰਬਾਰੇ ਰਸੂਖਵਾਨ ਧਨੀ ਯਹੂਦੀ ਨਹੀਂ ਸਨ, ਪਰ ਇਹ ਕਰਮਾਂ ਵਾਲੇ ਧਨਾਢ ਯਹੂਦੀ ਆਪਣੇ ਭਾਈਚਾਰੇ ਤੋਂ ਟੁੱਟ ਚੁੱਕੇ ਸਨ। ਉਹ ਰੂਸੀਆਂ ਤੋਂ ਵਧੀਆ ਰੂਸੀ ਜ਼ੁਬਾਨ ਬੋਲਦੇ, ਉਨ੍ਹਾਂ ਤੋਂ ਵਧੀਆ ਰੂਸੀ ਕੌਮੀ ਲਿਬਾਸ ਪਹਿਨਦੇ। ਯਹੂਦੀਆਂ ਨੂੰ ਇਜ਼ਰਾਈਲ ਵਿਚ ਵਸਾਉਣ ਦੀ ਥਾਂ ਉਨ੍ਹਾਂ ਦੀ ਨਜ਼ਰ ਰੇਲ ਪਟੜੀਆਂ ਵਿਛਾਉਣ ਦੇ ਠੇਕੇ ਲੈਣ ਉਤੇ ਹੁੰਦੀ।

ਪਰਵਾਸ ਕਰਦੇ ਯਹੂਦੀਆਂ ਨੂੰ ਸਟੇਟ ਨੇ ਰੋਕਿਆ ਕਿਉਂ ਨਹੀਂ? ਇਹ ਸਵਾਲ ਪੁੱਛਿਆ ਜਾ ਸਕਦਾ ਹੈ। ਸਰਕਾਰੀ ਪ੍ਰੈਸ ਵਿਚ ਅਜਿਹੇ ਬਿਆਨ ਛਪਦੇ ਹੁੰਦੇ, ਯਹੂਦੀਆਂ ਦਾ ਕੀ ਕੀਤਾ ਜਾਵੇ? ਉਨ੍ਹਾਂ ਨੂੰ ਕੁੱਟੀਏ-ਮਾਰੀਏ ਕਿ ਰਹਿਮ ਕਰੀਏ? ਆਮ ਉਤਰ ਹੁੰਦਾ, ਰੂਸ ਦੇ ਦੂਰ ਦੁਰਾਡੇ ਉਜਾੜ ਇਲਾਕਿਆਂ ਵੱਲ ਧੱਕ ਦਿਉ ਜਾਂ ਦੇਸ ਨਿਕਾਲਾ ਦਿਉ। ਦੰਗਾ ਪੀੜਤ ਯਹੂਦੀਆਂ ਦਾ ਕੇਸ ਅਦਾਲਤ ਵਿਚ ਇਨਸਾਫ ਲਈ ਚੱਲ ਰਿਹਾ ਸੀ ਤਾਂ ਸਰਕਾਰੀ ਵਕੀਲ, ਜਿਸ ਨੇ ਉਨ੍ਹਾਂ ਦੀ ਹਮਾਇਤ ਵਿਚ ਸਬੂਤ ਦੇਣੇ ਸਨ, ਨੇ ਕਿਹਾ, 'ਤੁਸੀਂ ਦੇਸ ਛੱਡ ਕਿਉਂ ਨ੍ਹੀਂ ਜਾਂਦੇ? ਪੱਛਮੀ ਸਰਹੱਦ ਖੁੱਲ੍ਹੀ ਹੈ, ਭਲਾ ਚਾਹੁੰਦੇ ਹੋ ਤਾਂ ਨਿਕਲ ਜਾਓ।' ਇਹੀ ਸ਼ਬਦ ਗ੍ਰਹਿ ਮੰਤਰੀ ਕਾਊਂਟ ਇਗਨੇਤੀਵ ਨੇ 1882 ਜਨਵਰੀ ਵਿਚ ਕਹੇ ਸਨ, 'ਪੱਛਮ ਵੱਲ ਨਿਕਲਣ ਦੀ ਸਹੂਲਤ ਦਾ ਯਹੂਦੀ ਪੂਰਾ ਲਾਭ ਉਠਾ ਰਹੇ ਹਨ, ਉਨ੍ਹਾਂ ਨੂੰ ਕੋਈ ਨਹੀਂ ਰੋਕਦਾ।' ਯਹੂਦੀ ਵਫਦ ਰੂਸ ਵਿਚੋਂ ਪਰਵਾਸ ਕਰਨ ਦੀ ਆਗਿਆ ਮੰਗਣ ਗਿਆ ਤਾਂ ਇਸ ਮੰਤਰੀ ਨੇ ਇਹੋ ਲਫਜ਼ ਉਨ੍ਹਾਂ ਅੱਗੇ ਦੁਹਰਾਏ।

ਪੁਰਾਣੇ ਲੋਕ ਹੱਤਕ ਤੇ ਹਿੰਸਾ ਬਰਦਾਸ਼ਤ ਕਰੀ ਦੜ ਵੱਟੀ ਰੱਖਦੇ; ਪਰ ਨਵੇਂ ਯੂਨੀਵਰਸਿਟੀਆਂ ਦੇ ਪੜ੍ਹੇ ਯਹੂਦੀ ਜਵਾਨ ਸਵਾਲ ਕਰਦੇ, ਸਾਡੇ ਨਾਲ ਪਸ਼ੂਆਂ ਤੋਂ ਮਾੜਾ ਸਲੂਕ ਹੋ ਰਿਹੈ, ਸਾਨੂੰ ਕੋਈ ਕੋਹੜ ਹੋਇਐ, ਜਿਸ ਤੋਂ ਯਹੂਦੀ ਮੁਕਤ ਹੋਣੇ ਜ਼ਰੂਰੀ ਹਨ? ਦੋ ਰਸਤੇ ਨੇ- ਬਰਾਬਰੀ ਜਾਂ ਪਰਵਾਸ। ਬਰਾਬਰੀ ਤਾਂ ਕਿਥੇ? ਮਾੜੇ ਮੋਟੇ ਰਹਿੰਦੇ-ਖੂੰਹਦੇ ਹੱਕ ਖੋਹੇ ਜਾ ਰਹੇ ਸਨ, ਸੋ ਯਕੀਨਨ ਪਰਵਾਸ।

ਵਿਦਿਆਰਥੀਆਂ ਦੇ ਕਹਿਣ 'ਤੇ ਡਾਕਟਰਾਂ, ਇੰਜੀਨੀਅਰਾਂ ਨੇ ਪੁਜਾਰੀਆਂ ਅੱਗੇ ਬੇਨਤੀ ਕੀਤੀ, ਰੂਸੀ ਸਰਕਾਰ ਤੋਂ ਦਰਖਾਸਤ ਮਨਜ਼ੂਰ ਕਰਵਾਉ ਕਿ ਚੁਣੀ ਹੋਈ ਸਭਾ, ਯਹੂਦੀਆਂ ਦੀ ਮਦਦ ਲਈ ਦਾਨ ਇਕੱਠਾ ਕਰੇਗੀ ਤੇ ਵੰਡੇਗੀ। ਪੁਜਾਰੀਆਂ ਨੇ ਨਾਂਹ ਕਰ ਦਿੱਤੀ। ਵਿਦਿਆਰਥੀਆਂ ਨੇ ਕਿਹਾ, 'ਅਸੀਂ ਪੁਜਾਰੀਆਂ ਦਾ ਬਾਈਕਾਟ ਕਰ ਦਿਆਂਗੇ'। ਜਵਾਨਾਂ ਦੇ ਉਦਮ ਸਦਕਾ ਕਰੇਤਨੀ ਹਾਲ ਵਿਚ ਗੁਪਤ ਮੀਟਿੰਗ ਸੱਦੀ ਗਈ, ਇੰਨੀ ਵੱਡੀ ਗਿਣਤੀ ਵਿਚ ਲੋਕ ਆਏ ਕਿ ਬਹਿਣ-ਖਲੋਣ ਨੂੰ ਥਾਂ ਨਾ ਮਿਲੀ। ਵੱਡੇ-ਛੋਟੇ, ਮੁੰਡੇ-ਕੁੜੀਆਂ ਸਭ। ਬੁਲਾਰਿਆਂ ਦੇ ਗਲੇ ਵਧੀਕ ਬੋਲਣ ਅਤੇ ਤੰਬਾਕੂ ਪੀਣ ਕਾਰਨ ਬੈਠੇ ਹੋਏ ਸਨ। ਰੂਸ ਤੋਂ ਰਿਆਇਤਾਂ ਮੰਗਣ ਬਾਰੇ ਗੱਲ ਨਹੀਂ ਹੋਈ। ਮਸਲਾ ਸਿਰਫ ਇੰਨਾ ਸੀ ਕਿ ਉਜੜਨਾ ਹੈ, ਪਰ ਜਾਈਏ ਕਿਥੇ? ਇਹੋ ਜਿਹੀ ਗੱਲ ਵੀ ਨਹੀਂ ਹੋਈ ਕਿ ਕੋਈ ਆਪਣਾ ਨਵਾਂ ਦੇਸ ਵਸਾਉਣਾ ਹੈ। ਕਰੀਬ ਸਰਬਸੰਮਤੀ ਸੀ ਕਿ ਇਜ਼ਰਾਈਲ ਚੱਲੀਏ।

ਇਸ ਪਿਛੋਂ ਸੇਂਟ ਪੀਟਰਸਬਰਗ ਵਿਚ 80 ਵਿਦਿਆਰਥੀਆਂ ਨੇ ਮੀਟਿੰਗ ਕਰ ਕੇ ਸਭਾ ਬਣਾ ਲਈ ਜਿਸ ਦਾ ਨਾਂ ਸੀ, ਅਹਿਵਤ ਜ਼ਿਓਨ (ਜ਼ਿਓਨ ਦੇ ਪ੍ਰੇਮੀ); ਚੇਤੰਨ ਹੋ ਕੇ ਸਭ ਨੇ ਰੂਸੀ ਦੀ ਥਾਂ ਯਿਦਿਸ਼ ਵਿਚ ਭਾਸ਼ਣ ਕੀਤੇ ਤੇ ਫੈਸਲਾ ਕੀਤਾ ਇਜ਼ਰਾਈਲ ਵਿਚ ਵੱਸਾਂਗੇ। ਆਪਣਾ ਪਛਾਣ ਚਿੰਨ੍ਹ ਘੜ ਲਿਆਂਦਾ- ਛੇ ਪੱਤੀਆਂ ਵਾਲਾ ਗੁਲਾਬ ਜਿਸ 'ਤੇ ਜ਼ਿਓਨ ਲਫਜ਼ ਉਕਰਿਆ ਹੋਇਆ ਸੀ। ਗੁਲਾਬ ਦਾਊਦ ਦੇ ਸਿਤਾਰੇ ਦਾ ਚਿੰਨ੍ਹ ਸੀ। ਜ਼ਿਓਨਿਜ਼ਮ ਲਹਿਰ ਚੱਲ ਪਈ। ਫੈਸਲਾ ਹੋਇਆ ਕਿ ਵੱਡੀ ਪੱਧਰ 'ਤੇ ਪਰਵਾਸ ਕਰੀਏ ਤਾਂ ਕਿ ਦੁਨੀਆਂ ਵਿਚ ਹਿਲਜੁਲ ਹੋਵੇ। ਜਵਾਨਾਂ ਨੇ ਅਸਰ ਰਸੂਖ ਵਾਲੇ ਧਨੀ ਯਹੂਦੀਆਂ ਨਾਲ ਗੱਲ ਕੀਤੀ, ਹਰ ਕੋਈ ਚੁੱਪ ਕਰ ਜਾਂਦਾ, ਟਾਲ ਦਿੰਦਾ। ਕੁਝ ਅਖਬਾਰਨਵੀਸਾਂ ਅਤੇ ਸਾਹਿਤਕਾਰਾਂ ਨੇ ਰਤਾ ਕੁ ਦਿਲਚਸਪੀ ਦਿਖਾਈ। ਦਾਊਦ ਗੋਰਡਨ ਨੇ ਕੁਝ ਚੰਗੇ ਲਫਜ਼ ਕਹੇ। ਮਾਰਚ 1882 ਵਿਚ ਸੈਕੰਡਰੀ ਸਕੂਲ ਮਾਸਕੋ ਦੇ ਇਕ ਵਿਦਿਆਰਥੀ ਨੇ ਆਪਣੀ ਡਾਇਰੀ ਵਿਚ ਲਿਖਿਆ, ਇਜ਼ਰਾਈਲ ਵਿਚ ਇਕ ਦਿਨ ਸਾਡੀ ਸਰਕਾਰ ਬਣੇਗੀ। ਵਿਦਿਆਰਥੀ ਦਾ ਨਾਂ ਸੀ, ਹੇਮ ਹਿਸੀਂਨ।... ਪਰ ਉਥੇ ਫਲਸਤੀਨ ਦਾ ਸੁਲਤਾਨ ਹੈ, ਉਹ ਆਗਿਆ ਦੇ ਦਏਗਾ? ਮੰਨ ਲਉ ਹਾਂ ਕਰ ਦਏ, ਜ਼ਮੀਨਾਂ ਕਿਵੇਂ ਖਰੀਦਾਂਗੇ? ਸੁਣਿਐ, ਕਦੀ ਇਜ਼ਰਾਈਲ ਬੜਾ ਉਪਜਾਊ ਹੁੰਦਾ ਸੀ, ਹੁਣ ਤਾਂ ਉਥੇ ਮਾਰੂਥਲ ਹੈ ਜਾਂ ਖੁਸ਼ਕ ਪਹਾੜੀਆਂ। ਉਥੇ ਕਰਾਂਗੇ ਕੀ? ਤਾਂ ਫਿਰ ਅਮਰੀਕਾ ਕਿਵੇਂ ਰਹੇ? ਪਤਾ ਲੱਗੈ, ਅਮਰੀਕਾ ਵਸੋਂ ਵਾਸਤੇ ਮਨਜ਼ੂਰੀ ਦੇ ਦਿੰਦੈ। ਇਕ ਦਿਨ ਖਬਰ ਪੜ੍ਹੀ ਕਿ ਅਮਰੀਕਾ ਨੇ ਚੀਨੀਆਂ ਨੂੰ ਦੇਸ ਵਿਚ ਦਾਖਲ ਹੋਣੋਂ ਨਾਂਹ ਕਰ ਦਿੱਤੀ, ਇਹੀ ਹਾਲ ਯਹੂਦੀਆਂ ਦਾ ਹੋਵੇਗਾ। ਫਲਸਰੂਪ ਬਹੁਤ ਥੋੜ੍ਹੇ ਯਹੂਦੀ ਅਮਰੀਕਾ ਗਏ, ਇਹ ਲਹਿਰ ਨਾ ਬਣ ਸਕੀ।

ਮੀਟਿੰਗਾਂ ਵਿਚ ਜਵਾਨ ਅਕਸਰ ਵਿਚਾਰਦੇ, ਕੀ ਯਹੂਦੀ ਪਰਵਾਸ, ਰੁਜ਼ਗਾਰ ਹਾਸਲ ਕਰਨ ਵਾਸਤੇ ਆਮ ਸਫਰ ਹੈ ਜਾਂ ਇਸ ਵਿਚ ਕੁਝ ਵਿਸ਼ੇਸ਼ਤਾ ਹੈ? ਉਤਰ ਮਿਲਦਾ, ਇਹ ਉਜਾੜਾ ਆਮ ਨਹੀਂ। ਅਸੀਂ ਦੁਨੀਆਂ ਵਿਚ ਇਕੱਲੇ ਹਾਂ, ਸਾਡਾ ਕੋਈ ਹਮਦਰਦ ਨਹੀਂ, ਸਾਡਾ ਕੋਈ ਦੇਸ ਨਹੀਂ। ਅਮਰੀਕਾ ਜਾਂ ਪੋਲੈਂਡ ਸਾਡੇ ਦੇਸ ਨਾ ਹਨ, ਨਾ ਬਣਨਗੇ; ਜੇ ਬਣੇਗਾ ਤਾਂ ਇਜ਼ਰਾਈਲ। ਇਸ ਵਕਤ ਦੋ ਕੰਮ ਪਹਿਲਾਂ ਕਰਨੇ ਪੈਣਗੇ; ਇਕ, ਸਾਨੂੰ ਚੰਗੇ ਯਹੂਦੀ ਬਣਨਾ ਪਵੇਗਾ; ਦੂਜਾ, ਸਾਨੂੰ ਮਿਹਨਤੀ ਕਿਸਾਨ ਹੋਣਾ ਪਵੇਗਾ। ਪੁਰਾਣੀ ਬਾਈਬਲ ਦੇ 'ਉਜਾੜਾ' ਕਾਂਡ ਵਿਚੋਂ ਇਹ ਪੰਕਤੀ ਉਨ੍ਹਾਂ ਨੇ ਮੈਨੀਫੈਸਟੋ ਬਣਾ ਲਈ: ਤਦ ਰੱਬ ਨੇ ਮੂਸਾ ਨਬੀ ਨੂੰ ਕਿਹਾ, ਇਜ਼ਰਾਈਲ ਦੇ ਬੱਚਿਆਂ ਨੂੰ ਆਖ ਕਿ ਅਗਾਂਹ ਕਦਮ ਵਧਾਉਣ।

ਜਵਾਨਾਂ ਨੇ ਵਡੇਰਿਆਂ ਨੂੰ ਪ੍ਰੇਰਿਆ, ਕੁਝ ਕੁ ਨੇ ਤੁਰਨ ਵਾਸਤੇ ਹਾਮੀ ਵੀ ਭਰੀ, ਪਰ ਘੱਟ। ਜਵਾਨਾਂ ਨੇ ਇਕ-ਦੂਜੇ ਨੂੰ ਕਿਹਾ, ਇੰਨੀ ਜ਼ਿੱਲਤ ਪਿਛੋਂ ਵੀ ਦਲੀਲਾਂ ਨਾਲ ਸਮਝਾਈਏ ਕਿ ਚੱਲੋ? ਜੋ ਤੁਰਦੈ ਤੁਰੇ, ਨਹੀਂ ਨਾ ਸਹੀ। ਆਖਰ ਕਿਸੇ ਨਾ ਕਿਸੇ ਨੂੰ ਤਾਂ ਅੱਗੇ ਲੱਗਣਾ ਪਵੇਗਾ। ਅਸੀਂ ਨਾ ਲੱਗੇ, ਤਾਂ ਕੌਣ ਲੱਗੂ?

ਵਡੇਰਿਆਂ ਨੇ ਇਨ੍ਹਾਂ ਜਵਾਨਾਂ ਬਾਰੇ ਦੋ ਵਾਕ ਕਹੇ: ਆਪਣੀ ਗੱਲ ਤੋਂ ਇਲਾਵਾ ਹੋਰ ਕਿਸੇ ਦੀ ਗੱਲ ਨਹੀਂ ਸੁਣਦੇ। ਇਹ ਸਿਰੇ ਦੇ ਨਿਰਾਸ਼ਾਵਾਦੀ ਤੇ ਸਿਰੇ ਦੇ ਆਸ਼ਾਵਾਦੀ ਹਨ। ਰੂਸ ਵਿਚ ਹਨੇਰਾ ਤੇ ਇਜ਼ਰਾਈਲ ਵਿਚ ਚਾਨਣ ਤੋਂ ਸਿਵਾ ਇਨ੍ਹਾਂ ਨੂੰ ਕੁਝ ਨਹੀਂ ਦਿਸਦਾ।

ਇਸ ਜਥੇ ਦੀ ਜਵਾਨੀ, ਧਰਮ ਤੋਂ ਪ੍ਰਭਾਵਿਤ ਸੀ; ਸਿਆਸਤ ਨਹੀਂ ਸੀ ਆਉਂਦੀ। ਇਨ੍ਹਾਂ ਜਵਾਨਾਂ ਨੇ ਕਿਹਾ, ਯੂਰਪ ਵਿਚ ਵਸਣ ਦਾ ਮਤਲਬ ਹੈ, ਅਨੰਤਕਾਲ ਤੱਕ ਹੱਤਕ ਤੇ ਜ਼ੁਲਮ ਸਹੀ ਜਾਣਾ, ਜਾਂ ਬਤੌਰ ਯਹੂਦੀ ਨਸਲ ਖਤਮ ਹੋ ਜਾਣਾ। ਬਚਣ ਦਾ ਇਕੋ ਇਕ ਤਰੀਕਾ ਹੈ, ਧਰਤੀ ਦਾ ਕੋਈ ਅਜਿਹਾ ਟੁਕੜਾ ਹੋਵੇ ਜਿਥੇ ਆਪਣੀ ਆਬਾਦੀ ਹੋਵੇ। ਜਿਸ ਥਾਂ ਨਾਲ ਖੂਨ ਦੀ ਸਾਂਝ ਹੋਵੇ। ਇਜ਼ਰਾਈਲ ਤੋਂ ਬਗੈਰ ਅਜਿਹੀ ਥਾਂ ਹੋਰ ਕੋਈ ਨਹੀਂ। ਔਕੜਾਂ ਤੇ ਥੁੜ੍ਹਾਂ ਹੋਣਗੀਆਂ, ਇਸ ਵਾਸਤੇ ਪਹਿਲੋਂ ਤਿਆਰ ਰਹੀਏ। ਸਾਡੇ ਬਿਨਾ ਇਹ ਉੱਦਮ ਹੋਰ ਕੌਣ ਕਰੂ? ਕੌਣ ਹੈ ਜੋ ਇਸੇ ਵਕਤ ਤਿਆਰ ਹੈ? ਦਸਤਖਤਾਂ ਵਾਸਤੇ ਰਜਿਸਟਰ ਅੱਗੇ ਕੀਤਾ ਗਿਆ। ਕੇਵਲ 14 ਜਵਾਨਾਂ ਨੇ ਦਸਤਖਤ ਕਰ ਕੇ ਸਿਰਨਾਵਾਂ ਲਿਖ ਦਿੱਤਾ। ਪਰਵਾਸ ਕਰਨ ਵਾਲੀ ਟੀਮ ਦਾ ਨਾਂ ਰੱਖਿਆ, ਬਿਲੁਇਮ। ਬਿਲੁਇਮ ਲਫਜ਼ ਬਾਈਬਲ ਦੇ ਵਾਕ ਦਾ ਸੰਖੇਪ ਕੀਤਾ ਸੰਕੇਤ ਹੈ; ਪੂਰਾ ਵਾਕ ਹੈ- ਯਕੂਬ ਦੇ ਪਰਿਵਾਰ ਪਿਛੇ, ਰੱਬ ਦੀ ਰੌਸ਼ਨੀ ਪਿਛੇ ਤੁਰਿਆ ਆ। -ਈਸਾਈਆਹ 2:5

ਫੈਸਲਾ ਹੋਇਆ ਕਿ ਛੇ ਮਹੀਨਿਆਂ ਵਿਚ ਕਾਰਵਾਂ ਤੁਰ ਪਏਗਾ। ਜਿਹੜੇ ਬੰਦੇ ਨਹੀਂ ਜਾ ਸਕਦੇ, ਨਾ ਜਾਣ; ਜਿਹੜੇ ਜਾਣ ਲਈ ਤਿਆਰ ਹਨ, ਉਨ੍ਹਾਂ ਨੂੰ ਪੈਸੇ ਦੀ ਮਦਦ ਦੇਣ। ਇਮਤਿਹਾਨ ਦੇ ਕੇ ਇਹ ਗਰੁਪ ਆਪਣੀ ਸਕੀਮ ਦਾ ਪ੍ਰਚਾਰ ਕਰਨ ਲੱਗਾ। ਖਿਆਲ ਸੀ, ਤਿੰਨ ਹਜ਼ਾਰ ਮੈਂਬਰ ਹੋ ਜਾਣਗੇ, ਪਰ ਪੰਜ ਮੈਂਬਰ ਹੋਏ। ਇਹ ਵੀ ਹਮਦਰਦ ਸਨ, ਨਾਲ ਜਾਣ ਵਾਲੇ ਨਹੀਂ। ਕੁਝ ਸੌ ਰੂਬਲਾਂ ਤੋਂ ਵੱਧ ਪੈਸੇ ਵੀ ਇਕੱਠੇ ਨਾ ਹੋਏ। ਧਨੀ ਲੋਕਾਂ ਦੀਆਂ ਮਿੰਨਤਾਂ ਵੀ ਕੀਤੀਆਂ, ਧਮਕੀਆਂ ਵੀ ਦਿੱਤੀਆਂ, ਕੋਈ ਅਸਰ ਨਹੀਂ।

ਆਖਰ ਵੱਡੀਆਂ ਆਸਾਂ-ਉਮੀਦਾਂ ਛੱਡ ਕੇ ਫੈਸਲਾ ਕੀਤਾ ਕਿ ਖੇਤਾਂ ਵਿਚ ਮਜ਼ਦੂਰੀ ਕਰਨ ਚਲੀਏ। ਦੁੱਖ ਇਹ ਕਿ ਜਿਨ੍ਹਾਂ ਅਮੀਰ ਯਹੂਦੀਆਂ ਨੂੰ ਨਫਰਤ ਕਰਦੇ ਹਾਂ, ਉਨ੍ਹਾਂ ਦੇ ਦਿੱਤੇ ਦਾਨ ਨਾਲ ਗੁਜ਼ਾਰਾ ਕਰਨਾ ਪਵੇਗਾ। ਕੁਸਤੁਨਤੁਨੀਆਂ ਪੁੱਜ ਗਏ। ਉਥੋਂ ਦੀ ਨਾ ਬੋਲੀ ਆਉਂਦੀ ਸੀ, ਨਾ ਕਿਸੇ ਨੂੰ ਜਾਣਦੇ ਸਨ। ਜੋ ਪੈਸੇ ਸਨ, ਮੁੱਕ ਗਏ। ਹੁਣ? ਸੋਚ ਕੇ ਆਏ ਨੇ, ਸੁਲਤਾਨ ਨਾਲ ਗੱਲ ਕਰਾਂਗੇ ਪਰ ਇਹ ਤਾਂ ਢਾਬੇ ਵਾਲੇ ਨਾਲ ਗੱਲ ਕਰਨ ਦੇ ਵੀ ਯੋਗ ਨਹੀਂ। ਪਤਾ ਨਾ ਲੱਗੇ ਕੀ ਕਰੀਏ। ਇਹ ਕੁਲ 16 ਜਣੇ ਸਨ, ਪੰਦਰਾਂ ਮੁੰਡੇ ਤੇ ਇਕ ਕੁੜੀ। ਫੈਸਲਾ ਹੋਇਆ ਕਿ ਦੋ ਮੁੰਡੇ ਕੁਸਤੁਨਤੁਨੀਆਂ ਰਹਿਣ ਅਤੇ ਮੌਕਾ ਮਿਲਣ 'ਤੇ ਤੁਰਕ ਸੁਲਤਾਨ ਨਾਲ ਗੱਲ ਕਰਨ; ਬਾਕੀ ਚੌਦਾਂ ਇਜ਼ਰਾਈਲ ਜਾਣ। ਵਾਪਸ ਪਰਤਣ ਦਾ ਖਿਆਲ ਆਇਆ ਤਾਂ ਕਿਹਾ, ਜੇ ਆਪਾਂ ਹੀ ਮੁੜ ਗਏ, ਫਿਰ ਕੌਣ ਇੱਧਰ ਮੂੰਹ ਕਰੇਗਾ? ਜੋ ਹੋਊ, ਦੇਖੀ ਜਾਊ; ਪਿਛੇ ਨਹੀਂ ਮੁੜਨਾ। ਬੰਦਰਗਾਹ 'ਤੇ ਕੁਲੀ ਲੱਗ ਜਾਵਾਂਗੇ। ਰਸਤੇ ਵਿਚ ਉਨ੍ਹਾਂ ਨੂੰ ਸਾਈਪਰਸ ਵਿਖੇ ਦੱਸਿਆ ਵੀ ਗਿਆ ਕਿ ਹੋ ਸਕਦੈ, ਤੁਹਾਨੂੰ ਜਹਾਜ਼ ਵਿਚੋਂ ਉਤਰਨ ਹੀ ਨਾ ਦੇਣ। ਪਰਵਾਹ ਨਾ ਕੀਤੀ। 30 ਜੂਨ 1882 ਨੂੰ ਤੁਰੇ ਤੇ ਹਫਤੇ ਬਾਅਦ ਜਾਫਾ ਜਾ ਉਤਰੇ।

ਇਕ ਫਾਰਮ ਵਿਚ ਇਕ ਫਰਾਂਕ ਰੋਜ਼ 'ਤੇ ਦਿਹਾੜੀ ਕਰਨ ਲੱਗੇ। ਇੰਨੀ ਘੱਟ ਰਕਮ ਕਿ


***(ਬਾਕੀ ਅਗਲੇ ਸਫੇ 'ਤੇ)***

***ਜੂਨ 1884 ਦੇ ਫਸਾਦਾਂ ਵਿਚ ਨੌਂ ਯਹੂਦੀ ਕਤਲ ਹੋਏ ਸਨ। ਯਹੂਦੀ ਅਖਬਾਰ 'ਵੋਸਖੋਦ' ਨੇ ਲਿਖ ਦਿੱਤਾ ਕਿ ਸਰਕਾਰ ਯਹੂਦੀਆਂ ਨੂੰ ਬਾਕੀ ਰੂਸੀਆਂ ਦੇ ਬਰਾਬਰ ਨਾਗਰਿਕ ਨਹੀਂ ਮੰਨਦੀ, ਲਿਖਿਆ ਕਿ ਰੂਸੀ ਪ੍ਰੈਸ ਯਹੂਦੀਆਂ ਵਿਰੁੱਧ ਭੜਕਾਊ ਸਮੱਗਰੀ ਛਾਪ ਕੇ ਫਸਾਦੀ ਮਾਹੌਲ ਪੈਦਾ ਕਰ ਰਹੀ ਹੈ, ਸਰਕਾਰ ਕਿਉਂ ਨਹੀਂ ਰੋਕਦੀ? ਸੰਪਾਦਕ ਵਿਰੁੱਧ ਸੰਮਨ ਜਾਰੀ ਹੋ ਗਏ ਕਿ ਬਗੈਰ ਸਬੂਤ ਸਰਕਾਰ ਦੀ ਆਲੋਚਨਾ ਕੀਤੀ ਹੈ, ਕਿ ਝੂਠ ਸਹਾਰੇ ਪਰਜਾ ਦੇ ਇਕ ਹਿੱਸੇ (ਯਹੂਦੀਆਂ) ਨੂੰ ਸਰਕਾਰ ਵਿਰੁੱਧ ਭੜਕਾਉਣ ਦਾ ਯਤਨ ਕੀਤਾ ਹੈ। ਕੁਝ ਸਾਲਾਂ ਬਾਅਦ ਇਸ ਅਖਬਾਰ ਨੂੰ ਦੂਜੀ ਵਾਰ ਤਾੜਨਾ ਪੱਤਰ ਮਿਲਿਆ ਤੇ ਅਖਬਾਰ ਛੇ ਮਹੀਨਿਆਂ ਲਈ ਬੰਦ ਕਰ ਦਿੱਤਾ।***




***ਕੁਝ ਯਹੂਦੀ ਅਖਬਾਰਾਂ ਦੇ ਟਾਈਟਲ ਜਿਨ੍ਹਾਂ ਵਿਚ ਸੱਜੇ ਹੱਥ ਐਨ ਉਪਰ 'ਵੋਸਖੋਦ' ਵੀ ਦਿਖਾਈ ਦੇ ਰਿਹਾ ਹੈ।***

***ਬਿਨਾਂ ਸੱਦੇ-ਬੁਲਾਵੇ ਦੇ, ਬਿਨਾਂ ਕਿਸੇ ਏਜੰਡੇ, ਵਿਚਾਰ-ਵਟਾਂਦਰੇ ਤਾਲਮੇਲ ਦੇ, ਬਿਨਾਂ ਜ਼ਿੰਮੇਵਾਰ ਬੰਦਿਆਂ ਦੀ ਰਾਇ ਲਏ; ਜਿਹੜੀ ਯਹੂਦੀਆਂ ਦੀ ਕੀੜੀਆਂ ਵਰਗੀ ਕਤਾਰ ਯੋਰੋਸ਼ਲਮ ਵੱਲ ਪੂਰਬੀ ਯੂਰਪ ਵਲੋਂ ਤੁਰ ਪਈ, ਉਸ ਲਹਿਰ ਦਾ ਨਾਮ ਜ਼ਿਓਨਿਜ਼ਮ ਪੈ ਗਿਆ। ਜ਼ਿਓਨ ਮਾਇਨੇ ਸੁਫਨਿਆਂ ਦਾ ਦੇਸ, ਯਾਨਿ ਯੋਰੋਸ਼ਲਮ।***



ਕੇਵਲ ਦੋ ਵਕਤ ਦੀ ਰੋਟੀ ਨਸੀਬ ਹੁੰਦੀ, ਕੰਮ ਹੱਡ ਭੰਨਵਾਂ। ਗਰਮੀ ਇੰਨੀ ਰੂਸ ਵਿਚ ਦੇਖੀ ਹੀ ਨਹੀਂ ਸੀ। ਤਰਸ ਖਾ ਕੇ ਕਦੀ ਕਦਾਈਂ ਕੋਈ ਦਾਨੀ ਕੁਝ ਪੈਸੇ ਦੇ ਜਾਂਦਾ। 1884 ਤੱਕ ਕੁੱਲ 60 ਜਵਾਨ, ਇਸੇ ਤਰ੍ਹਾਂ ਦੇ ਸੁਫਨਸਾਜ਼ ਪੁੱਜੇ, ਪਰ ਦੁਸ਼ਵਾਰੀਆਂ ਦੇਖ ਕੇ ਵਾਪਸ ਦੌੜ ਗਏ। ਦਸੰਬਰ 1884 ਤੱਕ ਕੇਵਲ 20 ਯੋਧੇ ਬਾਕੀ ਰਹੇ। ਆਖਰ ਸਿਆਣਿਆਂ ਨੇ ਦੇਖਿਆ ਕਿ ਮੁੰਡੇ ਸਿਰੜੀ ਹਨ, ਜਾਫਾ ਤੋਂ 25 ਕਿਲੋਮੀਟਰ ਦੂਰ ਕਤਰ ਵਿਚ ਵਾਹੀਯੋਗ ਜ਼ਮੀਨ ਦਾ ਟੋਟਾ ਖਰੀਦ ਕੇ ਲੈ ਦਿੱਤਾ। ਇਨ੍ਹਾਂ ਕੋਲ ਖੇਤੀ ਦਾ ਕੋਈ ਸੰਦ ਨਹੀਂ। ਹਲ ਵਾਹੁਣ, ਦੁੱਧ ਚੋਣ ਲਈ ਪਸ਼ੂ ਨਹੀਂ। ਰਹਿਣ ਲਈ ਛੱਤ ਨਹੀਂ। ਜਦੋਂ ਜ਼ਮੀਨ ਦੀ ਮਾਲਕੀ ਮਿਲੀ, ਉਦੋਂ ਬਿਜਾਈ ਦੀ ਰੁੱਤ ਲੰਘ ਚੁੱਕੀ ਸੀ। ਰਹਿਣ ਲਈ ਢਾਰਾ ਛੱਤ ਲਿਆ। ਖੇਤ ਵਿਚੋਂ ਕਦੀ ਚੱਜ ਨਾਲ ਉਪਜ ਨਹੀਂ ਹੋਈ ਪਰ ਇਹ ਇਕ ਲਹਿਰ, ਇਕ ਦੇਸ ਦਾ ਇਤਿਹਾਸਕ ਨੁਕਤਾ ਜ਼ਰੂਰ ਬਣਿਆ। ਇਸ ਦੇ ਮੋਢੀ ਮੈਂਬਰ ਇਸ ਗੱਲੋਂ ਨਿਰਾਸ ਨਹੀਂ ਹੋਏ ਕਿ ਉਹ ਸਫਲ ਨਹੀਂ ਹੋਏ, ਸਗੋਂ ਫਖ਼ਰ ਸੀ ਕਿ ਖਤਰੇ ਸਹੇੜ ਕੇ ਪੁਰਖਿਆਂ ਦੇ ਦੇਸ ਹਾਜ਼ਰੀ ਭਰਨ ਗਏ।

ਸ਼ੁਰੂ ਵਿਚ ਇਨ੍ਹਾਂ ਨੇ ਜਜ਼ਬਾਤੀ ਖਤ ਲਿਖ ਕੇ ਰੂਸੀ ਜਵਾਨ ਬੁਲਾਏ। ਹੌਲੀ ਹੌਲੀ ਸੁਰ ਗੰਭੀਰ ਹੁੰਦੀ ਗਈ। ਦੱਸਦੇ ਰਹੇ, ਕਿੰਨੀਆਂ ਮੁਸ਼ਕਿਲਾਂ ਹਨ, ਪਰ ਤਾਂ ਵੀ ਆ ਜਾਉ। 1884 ਤੱਕ ਇਨ੍ਹਾਂ ਨੇ ਆਪਣੀ ਨੇਮਾਵਲੀ ਤਿਆਰ ਕੀਤੀ ਜਿਸ ਦੀਆਂ 78 ਮਦਾਂ ਸਨ। ਇਹ ਇਕ ਤਰ੍ਹਾਂ ਦਾ ਸੰਕਟਕਾਲੀ ਰਹਿਤਨਾਮਾ ਸੀ। ਕਿਸੇ ਨਾ ਕਿਸੇ ਰੂਪ ਵਿਚ ਇਸ ਰਹਿਤਨਾਮੇ ਦੀ ਤਾਰ ਇਜ਼ਰਾਈਲ ਜਾ ਵਸੇ ਹਰ ਯਹੂਦੀ ਦੇ ਦਿਲ ਵਿਚ 1948 ਤਕ ਧੜਕਦੀ ਰਹੀ, ਉਦੋਂ ਤੱਕ ਜਦੋਂ ਤੱਕ ਆਜ਼ਾਦ ਦੇਸ ਨੇ ਦਾਊਦ ਦਾ ਝੰਡਾ ਲਹਿਰਾ ਦਿੱਤਾ ਆਖਰ। ਇਸ ਟੋਲੀ ਦੇ ਬੰਦਿਆਂ ਦਾ ਸੁਭਾਅ ਆਪਣੇ ਸਨੇਹੀਆਂ ਵੱਲ ਲਿਖੇ ਪੱਤਰਾਂ ਤੋਂ ਦਿਸਦਾ ਹੈ। ਪਹਿਲੀ ਨਵੰਬਰ 1882 ਨੂੰ ਜ਼ੀਵ ਨੇ ਆਪਣੇ ਭਰਾ ਸ਼ਿਮੋਨ ਨੂੰ ਲਿਖਿਆ: ਸਾਡੇ ਸੁਫਨੇ, ਤੁਹਾਨੂੰ ਲੱਗੇਗਾ ਬਹੁਤ ਵੱਡੇ ਹਨ; ਬਹੁਤ ਵੱਡੇ ਤਾਂ ਹਨ ਪਰ ਅਸੰਭਵ ਨਹੀਂ। ਅਸੀਂ ਯਹੂਦੀਆਂ ਨੂੰ ਉਸ ਪਿਤਰ ਦੇਸ ਇਜ਼ਰਾਈਲ ਦੀ ਧਰਤੀ ਦੀ ਮਾਲਕੀ ਦਿਵਾਵਾਂਗੇ ਜਿਸ ਤੋਂ ਉਹ 2000 ਸਾਲ ਤੋਂ ਮਹਿਰੂਮ ਹਨ। ਅਸੀਂ ਕਿਸਾਨ-ਕਾਲੋਨੀਆਂ ਵਸਾ ਦਿੱਤੀਆਂ ਹਨ ਤੇ ਉਦਯੋਗ ਵਾਸਤੇ ਵਰਕਸ਼ਾਪਾਂ ਉਸਾਰ ਰਹੇ ਹਾਂ। ਸਾਰਾ ਕਾਰੋਬਾਰ ਯਹੂਦੀਆਂ ਕੋਲ ਹੋਵੇਗਾ। ਤੁਰਕ ਬੜੇ ਖਤਰਨਾਕ ਹਨ, ਅਸੀਂ ਨਵੀਂ ਪੀੜ੍ਹੀ ਨੂੰ ਸੁਰੱਖਿਆ ਵਾਸਤੇ ਹਥਿਆਰਾਂ ਦੀ ਟ੍ਰੇਨਿੰਗ ਦੇ ਰਹੇ ਹਾਂ। ਫਿਰ ਆਏਗਾ ਉਹ ਭਾਗਾਂ ਵਾਲਾ ਦਿਨ ਜਿਸ ਦਾ ਵਾਅਦਾ ਈਸਾਈਆਹ ਨੇ ਕੀਤਾ ਸੀ। ਉਸ ਦਿਨ ਮੋਢਿਆਂ 'ਤੇ ਹਥਿਆਰ ਚੁੱਕੀ ਯਹੂਦੀ ਇਕ ਆਵਾਜ਼ ਹੋ ਕੇ ਐਲਾਨ ਕਰਨਗੇ, ਅਸੀਂ ਆਪਣੇ ਪੁਰਾਣੇ ਪਿਤਰਦੇਸ ਦੀ ਮਾਲਕੀ ਹਾਸਲ ਕਰ ਲਈ ਹੈ।

ਇਸ ਮੁਢਲੀ ਜਥੇਬੰਦੀ ਦੇ ਮੈਂਬਰਾਂ ਨੂੰ ਆਪਣੀ ਸਾਰੀ ਸ਼ਕਤੀ ਸਾਰੇ ਸਮੇਂ ਵਾਸਤੇ ਅਰਪਣ ਕਰਨ ਦੀ ਸਹੁੰ ਚੁੱਕਣੀ ਪੈਂਦੀ। ਭਰਤੀ ਦੀ ਉਮਰ 25 ਸਾਲ ਤੱਕ ਸੀ, ਸੁੱਖ ਆਰਾਮ ਛੱਡਣਾ ਪਏਗਾ, ਦੱਸੇ ਗਏ ਸਮੇਂ ਵਿਚਾਲੇ ਵਿਆਹ ਨਹੀਂ ਕਰਵਾਉਣਾ। ਪਤਾ ਹੋਣਾ ਚਾਹੀਦਾ ਹੈ ਕਿ ਕਿਸ ਮਕਸਦ ਵਾਸਤੇ ਭਰਤੀ ਹੋਏ ਹਾਂ। ਕਿਸੇ ਨੂੰ ਨਿਜੀ ਜਾਇਦਾਦ ਬਣਾਉਣ ਦਾ ਹੱਕ ਨਹੀਂ। ਜਿਨ੍ਹਾਂ ਨੂੰ ਚੁਣ ਲਿਆ ਹੈ, ਉਨ੍ਹਾਂ ਲੀਡਰਾਂ ਨਾਲ ਵਫਾ ਕਰਨੀ ਹੈ। ਦਿੱਤੇ ਗਏ ਕੈਂਪ ਵਿਚ ਪੇਂਡੂ, ਸਾਦਾ ਜੀਵਨ ਬਤੀਤ ਕਰਨਾ ਹੈ। ਕਦੀ ਕਦਾਈਂ ਦੂਜੇ ਕੈਂਪ ਵਿਚ ਕੰਮ ਕਰਨ ਲਈ ਭੇਜਿਆ ਜਾ ਸਕਦਾ ਹੈ ਤਾਂ ਕਿ ਨਵਿਆਂ ਦੀਆਂ ਮੁਸ਼ਕਿਲਾਂ ਵਿਚ ਸਹਾਈ ਹੋਈਏ ਤੇ ਆਪਸੀ ਪਿਆਰ ਵਧੇ।

ਇਨ੍ਹਾਂ ਦੇ ਆਪਣੇ ਡਾਕਟਰ, ਅਧਿਆਪਕ, ਤਕਨੀਸ਼ਨ, ਵਪਾਰੀ ਸਭ ਮੌਜੂਦ ਸਨ ਤਾਂ ਕਿ ਸਥਾਨਕ ਅਰਬ ਠੱਗੀ ਨਾ ਕਰ ਸਕਣ। ਇਨ੍ਹਾਂ ਵੇਰਵਿਆਂ ਵਿਚ ਕਿਧਰੇ ਸਿਆਸੀ ਨੁਕਤਾ ਨਹੀਂ। ਆਟੋਮਾਨ ਸੁਲਤਾਨ ਦਾ ਜ਼ਿਕਰ ਨਹੀਂ। ਕੋਈ ਰਿਆਇਤ, ਕੋਈ ਮਨਜ਼ੂਰੀ ਲੈਣ ਵਾਸਤੇ ਸੁਲਤਾਨ ਦੇ ਕਿਸੇ ਫਰਮਾਨ ਦੀ ਲੋੜ ਦਾ ਜ਼ਿਕਰ ਨਹੀਂ। ਜੋ ਉਹ ਕਰ ਰਹੇ ਸਨ, ਯਹੂਦੀ ਸਮਾਜ ਦੇ ਭਲੇ ਹਿਤ ਕਰ ਰਹੇ ਸਨ, ਇਹੀ ਉਨ੍ਹਾਂ ਦੀ ਸਿਆਸਤ ਸੀ, ਇਹੀ ਉਨ੍ਹਾਂ ਦਾ ਧਰਮ। ਸਨਾਤਨੀ ਯਹੂਦੀ ਖੁਦਮੁਖਤਾਰੀ ਨੂੰ ਉਹ ਸੁਰਜੀਤ ਕਰ ਰਹੇ ਸਨ। ਮੁਦਤ ਤੋਂ ਰੂਸੀ ਸਟੇਟ ਨੇ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਹੋਇਆ ਸੀ, ਨਿੱਕੇ ਵੱਡੇ ਆਪਣੇ ਫੈਸਲੇ ਉਹ ਆਪੇ ਕਰ ਲਿਆ ਕਰਦੇ ਸਨ, ਕੀ ਇਸੇ ਕਾਰਨ ਉਨ੍ਹਾਂ ਨੇ ਇਹ ਵਾਜਬ ਨਹੀਂ ਸਮਝਿਆ ਕਿ ਅਰਬਾਂ ਦੀ ਵੀ ਇਥੇ ਵਸੋਂ ਹੈ, ਉਨ੍ਹਾਂ ਨਾਲ ਆਖਰ ਵਾਹ ਪੈਣਾ ਹੈ, ਇਸ ਲਈ ਉਨ੍ਹਾਂ ਨਾਲ ਕੋਈ ਸੰਧੀ ਕਰੀਏ। ਪਤਾ ਨਹੀਂ ਲਗਦਾ। ਉਹ ਆਪਣੇ ਤਾਣੇ-ਪੇਟੇ ਵਿਚ ਮਸਤ ਦਿਨ ਕਟੀ ਕਰ ਰਹੇ ਸਨ, ਸਟੇਟ ਦੀ ਸਿਆਸਤ ਤੋਂ ਬੇਪ੍ਰਵਾਹ। ਉਨ੍ਹਾਂ ਨੂੰ ਆਪਣੇ ਨਿਰਸੁਆਰਥ, ਆਤਮ-ਵਿਸ਼ਵਾਸੀ ਅਮਲ ਦੇ ਰੱਹਸ 'ਤੇ ਵਿਸ਼ਵਾਸ ਸੀ ਜੋ ਨਿਮਾਣਿਆਂ ਨੂੰ ਮਾਣ ਅਤੇ ਨਿਤਾਣਿਆਂ ਨੂੰ ਤਾਣ ਦਏਗਾ।

ਰੋਮਾਨੀਆ ਅਤੇ ਯਮਨ ਵਿਚੋਂ ਇਜ਼ਰਾਈਲ ਵਿਚ ਪੁਰਾਣੇ ਸਮੇਂ ਤੋਂ ਯਹੂਦੀ ਜਾ ਜਾ ਵਸਦੇ ਰਹੇ। ਉਹ ਅਰਬਾਂ ਵਿਚ ਅਰਬਾਂ ਵਾਂਗ ਰਹਿੰਦੇ ਰਹੇ, ਕਦੀ ਸਮੱਸਿਆ ਨਹੀਂ ਬਣੇ। ਸਮੱਸਿਆ ਉਦੋਂ ਸ਼ੁਰੂ ਹੋਈ ਜਦੋਂ 19ਵੀਂ ਸਦੀ ਵਿਚ ਕੁੱਲ ਦੁਨੀਆਂ ਦੇ ਯਹੂਦੀਆਂ ਨੇ ਸਹਿਜੇ ਸਹਿਜੇ ਇਜ਼ਰਾਈਲ ਦਾ ਰੁਖ ਕੀਤਾ ਤੇ ਇਨ੍ਹਾਂ ਦੀ ਆਬਾਦੀ ਦਾ ਅਨੁਪਾਤ ਵਧਣ ਲੱਗਾ। ਉਨੀਵੀਂ ਸਦੀ ਦੇ ਆਖਰ ਵਿਚ ਰੋਮਾਨੀਆ ਦੇ ਯਹੂਦੀ 78 ਹਜ਼ਾਰ ਵਿਚੋਂ 45 ਹਜ਼ਾਰ ਸਨ, ਯਾਨਿ 57.7%, ਪਰ ਉਨ੍ਹਾਂ ਨੂੰ ਨਾਗਰਿਕਤਾ ਦੇ ਹੱਕ ਨਹੀਂ ਮਿਲੇ। ਇਹੀ ਹਾਲ ਆਸਟਰੀਆ ਵਿਚ ਹੋਇਆ ਜਿਥੇ ਇਨ੍ਹਾਂ ਬਾਰੇ ਸਰਕਾਰੀ ਬਿਆਨ ਸੀ, ਯਹੂਦੀਆਂ ਦਾ ਕੋਈ ਦੇਸ ਨਹੀਂ, ਇਸ ਕਰ ਕੇ ਇਨ੍ਹਾਂ ਨੂੰ ਕਿਸੇ ਦੇਸ ਵਿਚ ਵੀ ਨਾਗਰਿਕਤਾ ਦਾ ਹੱਕ ਨਹੀਂ ਮਿਲ ਸਕਦਾ। ਪੁਸ਼ਤਾਂ ਤੋਂ ਵਸਦੇ ਆਉਣ ਦੇ ਬਾਵਜੂਦ ਨਾਗਰਿਕ ਨਹੀਂ ਸਨ। ਯਹੂਦੀ ਫਰਿਆਦਾਂ ਕਰਦੇ, ਚਲੋ ਬਾਕੀਆਂ ਦੇ ਬਰਾਬਰ ਹੱਕ ਨਾ ਸਹੀ, ਕੋਈ ਤਾਂ ਹੱਕ ਦਿਉ ਸਾਨੂੰ।

ਜਰਮਨੀ ਵਿਚ ਵਸਦੇ ਯਹੂਦੀਆਂ ਤੋਂ 1878 ਵਿਚ ਜ਼ਮੀਨਾਂ, ਮਕਾਨ, ਦੁਕਾਨਾਂ ਤੇ ਸਰਾਵਾਂ ਖੋਹ ਲਈਆਂ। ਸਰਕਾਰੀ ਨੌਕਰੀ ਦੀ ਮਨਾਹੀ ਹੋ ਗਈ। ਭੀੜਾਂ ਦੀ ਹਿੰਸਾ ਤੋਂ ਕੋਈ ਬਚਾਉ ਨਹੀਂ। ਇਨ੍ਹਾਂ ਦਬਾਵਾਂ ਸਦਕਾ ਉਹ ਅਮਰੀਕਾ ਅਤੇ ਇਜ਼ਰਾਈਲ ਜਾਣ ਲੱਗੇ। 1881 ਤੋਂ 1910 ਤੱਕ 67 ਹਜ਼ਾਰ ਰੋਮਾਨੀ ਵਸੋਂ ਅਮਰੀਕਾ ਜਾ ਵਸੀ।

ਦੁਨੀਆਂ ਵਿਚਲੀ ਯਹੂਦੀ ਵਸੋਂ ਇਜ਼ਰਾਈਲ ਵੱਲ ਇਸ ਆਸ ਨਾਲ ਵੀ ਸਰਕਣੀ ਸ਼ੁਰੂ ਹੋਈ ਕਿ ਉਥੇ ਉਨ੍ਹਾਂ ਦੇ ਭਰਾ ਵਸਦੇ ਹਨ। ਉਹ ਬਾਕੀ ਦੁਨੀਆਂ ਵਾਂਗ ਸਖਤ ਦਿਲ ਥੋੜ੍ਹਾ ਨੇ, ਉਹ ਮਦਦਗਾਰ ਹੋਣਗੇ। ਉਥੇ ਜਾ ਕੇ ਪਤਾ ਲਗਦਾ ਕਿ ਉਥੋਂ ਦੀ ਵਸੋਂ ਖੁਦ ਦੁਸ਼ਵਾਰੀਆਂ ਵਿਚੋਂ ਲੰਘ ਰਹੀ ਹੈ, ਉਹ ਅਣਚਾਹੇ ਮਹਿਮਾਨਾਂ ਨੂੰ ਕਿਵੇਂ ਸੰਭਾਲਣ? ਕੇਵਲ ਅੰਨ ਦੀ ਨਹੀਂ, ਪੀਣ ਵਾਲੇ ਪਾਣੀ ਦੀ ਵੀ ਥੁੜ ਸੀ।

30 ਦਸੰਬਰ 1881 ਨੂੰ ਦੱਖਣੀ ਮਾਲਦਾਵੀਆ ਵਿਚ ਪਰਵਾਸ ਬਾਰੇ ਮੀਟਿੰਗ ਹੋਈ ਜਿਸ ਵਿਚ 100 ਮੈਂਬਰ ਸ਼ਾਮਲ ਹੋਏ। ਤਿੰਨ ਦਿਨ ਵਿਚਾਰਾਂ ਹੋਈਆਂ। ਏਜੰਡਾ ਸੀ, ਯਹੂਦੀਆਂ ਦੀਆਂ ਉਹ ਪਵਿਤਰ ਤੇ ਸ਼ਾਨਦਾਰ ਧਰਮੀ ਭਾਵਨਾਵਾਂ ਦਿਲਾਂ ਵਿਚ ਮੁੜ ਪ੍ਰਕਾਸ਼ਵਾਨ ਕਰਨੀਆਂ ਜੋ ਹਜ਼ਾਰਾਂ ਸਾਲ ਦੀ ਬੇਇਜ਼ਤੀ, ਗਰੀਬੀ, ਗੁਲਾਮੀ ਦੇ ਦੁੱਖ ਸਦਕਾ ਸੌਂ ਗਈਆਂ ਹਨ। ਮੀਟਿੰਗ ਵਿਚ ਫਲਸਫਾ ਨਹੀਂ ਛਾਂਟਿਆ ਗਿਆ। ਇਕ ਤਾਂ ਇਹ ਸਾਬਤ ਕਰਨਾ ਸੀ ਕਿ ਸਥਾਨਕ ਨਾਗਰਿਕਾਂ ਦਾ ਇਹ ਖਿਆਲ ਗਲਤ ਹੈ ਕਿ ਯਹੂਦੀ ਕੰਮਚੋਰ ਹਨ, ਉਹ ਹਰ ਕੰਮ ਕਰ ਸਕਦੇ ਹਨ। ਦੂਜਾ ਇਹ ਕਿ ਇਜ਼ਰਾਈਲ ਵਿਚ ਪਰਵਾਸ ਦੀ ਵਿਧੀ ਕੀ ਹੋਵੇ? ਪਹਿਲਾਂ ਗਰੀਬ ਜਾਣ ਕਿ ਅਮੀਰ। ਅਮੀਰਾਂ ਨੂੰ ਪਹਿਲਾਂ ਜਾਣ ਦਿਉ, ਉਹ ਜ਼ਮੀਨਾਂ ਖਰੀਦਣ, ਫੈਕਟਰੀਆਂ ਲਾਉਣ, ਬਾਅਦ ਵਿਚ ਗਰੀਬ ਲੋਕ ਮਜ਼ਦੂਰੀ ਕਰਨ ਚਲੇ ਜਾਣ। ਅਮੀਰਾਂ ਨੇ ਕਿਹਾ, ਪਹਿਲੋਂ ਗਰੀਬ ਉਥੇ ਜਾ ਕੇ ਰਹਿ ਕੇ ਸਾਬਤ ਤਾਂ ਕਰਨ ਕਿ ਉਥੇ ਰਿਹਾ ਜਾ ਸਕਦਾ ਹੈ। ਫਿਰ ਕਹਿਣ ਲੱਗੇ, ਉਥੇ ਪਹਿਲਾਂ ਹਸਪਤਾਲ, ਸਕੂਲ, ਮੰਦਰ ਤੇ ਸਾਂਝਾ ਗੁਸਲਖਾਨਾ ਤਾਂ ਹੋਵੇ; ਰਿਹਾਇਸ਼ ਚਲੋ ਝੁੱਗੀਆਂ ਝੋਂਪੜੀਆਂ ਵਿਚ ਹੀ ਸਹੀ! ਡਾਕਟਰ, ਨਾਈ, ਮਾਸਟਰ, ਝਟਕਈ ਤੇ ਮਾਹਿਰ ਕਿਸਾਨ ਜਾਂ ਮਾਲੀ ਜ਼ਰੂਰ ਹੋਵੇ। ਪਹਿਲੀ ਕਿਸ਼ਤ ਵਿਚ ਸੌ ਪਰਿਵਾਰ ਜਾਣਗੇ, ਉਨ੍ਹਾਂ ਦੀ ਚੋਣ ਵਿਧੀ ਕੀ ਹੋਵੇ? ਆਰਥਿਕ ਤੌਰ 'ਤੇ, ਕਿੱਤੇ ਵਜੋਂ, ਦੇਖਣਾ ਹੈ ਕਿਸ ਨੂੰ ਪਹਿਲਾਂ, ਕਿਸ ਨੂੰ ਪਿੱਛੋਂ ਜਾਣ ਦੇਣਾ ਹੈ। ਜੇਬ ਵਿਚ ਕਿੰਨੇ ਪੈਸੇ ਹੋਣ, ਦਾਨ-ਰਾਸ਼ੀ ਵਿਚੋਂ ਕਿੰਨੀ ਸਹਾਇਤਾ ਮਿਲੇ, ਗਵਰਨਿੰਗ ਸਭਾ ਦੀ ਚੋਣ ਕਿਵੇਂ ਹੋਵੇ ਆਦਿ ਕੰਮ ਪਹਿਲਾਂ ਨਿਬੇੜੇ ਜਾਣ। ਦੋ ਮੈਂਬਰ ਪਹਿਲਾਂ ਭੇਜ ਕੇ ਪਤਾ ਕਰੋ, ਜ਼ਮੀਨ ਦਾ ਕਿਥੇ ਕਿਥੇ ਕੀ ਰੇਟ ਹੈ, ਕਿਥੇ ਖਰੀਦਣੀ ਠੀਕ ਰਹੇਗੀ।

ਇਹ ਰੋਮਾਨੀਆ ਦੀ ਵਸੋਂ ਸੀ ਜਿਸ ਨੇ ਉਦਮ ਕਰਦਿਆਂ 60 ਹਜ਼ਾਰ ਫਰਾਂਕ ਇਕੱਠਾ ਕਰ ਲਿਆ। ਮਈ 1882 ਵਿਚ ਜ਼ਮਾਰਿਨ ਇਲਾਕੇ ਵਿਚ ਜ਼ਮੀਨ ਖਰੀਦ ਕੇ ਨਾਂ ਸਮਾਰਿਨ ਰੱਖ ਦਿੱਤਾ। ਇਹ ਹਾਇਫਾ ਤੋਂ 25 ਕਿਲੋਮੀਟਰ ਪਰੇ ਹੈ। ਅਗਸਤ ਵਿਚ 228 ਬੰਦੇ ਪਰਵਾਸ ਕਰ ਗਏ।

ਸਿਆਸਤ ਦੀ ਮੰਗ ਅਨੁਸਾਰ ਜੇ ਸਹੀ ਸਮੇਂ ਸਹੀ ਬੰਦਾ ਮਿਲ ਜਾਵੇ, ਕ੍ਰਿਸ਼ਮਾ ਹੋ ਜਾਂਦਾ ਹੈ। ਯਹੂਦੀਆਂ ਨੂੰ ਬਿਨਾਂ ਕੋਸ਼ਿਸ਼ ਕਰਨ ਦੇ ਓਲਿਫਾਂ ਲੱਭ ਗਿਆ ਜੋ ਬੁੱਧੀਮਾਨ, ਨੇਕ ਤੇ ਨੀਤੀਵਾਨ ਬੰਦਾ ਸੀ, ਯਾਤਰੂ ਸੀ, ਪੱਤਰਕਾਰ, ਸਿਆਸਤਦਾਨ, ਸਭ ਕੁਝ। ਉਹ ਧਿਆਨ ਨਾਲ ਦੇਖ ਰਿਹਾ ਸੀ ਕਿ ਰੂਸ ਆਪਣੇ ਧੜੇ ਰਾਹੀਂ ਓਟੋਮਾਨ ਸਲਤਨਤ ਵਿਰੁਧ ਗੋਂਦਾਂ ਗੁੰਦ ਰਿਹਾ ਸੀ, ਕਿਸੇ ਵੇਲੇ ਵੀ ਕੌਮਾਂਤਰੀ ਧੜਿਆਂ ਦਾ ਭੇੜ ਹੋ ਸਕਦਾ ਸੀ। ਬਰਤਾਨੀਆ ਓਟੋਮਾਨ ਦੇ ਸਮਰਥਨ ਅਤੇ ਰੂਸੀ ਧੜੇ ਦੇ ਵਿਰੁਧ ਕੁਦਰਤੀ ਗੱਠਜੋੜ ਵਿਚ ਸ਼ਾਮਲ ਸੀ। ਯਹੂਦੀ ਰੂਸ ਦੀਆਂ ਨੀਤੀਆਂ ਅਤੇ ਕਰਤੂਤਾਂ ਤੋਂ ਪਹਿਲੋਂ ਹੀ ਝੰਬੇ ਪਏ ਸਨ। ਕਿਸੇ ਦੁਰਘਟਨਾ ਦੀ ਸੂਰਤ ਵਿਚ ਓਲਿਫਾਂ ਨੇ ਸੋਚਿਆ, ਯਹੂਦੀਆਂ ਨੂੰ ਸੁਲਤਾਨ ਯਾਨਿ ਬਰਤਾਨੀਆ ਧੜੇ ਵਿਚ ਖਲੋਣਾ ਚਾਹੀਦਾ ਹੈ। ਉਸ ਨੂੰ ਸਾਥੀਆਂ ਨੇ ਪੁੱਛਿਆ, ਆਪਣੀ ਕਿਹੜੀ ਤਾਕਤ ਹੈ? ਓਲਿਫਾਂ ਨੇ ਕਿਹਾ, ਜ਼ੁਬਾਨੀ ਹਮਦਰਦੀ ਦਾ ਬੜਾ ਸਹਾਰਾ ਹੁੰਦੈ, ਆਪਣੇ ਕੋਲ ਹੈ ਕਿ ਨਹੀਂ? ਮੈਂ ਸੁਲਤਾਨ ਨੂੰ ਦੱਸਾਂਗਾ, ਮੇਰੇ ਕੋਲ ਸੰਸਾਰ ਦੀ ਯਹੂਦੀ ਤਾਕਤ ਹੈ ਜੋ ਮਰ ਮਿਟਣਾ ਜਾਣਦੀ ਹੈ। ਸਾਡੇ ਵਰਗਾ ਧਨੀ ਕੋਈ ਨਹੀਂ, ਕਿਉਂਕਿ ਅਸੀਂ ਇਕ ਹਾਂ, ਸੰਗਠਿਤ ਕੌਮ, ਕੌਮਾਂਤਰੀ ਕੌਮ। ਅਸੀਂ ਸੁਲਤਾਨ ਦੀ ਮੁਰਦਾ ਸਟੇਟ ਵਿਚ ਵਪਾਰ ਰਾਹੀਂ ਜਾਨ ਪਾ ਦਿਆਂਗੇ।

ਉਸ ਸੁਲਤਾਨ ਅਤੇ ਉਸ ਦੇ ਵਜ਼ੀਰਾਂ ਨੂੰ ਮਿਲ ਕੇ ਮੰਗ ਕੀਤੀ ਕਿ ਇਜ਼ਰਾਈਲ ਵਿਚ ਅਜਿਹੇ ਬੇਆਬਾਦ ਇਲਾਕੇ ਮੌਜੂਦ ਹਨ ਜੋ ਵਾਹੀ ਖੁਣੋਂ ਸੁੰਨੇ ਪਏ ਹਨ। ਜੇ ਯਹੂਦੀਆਂ ਨੂੰ ਉਥੇ ਵੱਸਣ ਅਤੇ ਖੇਤੀ ਕਰਨ ਦੀ ਆਗਿਆ ਮਿਲੇ ਤਾਂ ਅਸੀਂ ਕੱਚਾ ਮਾਲ ਤਿਆਰ ਕਰਾਂਗੇ, ਇੰਗਲੈਂਡ ਆਪਣੀਆਂ ਫੈਕਟਰੀਆਂ ਵਾਸਤੇ ਇਹ ਮਾਲ ਖਰੀਦੇਗਾ, ਇਜ਼ਰਾਈਲ ਵਿਚ ਧਨ ਆਵੇਗਾ। ਕੂਟਨੀਤਕ ਸੰਵਾਦ ਦਾ ਉਹ ਮਾਹਿਰ ਸੀ, ਪਰ ਜਵਾਬ ਮਿਲਿਆ, ਸੁਲਤਾਨ ਤਾਂ ਤੁਹਾਡੀ ਦਲੀਲ ਨਾਲ ਸਹਿਮਤ ਹੈ, ਉਸ ਦੇ ਸਲਾਹਕਾਰ ਨਹੀਂ ਮੰਨਦੇ। ਓਲਿਫਾਂ ਬੱਚਾ ਨਹੀਂ ਸੀ, ਉਹ ਹਰ ਤੰਦ ਫੜ ਰਿਹਾ ਸੀ। ਇੰਗਲੈਂਡ, ਰੋਮਾਨੀਆ ਅਤੇ ਰੂਸ ਦੇ ਕੂਟਨੀਤੀਵਾਨਾਂ ਨਾਲ ਮੀਟਿੰਗਾਂ ਕਰਦਾ ਰਿਹਾ। ਸਾਲ ਭਰ ਉਸ ਨੂੰ ਕੋਈ ਲਾਭ ਨਾ ਹੋਇਆ, ਸਿਵਾਇ ਇਸ ਦੇ ਕਿ ਉਪਰਲੇ ਰਾਜਸੀ ਖੇਤਰਾਂ ਨੂੰ ਪਤਾ ਲੱਗ ਗਿਆ ਕਿ ਯਹੂਦੀਆਂ ਦਾ ਕੋਈ ਤੀਖਣ-ਬੁੱਧ ਲੀਡਰ ਹੈ ਜੋ ਅਜਿਹੇ ਫੈਸਲੇ ਕਰਾ ਸਕਦਾ ਹੈ ਜੋ ਸਭ ਧਿਰਾਂ ਨੂੰ ਮਨਜ਼ੂਰ ਹੋਣ। ਉਸ ਨੇ ਅੰਤਿਮ ਐਲਾਨ ਕੀਤਾ, ਅਮਰੀਕਾ ਨਹੀਂ, ਥਿਰ ਵਸੋਂ ਵਾਸਤੇ ਸਾਡਾ ਦੇਸ ਆਖਰ ਇਜ਼ਰਾਈਲ ਹੈ। ਇਜ਼ਰਾਈਲ ਵਸਣ ਵਾਸਤੇ ਉਸ ਨੇ ਆਪਣੇ ਵਜੂਦ ਦੀ ਸਾਰੀ ਸ਼ਕਤੀ ਲਾ ਦਿੱਤੀ।

ਇਜ਼ਰਾਈਲ ਵਿਚ ਵਸੇ ਮੁਢਲੇ 105 ਯਹੂਦੀਆਂ (ਬਿਲੁਇਮ) ਨੇ ਦਸਤਖਤ ਕਰ ਕੇ ਪੱਤਰ ਸੌਂਪਿਆ ਜਿਸ ਵਿਚ ਲਿਖਿਆ ਸੀ, ਦੁੱਖਾਂ ਵਿਚ ਘਿਰੇ ਯਹੂਦੀਆਂ ਨੂੰ ਰੱਬ ਨੇ ਅਮੀਰਿ-ਕਾਰਵਾਂ ਦੇ ਦਿੱਤਾ ਹੈ। ਤੂੰ ਸਾਡਾ ਦੂਜਾ ਸਾਈਰਸ ਹੈਂ। ਸਾਨੂੰ ਮੁਕਤ ਕਰ।



*19ਵੀਂ ਸਦੀ ਦੇ ਅਖੀਰ ਵਿਚ ਇਜ਼ਰਾਈਲ ਵਾਲੀ ਧਰਤੀ ਉਤੇ ਪੁੱਜੇ ਯਹੂਦੀ।*

ਓਲਿਫਾਂ ਨੇ ਕਿਹਾ, ਤੁਹਾਨੂੰ ਦੇਣ ਲਈ ਮੇਰੇ ਕੋਲ ਹੋਰ ਤਾਂ ਕੁਝ ਨਹੀਂ, ਉਮੀਦ ਹੈ ਜੋ ਤੁਹਾਨੂੰ ਦੇ ਦਿੱਤੀ ਹੈ। ਜੁਆਬ ਸੀ, ਰੱਬ ਨੇ ਸਾਡਾ ਝੰਡਾ ਤੁਹਾਡੇ ਹੱਥ ਸੌਂਪਿਆ ਹੈ।

ਦੂਜਾ ਸ਼ਾਨਦਾਰ ਬੰਦਾ ਜ਼ਲਮਾਂ ਦਾਊਦ (1856-1940) ਮੰਚ 'ਤੇ ਆਇਆ ਜਿਸ ਬਾਰੇ ਗੋਰਡਨ ਨੇ ਕਿਹਾ, ਦੁਨੀਆਂ ਵਿਚ ਇਹ ਬੰਦਾ ਦਿੱਬ-ਦ੍ਰਿਸ਼ਟੀ ਵਾਲਾ ਨੇਕ ਇਨਸਾਨ ਹੈ ਤੇ ਪੱਕਾ ਯਹੂਦੀ। ਗੋਰਡਨ ਦੇ ਇਸ ਵਾਕ ਦਾ ਮਤਲਬ ਹੈ, ਉਹ ਦਿਖਾਵੇ ਦਾ ਯਹੂਦੀ ਨਹੀਂ ਸੀ। ਆਪਣੀ ਸਵੈ-ਜੀਵਨੀ ਵਿਚ ਦਾਊਦ ਨੇ ਲਿਖਿਆ, ਮੈਂ ਸਕੂਲ ਦੀ ਭੂਗੋਲ ਵਿਚ ਪੜ੍ਹਿਆ ਸੀ ਕਿ ਅਫਰੀਕਾ ਵਿਚ ਨੀਗਰੋਆਂ ਨੇ ਆਪਣਾ ਦੇਸ ਥਾਪ ਲਿਆ ਹੈ, ਲਾਇਬੇਰੀਆ ਲੋਕਰਾਜ। ਸਾਨੂੰ ਕੀ ਹੋਇਐ? ਅਸੀਂ ਕਿਉਂ ਨਹੀਂ ਲੋਕਰਾਜ ਥਾਪ ਸਕਦੇ? ਸਾਡੇ ਵਡੇਰਿਆਂ ਨੇ ਸਾਡਾ ਦੇਸ ਥਾਪ ਰੱਖਿਐ, ਅਸੀਂ ਤਾਂ ਉਥੇ ਪਹੁੰਚਣਾ ਹੈ ਬਸ।

ਦਾਊਦ ਰੂਸ ਵਿਚ ਬੈਂਕ ਅਫਸਰ ਰਿਹਾ ਸੀ। ਉਹ ਇਕੱਲਾ ਇਜ਼ਰਾਈਲ ਗਿਆ ਤੇ ਸਾਰੇ ਦੇਸ ਦਾ ਸਰਵੇਖਣ ਕੀਤਾ। ਕਿਥੇ ਵਪਾਰਕ ਥਾਂਵਾਂ ਠੀਕ ਰਹਿਣਗੀਆਂ, ਕਿਹੜੀ ਥਾਂ ਖੇਤੀ ਤੇ ਬਾਗਾਂ ਲਈ ਸਹੀ ਹੈ। ਕੀ ਕੀਮਤ ਹੈ, ਖਰੀਦ ਦੇ ਕਾਨੂੰਨ ਕੀ ਹਨ? ਖਰੀਦ ਦਾ ਇਕ ਕਾਨੂੰਨ ਇਹ ਸੀ ਕਿ ਵੱਡੀ ਗਿਣਤੀ ਵਿਚ ਵਿਦੇਸ਼ੋਂ ਆਏ ਯਹੂਦੀ ਇਕੱਠੇ ਜ਼ਮੀਨ ਨਹੀਂ ਖਰੀਦ ਸਕਦੇ। ਦਾਊਦ ਨੇ ਨੋਟ ਕੀਤਾ, ਵੱਡੀ ਗਿਣਤੀ ਕਿੰਨੀ ਹੁੰਦੀ ਹੈ, ਇਹ ਤਾਂ ਸਾਫ ਕਿਧਰੇ ਲਿਖਿਆ ਨਹੀਂ। ਜਿਹੜੀ ਜ਼ਮੀਨ ਉਸ ਨੂੰ ਪਸੰਦ ਆਈ, ਖਰੀਦਣ ਵਾਸਤੇ ਰਕਮ ਨਹੀਂ। ਅਜੇ ਸੋਚ ਵਿਚਾਰ ਕਰ ਰਿਹਾ ਸੀ ਕਿ ਉਸ ਦਾ ਧਨਾਢ ਚਾਚਾ ਵੱਡੀ ਰਕਮ ਸਮੇਤ ਉਸ ਕੋਲ ਪੁੱਜ ਗਿਆ। ਉਸ ਨੇ ਚਾਚੇ ਨੂੰ ਕਿਹਾ, ਜ਼ਮੀਨ ਵਧੀਆ ਦੇਖ ਰੱਖੀ ਹੈ, ਤੁਹਾਡੇ ਨਾਮ ਨਹੀਂ ਖਰੀਦਦੇ, ਇਥੇ ਮੈਂ ਇਕ ਲੋਕਲ ਭਲਾ ਯਹੂਦੀ ਲੱਭ ਰੱਖਿਐ, ਇਥੋਂ ਦਾ ਜੱਦੀ ਬਾਸ਼ਿੰਦਾ ਹੈ, ਉਸ ਦੇ ਨਾਂ ਖਰੀਦਾਂਗੇ ਤਾਂ ਕੋਈ ਕਾਨੂੰਨੀ ਅੜਿੱਕਾ ਨਹੀਂ ਹੋਵੇਗਾ। ਇਸ ਬੰਦੇ ਦਾ ਨਾਂ ਸੀ ਹਈਮ; ਜਾਫਾ ਵਿਚ ਇਸ ਦਾ ਰੁਤਬਾ ਇਉਂ ਸੀ ਕਿ ਸਮਝੋ ਬਰਤਾਨੀਆ ਵਲੋਂ ਥਾਪਿਆ ਗਿਆ ਆਪਣਾ ਰਾਜਦੂਤ। ਦਾਊਦ ਦੀ ਖੇਤੀਬਾੜੀ ਦਾ ਕੰਮ ਸਭ ਤੋਂ ਅੱਗੇ ਲੰਘਿਆ, ਉਸ ਨੂੰ ਸਭ ਦਾ ਭਰੋਸਾ ਮਿਲਿਆ। ਦਾਊਦ ਵੇਲੇ ਤੱਕ ਇਜ਼ਰਾਈਲ ਵਿਚ 8 ਆਬਾਦੀਆਂ, ਯਾਨਿ ਅੱਠ ਪਿੰਡ ਵਸ ਗਏ ਸਨ। 1800 ਈਸਵੀ ਤੱਕ ਇਜ਼ਰਾਈਲ ਵਿਚ 2415 ਯਹੂਦੀ ਸਨ ਜੋ 1903 ਤੱਕ 30 ਹਜ਼ਾਰ ਹੋ ਗਏ। ਪੋਲੈਂਡ, ਰੋਮਾਨੀਆ ਅਤੇ ਰੂਸ ਦੇ ਵਧੀਕ ਧਨੀ ਅਤੇ ਵਧੀਕ ਸਿਆਣੇ ਯਹੂਦੀ ਪੱਛਮੀ ਯੂਰਪ ਅਤੇ ਅਮਰੀਕਾ ਵਿਚ ਵਸਦੇ ਗਏ। ਗਰੀਬ, ਸਿੱਧਤ ਤੇ ਧੁਨ ਦੇ ਪੱਕੇ, ਖਤਰਿਆਂ ਤੋਂ ਬੇਨਿਆਜ਼ ਇਜ਼ਰਾਈਲ ਆ ਆ ਵਸਦੇ ਗਏ। ਮੋਟਾ ਜਿਹੇ ਹਿਸਾਬ ਅੱਧੇ ਉਧਰ, ਅੱਧੇ ਇਧਰ ਜਾ ਵਸੇ। ਮੌਸਮ ਅਤੇ ਸੁਲਤਾਨ ਦਾ ਰਵੱਈਆ, ਦੋਵੇਂ ਮਾੜੇ ਸਨ; ਤਾਂ ਵੀ ਇਜ਼ਰਾਈਲ ਵੱਲ ਰੁਖ ਕਰਦੇ। ਅਸੀਂ ਅੱਗੇ ਜਾ ਕੇ ਗੋਲਡਾ ਮੀਰ ਵਾਲੇ ਕਾਂਡ ਵਿਚ ਦੇਖਾਂਗੇ ਕਿ ਚੰਗੇ ਭਲੇ ਅਮਰੀਕਾ ਵਿਚ ਜਾ ਵਸੇ, ਨਾਗਰਿਕਤਾ ਹਾਸਲ ਕਰ ਚੁਕੇ ਯਹੂਦੀ ਵੀ ਅਮਰੀਕਾ ਛੱਡ ਕੇ ਇਜ਼ਰਾਈਲ ਜਾਣ ਲੱਗੇ; ਉਦੋਂ ਨਹੀਂ, ਜਦੋਂ ਇਜ਼ਰਾਈਲ ਸਟੇਟ ਵਜੋਂ ਹੋਂਦ ਵਿਚ ਆ ਗਿਆ; ਇਹ ਉਦੋਂ ਦੀ ਗੱਲ ਹੈ ਜਦੋਂ ਇਸ ਨੂੰ ਸਟੇਟ ਵਿਚ ਤਬਦੀਲ ਕਰਨ ਲਈ ਸੰਘਰਸ਼ ਕਰਨਾ ਪੈਣਾ ਸੀ। ਇਹੀ ਕਾਰਨ ਹੈ ਕਿ ਦਾਨੀਆਂ ਵਲੋਂ ਕਾਇਮ ਕੀਤੇ ਫੰਡ ਵਿਚੋਂ ਸਹਾਇਤਾ ਕੇਵਲ ਉਨ੍ਹਾਂ ਨੂੰ ਮਿਲਦੀ ਜੋ ਇਜ਼ਰਾਈਲ ਵਸਣ ਦਾ ਫੈਸਲਾ ਕਰਦੇ, ਆਪੋ ਵਿਚ ਗੱਲਾਂ ਕਰਦੇ ਯਹੂਦੀ ਕਿਹਾ ਕਰਦੇ, ਇਜ਼ਰਾਈਲ ਦਾ ਭੂਤ ਭਵਿਖ ਦੋਵੇਂ ਸ਼ਾਨਦਾਰ, ਪਰ ਇਥੋਂ ਦਾ ਵਰਤਮਾਨ ਨਰਕ ਹੈ। ਸਾਡੇ ਹਿੱਸੇ ਵਰਤਮਾਨ ਆਇਐ।

(ਚਲਦਾ)

## ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ

### ਗੁਰਬਾਣੀ ਗਿਆਨ

**ਮਹਲਾ ੫ ਗਉੜੀ**

ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ॥
ਮੇਰੈ ਮਨਿ ਸਭਿ ਸੁਖ ਪਾਇਓ॥੧॥ ਰਹਾਉ॥
ਬਲਤੋ ਜਲਤੋ ਤਉਕਿਆ
ਗੁਰ ਚੰਦਨੁ ਸੀਤਲਾਇਓ॥੧॥
ਅਗਿਆਨ ਅੰਧੇਰਾ ਮਿਟਿ ਗਇਆ
ਗੁਰ ਗਿਆਨੁ ਦੀਪਾਇਓ॥੨॥
ਪਾਵਕੁ ਸਾਗਰੁ ਗਹਰੋ
ਚਰਿ ਸੰਤਨ ਨਾਵ ਤਰਾਇਓ॥੩॥
ਨਾ ਹਮ ਕਰਮ ਨ ਧਰਮ ਸੁਚ
ਪ੍ਰਭਿ ਗਹਿ ਭੁਜਾ ਆਪਾਇਓ॥੪॥
ਭਉ ਖੰਡਨੁ ਦੁਖ ਭੰਜਨੋ
ਭਗਤਿ ਵਛਲ ਹਰਿ ਨਾਇਓ॥੫॥
ਅਨਾਥਹ ਨਾਥ ਕ੍ਰਿਪਾਲ ਦੀਨ
ਸੰਮ੍ਰਿਥ ਸੰਤ ਓਟਾਇਓ॥੬॥
ਨਿਰਗੁਨੀਆਰੇ ਕੀ ਬੇਨਤੀ
ਦੇਹੁ ਦਰਸੁ ਹਰਿ ਰਾਇਓ॥੭॥
ਨਾਨਕ ਸਰਨਿ ਤੁਹਾਰੀ ਠਾਕੁਰ
ਸੇਵਕੁ ਦੁਆਰੈ ਆਇਓ॥੮॥

ਸ੍ਰੀ ਗੁਰੂ ਅਰਜਨ ਦੇਵ ਇਸ ਸ਼ਬਦ ਵਿਚ ਉਪਦੇਸ਼ ਕਰਦੇ ਹਨ- ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ, ਹੇ ਭਾਈ! ਉਸ ਪ੍ਰਭੂ ਦਾ ਸਿਮਰਨ ਕਰਦਿਆਂ ਤੇ ਗੁਰੂ ਗੁਰੂ ਕਰਦਿਆਂ ਮੇਰੇ ਮਨ ਦੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਹਨ; ਮੇਰੈ ਮਨਿ ਸਭਿ ਸੁਖ ਪਾਇਓ, ਹੇ ਭਾਈ! ਸੰਸਾਰ ਦੇ ਮਾਲਕ ਪ੍ਰਭੂ ਦਾ ਨਾਮ ਜਪਦਿਆਂ ਮੇਰੇ ਮਨ ਨੇ ਸਾਰੇ ਹੀ ਸੁੱਖ ਪ੍ਰਾਪਤ ਕਰ ਲਏ ਹਨ ਤੇ ਹੁਣ ਕੋਈ ਭਟਕਣਾ ਨਹੀਂ ਹੈ।

ਬਲਤੋ ਜਲਤੋ ਤਉਕਿਆ
ਗੁਰ ਚੰਦਨੁ ਸੀਤਲਾਇਓ॥੧॥
ਅਗਿਆਨ ਅੰਧੇਰਾ ਮਿਟਿ ਗਇਆ
ਗੁਰ ਗਿਆਨੁ ਦੀਪਾਇਓ॥੨॥

ਗੁਰਦੇਵ ਆਖਦੇ ਹਨ, ਹੇ ਭਾਈ! ਇਹ ਮਨ ਤਾਂ ਵਿਸ਼ੇ-ਵਿਕਾਰਾਂ ਦੀ ਅੱਗ ਵਿਚ ਸੜ ਰਿਹਾ ਸੀ, ਪਰ ਜਦੋਂ ਗੁਰੂ ਦਾ ਸ਼ਬਦ ਰੂਪੀ ਚੰਦਨ ਘਸਾ ਕੇ ਇਸ ਮਨ ਉਤੇ ਛਿੜਕਾ ਕੀਤਾ ਤਾਂ ਮਨ ਠੰਢਾ-ਠਾਰ ਹੋ ਗਿਆ। ਜਦ ਮਾਲਕ ਦੀ ਮਿਹਰ ਹੋਈ ਤਾਂ ਗੁਰੂ ਦੇ ਗਿਆਨ ਦਾ ਦੀਵਾ ਹਿਰਦੇ ਵਿਚ ਜਗ ਪਿਆ ਤੇ ਅਗਿਆਨ ਦਾ ਹਨੇਰਾ ਮੁੱਕ ਗਿਆ।

ਪਾਵਕੁ ਸਾਗਰੁ ਗਹਰੋ
ਚਰਿ ਸੰਤਨ ਨਾਵ ਤਰਾਇਓ॥੩॥
ਨਾ ਹਮ ਕਰਮ ਨ ਧਰਮ ਸੁਚ
ਪ੍ਰਭਿ ਗਹਿ ਭੁਜਾ ਆਪਾਇਓ॥੪॥

ਸਤਿਗੁਰੂ ਆਖਦੇ ਹਨ- ਹੇ ਭਾਈ! ਵਿਕਾਰਾਂ ਦੀ ਤਪਸ਼ ਨਾਲ ਅੱਗ ਦਾ ਸਰੂਪ ਬਣਿਆ ਹੋਇਆ ਸੰਸਾਰ ਸਮੁੰਦਰ ਬਹੁਤ ਗਹਿਰਾ ਸੀ; ਪਰ ਮੈਂ ਸਾਧ ਸੰਗਤ ਦੇ ਬੇੜੇ ਵਿਚ ਬੈਠ ਕੇ ਪਾਰ ਲੰਘ ਆਇਆ ਹਾਂ; ਨਾ ਮੇਰੇ ਕੋਲ ਕੋਈ ਕਰਮ ਧਰਮ ਸੀ ਤੇ ਨਾ ਹੀ ਸੁੱਚਮ ਦੀ ਕੋਈ ਰਾਸ ਪੂੰਜੀ ਸੀ, ਪਰ ਪ੍ਰਭੂ ਨੇ ਮੇਰੀ ਬਾਂਹ ਫੜ ਕੇ ਮੈਨੂੰ ਆਪਣਾ ਦਾਸ ਬਣਾ ਲਿਆ।

ਭਉ ਖੰਡਨੁ ਦੁਖ ਭੰਜਨੋ
ਭਗਤਿ ਵਛਲ ਹਰਿ ਨਾਇਓ॥੫॥
ਅਨਾਥਹ ਨਾਥ ਕ੍ਰਿਪਾਲ ਦੀਨ
ਸੰਮ੍ਰਿਥ ਸੰਤ ਓਟਾਇਓ॥੬॥

ਗੁਰਦੇਵ ਪਿਤਾ ਆਖਦੇ ਹਨ, ਹਰ ਤਰ੍ਹਾਂ ਦੇ ਡਰ-ਭੈਅ ਤੇ ਸਾਰੇ ਦੁੱਖਾਂ ਦਾ ਨਾਸ ਕਰਨ ਵਾਲੇ, ਆਪਣੇ ਭਗਤਾਂ ਨੂੰ ਪਿਆਰ ਕਰਨ ਵਾਲੇ ਉਸ ਹਰੀ ਦਾ ਜੋ ਨਾਮ ਹੈ, ਉਸ ਦੀ ਮਿਹਰ ਨਾਲ ਹੀ ਮੈਨੂੰ ਪ੍ਰਾਪਤ ਹੋਇਆ ਹੈ। ਹੇ ਅਨਾਥਾਂ ਦੇ ਨਾਥ, ਹੇ ਦੀਨਾਂ ਉਤੇ ਕਿਰਪਾ ਕਰਨ ਵਾਲੇ ਪ੍ਰਭੂ, ਹੇ ਸਭ ਤਾਕਤਾਂ ਦੇ ਮਾਲਕ ਪ੍ਰਭੂ! ਮੈਂ ਤੇਰਾ ਆਸਰਾ ਲਿਆ ਹੈ, ਮੇਰੀ ਪੈਜ ਰੱਖੋ।

ਨਿਰਗੁਨੀਆਰੇ ਕੀ ਬੇਨਤੀ
ਦੇਹੁ ਦਰਸੁ ਹਰਿ ਰਾਇਓ॥੭॥
ਨਾਨਕ ਸਰਨਿ ਤੁਹਾਰੀ ਠਾਕੁਰ
ਸੇਵਕੁ ਦੁਆਰੈ ਆਇਓ॥੮॥

ਸ਼ਬਦ ਦੇ ਅਖੀਰ 'ਚ ਗੁਰਦੇਵ ਅਰਦਾਸ ਕਰਦਿਆਂ ਉਪਦੇਸ਼ ਕਰਦੇ ਹਨ, ਹੇ ਮਿਹਰਵਾਨ ਪ੍ਰਭੂ ਜੀ! ਮੇਰੀ ਗੁਣਾਂ ਤੋਂ ਹੀਣੇ ਦੀ ਬੇਨਤੀ ਸੁਣ ਤੇ ਪ੍ਰਵਾਨ ਕਰ; ਇਸ ਸੰਸਾਰ ਦੇ ਮਾਲਕ ਪ੍ਰਿਤਪਾਲਕ ਪ੍ਰਭ ਜੀਓ! ਮੈਨੂੰ ਆਪਣਾ ਦਰਸ਼ਨ ਦੇ; ਨਾਨਕ ਸਰਨਿ ਤੁਹਾਰੀ ਠਾਕੁਰ, ਪ੍ਰਭੂ ਨਾਨਕ ਅਰਦਾਸ ਕਰਦਾ ਆਖਦਾ ਹੈ, ਮੈਂ ਤੇਰਾ ਸੇਵਕ ਤੇਰੀ ਸ਼ਰਨ ਆਇਆ ਹਾਂ, ਤੇਰੇ ਦੁਆਰੇ ਆਇਆ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਨੀਰ ਵਾਂਕਣ ਵਗ ਰਹੀ ਹੈ ਜ਼ਿੰਦਗੀ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਜਸਵੀਰ ਦਾ ਬਸ ਇਹੀ ਗੁਨਾਹ ਸੀ ਕਿ ਉਹਨੇ ਚੜ੍ਹਦੀ ਉਮਰੇ ਅਮੀਰ ਘਰ ਦੀ ਧੀ ਨਾਲ ਦਿਲ ਵਟਾ ਲਿਆ ਸੀ। ਦਸਵੀਂ ਵਿਚ ਉਹਨੂੰ ਨਾਲ ਪੜ੍ਹਦੀ ਜਿੰਦਰੋ ਨਾਲ ਪਿਆਰ ਹੋ ਗਿਆ ਜਿਸ ਦੀਆਂ ਬਾਤਾਂ ਸਕੂਲ ਦੇ ਹੋਰ ਮੁੰਡੇ-ਕੁੜੀਆਂ ਦੇ ਮੂੰਹੋਂ ਹੋਣ ਲੱਗੀਆਂ। ਫਿਰ ਇਹ ਗੱਲਾਂ ਜਿੰਦਰੋ ਦੇ ਘਰ ਪਹੁੰਚ ਗਈਆਂ। ਜਸਵੀਰ ਤੇ ਜਿੰਦਰੋ ਨੂੰ ਡਰਾਵੇ ਦਿੱਤੇ ਗਏ, ਪਰ ਪਿਆਰ ਦੇ ਪਾਂਧੀ ਆਪਣੀ ਮੰਜ਼ਿਲ ਵੱਲ ਤੁਰਦੇ ਗਏ।

ਦਸਵੀਂ ਦੇ ਇਮਤਿਹਾਨ ਹੋ ਗਏ, ਵਿਛੜਨ ਦਾ ਦਿਨ ਵੀ ਆ ਗਿਆ। ਅਗਲੀ ਮੁਲਾਕਾਤ ਲਈ ਸੰਗਰਾਂਦ ਦਾ ਦਿਨ ਚੁਣ ਲਿਆ। ਜਿੰਨਾ ਚਿਰ ਦਸਵੀਂ ਦਾ ਨਤੀਜਾ ਨਾ ਆਇਆ, ਉਹ ਗੁਰਦੁਆਰੇ ਮਿਲਦੇ ਰਹੇ। ਫਿਰ ਅਗਲੀ ਪੜ੍ਹਾਈ ਲਈ ਸੁਧਾਰ ਕਾਲਜ ਜਾ ਦਾਖਲ ਹੋਏ। ਵਿਛੜੇ ਪ੍ਰੇਮੀ ਫਿਰ ਮਿਲ ਪਏ। ਜਸਵੀਰ ਲਈ ਕਾਲਜ ਦਾਖਲਾ ਲੈਣਾ ਔਖਾ ਸੀ, ਪਰ ਉਸ ਦੇ ਮਾਮੇ ਨੇ ਪੜ੍ਹਾਈ ਦੀ ਜ਼ਿੰਮੇਵਾਰੀ ਚੁੱਕ ਲਈ।

ਜਿੰਦਰੋ ਦੇ ਪਿੰਡ ਦੇ ਇਕ ਮੁੰਡੇ ਨੇ ਉਸ ਦੇ ਭਰਾਵਾਂ ਕੋਲ ਚੁਗਲੀ ਕਰ ਦਿੱਤੀ। ਪੈਸੇ ਦੇ ਜ਼ੋਰ ਜਸਵੀਰ ਨੂੰ ਪੁਲਿਸ ਹੱਥੋਂ ਚੁਕਵਾ ਲਿਆ। ਪਿੰਡ ਖਬਰ ਫੈਲ ਗਈ ਕਿ ਜਸਵੀਰ ਨੂੰ ਹੰਢਾਇਆ ਵਾਲੇ ਸੰਤ ਰਾਮ ਨੇ ਚੁੱਕ ਲਿਆ ਜਿਥੋਂ ਬੰਦੇ ਦਾ ਬਚ ਕੇ ਆਉਣਾ ਮੁਸ਼ਕਿਲ ਸੀ।

ਕਈ ਦਿਨ ਤਾਂ ਪਤਾ ਹੀ ਨਾ ਲੱਗਾ ਕਿ ਉਹ ਹੈ ਕਿਥੇ? ਹੌਲੀ-ਹੌਲੀ ਜਸਵੀਰ ਦੇ ਬਾਪੂ ਨੂੰ ਪਤਾ ਲੱਗਾ ਕਿ ਕਹਾਣੀ ਕੀ ਹੈ? ਉਹ ਪਿੰਡ ਦੇ ਚਾਰ-ਪੰਜ ਬੰਦੇ ਲੈ ਕੇ ਜਿੰਦਰੋ ਦੇ ਘਰ ਗਿਆ। ਪੁੱਤ ਦੀ ਜਾਨ ਦੀ ਭੀਖ ਮੰਗੀ। ਜਿੰਦਰੋ ਦੇ ਭਰਾ ਇਕ ਸ਼ਰਤ 'ਤੇ ਉਹਨੂੰ ਛੁਡਾਉਣ ਲਈ ਤਿਆਰ ਹੋ ਗਏ ਕਿ ਉਹ ਕਾਲਜ ਨਹੀਂ ਵੜੇਗਾ। ਪਿਉ ਨੂੰ ਪੜ੍ਹਾਈ ਨਾਲੋਂ ਪੁੱਤ ਦੀ ਜਾਨ ਪਿਆਰੀ ਸੀ। ਜਿੰਦਰੋ ਦੇ ਭਰਾਵਾਂ ਨੇ ਸੰਤ ਰਾਮ ਦੇ ਖੂਨੀ ਪਿੰਜਰੇ ਵਿਚੋਂ ਜਸਵੀਰ ਦੀ ਜਾਨ ਛੁਡਾ ਦਿੱਤੀ। ਪੁਲਿਸ ਦੇ ਤਸ਼ੱਦਦ ਨੇ ਉਸ ਦਾ ਸਰੀਰ ਪਿੰਜ ਕੇ ਰੱਖ ਦਿੱਤਾ ਸੀ।

ਜਸਵੀਰ ਦੇ ਦਾਦੇ ਦੀ ਪੁਰਾਣੀ ਹਵੇਲੀ ਦੀ ਇਕ ਨੁਕਰੇ ਲਾਲਾ ਤਿਲਕ ਰਾਜ ਕਰਿਆਨੇ ਦੀ ਹੱਟੀ ਕਰਦਾ ਸੀ। ਜਸਵੀਰ ਸਮਾਂ ਬਤੀਤ ਕਰਨ ਲਈ ਉਸ ਕੋਲ ਬੈਠ ਅਖਬਾਰ ਪੜ੍ਹ ਲੈਂਦਾ। ਕਾਲੇ ਦਿਨਾਂ ਦੀ ਖੂਨੀ ਹਨੇਰੀ ਵਿਚ ਕਈ ਹਿੰਦੂ ਪਰਿਵਾਰ ਮੌਤ ਦੀ ਬੁੱਕਲ ਵਿਚ ਜਾ ਪਏ ਸਨ। ਡਰਦਾ ਤਿਲਕ ਰਾਜ ਆਪਣਾ ਕਾਰੋਬਾਰ ਅਤੇ ਘਰ ਵੇਚ ਕੇ ਆਪਣੇ ਪੁੱਤਰਾਂ ਕੋਲ ਦਿੱਲੀ ਜਾਣਾ ਚਾਹੁੰਦਾ ਸੀ। ਇਕ ਦਿਨ ਉਹਨੇ ਜਸਵੀਰ ਨਾਲ ਆਪਣੀ ਹੱਟੀ ਵੇਚਣ ਦੀ ਗੱਲ ਤੋਰੀ। ਤਿਲਕ ਰਾਜ ਦੀ ਹੱਟੀ ਪਿੰਡ ਦੀ ਹਰ ਜ਼ਰੂਰਤ ਪੂਰੀ ਕਰਦੀ ਸੀ। ਜਸਵੀਰ ਨੇ ਬਾਪ ਨਾਲ ਰਾਇ ਕੀਤੀ। ਬਾਪੂ ਕਹੇ, "ਸਾਡੇ ਕੋਲੋਂ ਪਿੰਡ ਦੀ ਜੀ-ਹਜ਼ੂਰੀ ਨਹੀਂ ਹੋਣੀ।" ਫਿਰ ਮਾਮੇ ਦੀ ਸਲਾਹ ਨਾਲ ਜਸਵੀਰ ਨੇ ਹੱਟੀ ਦਾ ਕੰਮ ਸਮਝਿਆ ਤੇ ਤਿਲਕ ਰਾਜ ਦਾ ਘਰ ਤੇ ਹੱਟੀ ਖਰੀਦ ਲਈ। ਇਸ਼ਕ ਦੀ ਖੇਡ ਵਿਚ ਉਡਦਾ ਪਰਿੰਦਾ ਹੱਟੀ ਨੁਮਾ ਜੇਲ੍ਹ ਵਿਚ ਕੈਦ ਹੋ ਗਿਆ, ਪਰ ਸ਼ਹਿਰੋਂ ਸਾਮਾਨ ਲਿਆਉਣ ਦੇ ਬਹਾਨੇ ਉਹ ਜਿੰਦਰੋ ਨੂੰ ਮਿਲ ਆਉਂਦਾ। ਜਦੋਂ ਜਿੰਦਰੋ ਦੇ ਭਰਾਵਾਂ ਨੂੰ ਪਤਾ ਲੱਗਿਆ, ਉਨ੍ਹਾਂ ਜਿੰਦਰੋ ਦਾ ਵਿਆਹ ਕਰਨ ਵਿਚ ਹੀ ਭਲੀ ਸਮਝੀ। ਜਿੰਦਰੋ ਦੀ ਭੂਆ ਨੇ ਉਸ ਦਾ ਰਿਸ਼ਤਾ ਆਪਣੇ ਸਹੁਰੀਂ ਕੈਨੇਡਾ ਤੋਂ ਆਏ ਮੁੰਡੇ ਨਾਲ ਕਰ ਦਿੱਤਾ। ਜਿੰਦਰੋ ਨੇ ਬਥੇਰਾ ਰੌਲਾ ਪਾਇਆ ਕਿ ਕੈਨੇਡਾ ਨਹੀਂ ਜਾਣਾ, ਜਸਵੀਰ ਨਾਲ ਵਿਆਹ ਲਈ ਵੀ ਕਿਹਾ, ਪਰ ਉਸ ਦੇ ਭਰਾ ਨਹੀਂ ਮੰਨੇ। ਉਸ ਦਾ ਕੈਨੇਡਾ ਵਾਲੇ ਮੁੰਡੇ ਨਾਲ ਵਿਆਹ ਕਰ ਦਿੱਤਾ। ਉਹ ਵਿਆਹ ਤੋਂ ਪਹਿਲਾਂ ਜਸਵੀਰ ਨੂੰ ਮਿਲੀ ਅਤੇ ਕਿਹਾ, "ਆਪਾਂ ਕੋਰਟ ਮੈਰਿਜ ਕਰਵਾ ਲਈਏ।" ਪਰ ਜਸਵੀਰ ਨੇ ਪਿਆਰ ਦੀ ਕੁਰਬਾਨੀ ਦੇ ਦਿੱਤੀ। ਦੋਵੇਂ ਜਿਉਂਦੀਆਂ ਲਾਸ਼ਾਂ ਬਣ ਕੇ ਇਕ ਦੂਜੇ ਦੇ ਗਲ ਲੱਗੇ ਤੇ ਵਿਛੜ ਗਏ।

ਤਿਲਕ ਰਾਜ ਦੇ ਦੱਸੇ ਨੁਸਖਿਆਂ ਉਤੇ ਚੱਲਦਾ ਜਸਵੀਰ ਹੱਟੀ ਵਿਚੋਂ ਚੰਗੀ ਕਮਾਈ ਕਰਨ ਲੱਗ ਪਿਆ। ਨਾਲ ਹੀ ਉਹਨੇ ਛੋਟੇ ਭਰਾ ਕੁਲਵੀਰ ਨੂੰ ਦੁੱਧ ਦੀ ਡੇਅਰੀ ਖੁਲ੍ਹਵਾ ਦਿੱਤੀ। ਲੋਕ ਦੁੱਧ ਦੇ ਪੈਸਿਆਂ ਨਾਲ ਹੀ ਘਰ ਦਾ ਸਾਮਾਨ ਜਸਵੀਰ ਦੀ ਹੱਟੀਓਂ ਲੈ ਜਾਂਦੇ।

ਦੋਹਾਂ ਭਰਾਵਾਂ ਦੀ ਮਿਹਨਤ ਰੰਗ ਲਿਆਈ। ਜੱਟਾਂ ਦੇ ਪੁੱਤਾਂ ਨੇ ਤਿਲਕ ਰਾਜ ਨੂੰ ਵੀ ਪਿੱਛੇ ਛੱਡ ਦਿੱਤਾ ਸੀ। ਉਧਰ ਜਿੰਦਰੋ ਡੋਲੀ ਬੈਠ ਗਈ, ਪਰ ਉਹ ਕੈਨੇਡਾ ਵਾਲੇ ਦੀ ਨਾ ਬਣ ਸਕੀ। ਕੈਨੇਡਾ ਵਾਲੇ ਨੂੰ ਉਥੇ ਜਸਵੀਰ ਦਾ ਕੋਈ ਗਰਾਈਂ ਮਿਲ ਪਿਆ ਜਿਸ ਨੇ ਜਸਵੀਰ ਤੇ ਜਿੰਦਰੋ ਦੀ ਕਹਾਣੀ ਖੋਲ੍ਹ ਸੁਣਾਈ। ਉਸ ਨੇ ਜਿੰਦਰੋ ਦੇ ਪੇਪਰ ਹੀ ਨਾ ਭਰੇ, ਪਰ ਸਾਲ ਬਾਅਦ ਪਿੰਡ ਜਾ ਕੇ ਉਸ ਦੇ ਹੁਸਨ ਨਾਲ ਖੇਡ ਜ਼ਰੂਰ ਆਉਂਦਾ। ਜਸਵੀਰ ਵਿਆਹ ਤੋਂ ਬਾਅਦ ਜਿੰਦਰੋ ਨੂੰ ਕਦੇ ਵੀ ਨਹੀਂ ਮਿਲਿਆ, ਪਰ ਉਸ ਦਾ ਸੁੱਖ ਸੁਨੇਹਾ ਲਭ ਲੈਂਦਾ।

ਕਾਰੋਬਾਰ ਵਿਚ ਹੋਈ ਤਰੱਕੀ ਤੋਂ ਬਾਅਦ ਜਸਵੀਰ ਨੂੰ ਰਿਸ਼ਤੇ ਆਉਣ ਲੱਗੇ, ਪਰ ਉਹ ਨਾਂਹ ਕਰ ਦਿੰਦਾ। ਜਸਵੀਰ ਦੀ ਨਾਂਹ ਦੀ ਖਬਰ ਜਿੰਦਰੋ ਦੇ ਕੰਨੀਂ ਪੈ ਗਈ। ਉਸ ਨੇ ਜਸਵੀਰ ਨੂੰ ਰਾਏਕੋਟ ਦੇ ਮੇਲੇ 'ਤੇ ਸੱਦ ਲਿਆ। ਦੋਵੇਂ ਅੱਖਾਂ ਵਿਚ ਹੰਝੂਆਂ ਦੀ ਝੜੀ ਲਾ ਕੇ ਮਿਲੇ।

"ਕੋਈ ਗੱਲ ਵੀ ਕਰ ਲਵੋ ਕਿ ਮੀਂਹ ਹੀ ਵਰਸਾਈ ਜਾਣਾ ਹੈ।" ਜਿੰਦਰੋ ਦੀ ਸਹੇਲੀ ਦੇਬੋ ਨੇ ਕਿਹਾ।

"ਜੇ ਤੂੰ ਘੇਰਾ ਛੱਡੇਂਗੀ ਤਾਂ ਹੀ ਕੋਈ ਗੱਲ ਕਰਾਂਗੇ।" ਜਸਵੀਰ ਨੇ ਕਿਹਾ।

"ਅੱਛਾ ਜੀ! ਜਨਾਬ ਨੂੰ ਸਾਡਾ ਦੁੱਖ ਹੈ। ਲਓ ਜੀ, ਅਸੀਂ ਖਿਸਕ ਜਾਨੇ ਆਂ।" ਦੇਬੋ ਨੇ ਗੁੱਤ ਦੀ ਸੱਪਣੀ ਬਣਾਈ ਤੇ ਤੰਬੂ ਵਿਚੋਂ ਬਾਹਰ ਹੋ ਗਈ।

"ਬੜੀ ਕਮਲੀ ਕੁੜੀ ਐ।" ਜਿੰਦਰੋ ਨੇ ਕਹਿ ਕੇ ਨੀਵੀਂ ਪਾ ਲਈ।

ਜਸਵੀਰ ਨੇ ਦੋਹਾਂ ਬਾਹਾਂ ਦਾ ਹਾਰ ਜਿੰਦਰੋ ਦੇ ਗਲ ਪਾ ਲਿਆ। ਦਿਲਾਂ ਦੀਆਂ ਧੜਕਣਾਂ ਦੀ ਕਿੰਨਾ ਚਿਰ ਗਲਵਕੜੀ ਪਈ ਰਹੀ। ਮਸਾਂ ਸੁੱਕੀ ਧਰਤੀ 'ਤੇ ਇੰਦਰ ਦੇਵਤਾ ਦਿਆਲ ਹੋਇਆ ਸੀ!

"ਕੀ ਗੱਲ, ਬੇਬੇ ਨੂੰ ਨੂੰਹ ਕਿਉਂ ਨਹੀਂ ਲਿਆ ਕੇ ਦਿੰਦੇ?" ਜਿੰਦਰੋ ਨੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦਿਆਂ ਪੁੱਛਿਆ।

"ਬੇਬੇ ਦੀ ਨੂੰਹ ਤਾਂ ਪਹਿਲਾਂ ਹੀ ਬੇਗਾਨੀ ਹੋ ਗਈ, ਹੁਣ ਕਿਥੋਂ ਲਿਆ ਦਿਆਂ?" ਜਸਵੀਰ ਨੇ ਮੋੜਾ ਦਿੱਤਾ।

"ਨੂੰਹ ਬੇਗਾਨੀ ਨਹੀਂ ਹੋਈ, ਤੁਸੀਂ ਬੇਗਾਨੀ ਕਰ ਗਏ ਸੀ। ਮੈਨੂੰ ਤਾਂ ਭਲਾ ਹੁਣ ਲੈ ਚੱਲ।" ਜਿੰਦਰੋ ਨੇ ਜਸਵੀਰ ਨੂੰ ਲਲਕਾਰਿਆ।

"ਤੂੰ ਬੇਗਾਨੀ ਨਹੀਂ, ਮੇਰੀ ਐਂ। ਇਸੇ ਲਈ ਮੈਂ ਵਿਆਹ ਨੂੰ 'ਹਾਂ' ਨਹੀਂ ਕਰ ਰਿਹਾ।"

ਦੋਵੇਂ ਕਿੰਨਾ ਚਿਰ ਪੁਰਾਣੀਆਂ ਯਾਦਾਂ ਤਾਜ਼ਾ ਕਰਦੇ ਰਹੇ। ਦੇਬੋ ਅਖਬਾਰ ਉਤੇ ਜਲੇਬੀਆਂ ਰੱਖੀ ਆਣ ਪਹੁੰਚੀ, "ਲੈ ਜੀਜਾ! ਖਾਹ ਤੱਤੀਆਂ ਤੱਤੀਆਂ ਜਲੇਬੀਆਂ।"

ਤਿੰਨਾਂ ਨੇ ਖੁਸ਼ ਹੋ ਕੇ ਜਲੇਬੀਆਂ ਖਾਧੀਆਂ ਅਤੇ ਫਿਰ ਹੰਝੂਆਂ ਸੰਗ ਵਿਦਾ ਹੋ ਗਏ।

ਜਿੰਦਰੋ ਜਿਸ ਦਿਨ ਦੀ ਜਸਵੀਰ ਨੂੰ ਮਿਲ ਕੇ ਆਈ ਸੀ, ਉਡੂੰ-ਉਡੂੰ ਕਰਦੀ ਸੀ। ਉਸ ਨੇ ਖੁਸ਼ੀਆਂ ਦੀ ਬੁੱਕਲ ਦਾ ਅਜੇ ਪੂਰਾ ਨਿੱਘ ਵੀ ਨਹੀਂ ਸੀ ਮਾਣਿਆ ਕਿ ਕੈਨੇਡਾ ਤੋਂ ਖਬਰ ਆ ਗਈ ਕਿ ਉਸ ਦਾ ਪਤੀ ਕਾਰ ਐਕਸੀਡੈਂਟ ਵਿਚ ਮਾਰਿਆ ਗਿਆ ਹੈ। ਇਹ ਖਬਰ ਜਸਵੀਰ ਨੂੰ ਵੀ ਮਿਲੀ। ਉਹ ਜਿੰਦਰੋ ਨੂੰ ਉਸ ਦੇ ਘਰ ਮਿਲ ਕੇ ਆਇਆ ਤੇ ਹੌਸਲਾ ਦਿੱਤਾ।

ਤਿਲਕ ਰਾਜ ਦਾ ਪਿੰਡ ਵਿਚ ਵਿਆਜੂ ਰੁਪਇਆ ਬਹੁਤ ਵੰਡਿਆ ਹੋਇਆ ਸੀ। ਛੇ ਮਹੀਨਿਆਂ ਬਾਅਦ ਹਾੜ੍ਹੀ-ਸਾਉਣੀ ਉਹ ਦਿੱਲੀਓਂ ਆ ਕੇ ਉਗਰਾਹੀ ਕਰ ਜਾਂਦਾ। ਐਤਕੀਂ ਨਾਲ ਉਸ ਦਾ ਛੋਟਾ ਪੁੱਤ ਵੀ ਆਇਆ। ਉਹ ਜਸਵੀਰ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਸ਼ਾਮ ਦੀ ਚਾਹ ਵੇਲੇ ਤਿਲਕ ਰਾਜ ਦਾ ਪੁੱਤ ਪਵਨ, ਜਸਵੀਰ ਨੂੰ ਕਹਿੰਦਾ, "ਜਸਵੀਰ! ਜੇ ਅਮਰੀਕਾ ਜਾਣੈ ਤਾਂ ਸਵੇਰੇ ਹੀ ਤਿਆਰ ਹੋ ਜਾ, ਪਰਸੋਂ ਨੂੰ ਤੇਰੀ ਫਲੈਟ ਹੋ ਜਾਊ। ਮੇਰਾ ਇਕ ਬੰਦਾ ਘਟਦੈ।"

"ਬਾਈ! ਤੂੰ ਏਜੰਟ ਕਦੋਂ ਬਣ ਗਿਆ?"

"ਤੂੰ ਬਹੁਤੀ ਗੱਲ ਨਾ ਕਰ, ਚਾਚੇ ਨਾਲ ਰਾਇ ਕਰ ਲੈ ਤੇ ਮੇਰੇ ਨਾਲ ਤੁਰ।" ਪਵਨ ਬੋਲਿਆ।

"ਕਿੰਨੇ ਪੈਸੇ ਤੇ ਕਦੋਂ?" ਜਸਵੀਰ ਨੇ ਹੈਰਾਨੀ ਨਾਲ ਪੁੱਛਿਆ।

"ਮੈਂ ਪੈਸਿਆਂ ਦੀ ਗੱਲ ਕੀਤੀ ਐ ਕੋਈ? ਪੈਸਾ ਕੋਈ ਨਹੀਂ, ਜਦੋਂ ਪਹੁੰਚ ਗਿਆ ਤਾਂ ਕੰਮ ਲੱਗ ਕੇ ਮੋੜ ਦੇਵੀਂ।" ਪਵਨ ਨੇ ਕਿਹਾ।

ਹਫਤੇ ਵਿਚ ਜਸਵੀਰ ਨਿਊ ਯਾਰਕ ਆਪਣੇ ਮਾਮੇ ਦੇ ਪੁੱਤ ਕੋਲ ਸੀ। ਉਸ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਉਹ ਸੱਚਮੁੱਚ ਅਮਰੀਕਾ ਬੈਠਾ ਹੈ। ਜਿੰਦਰੋ ਨੂੰ ਪਤਾ ਲੱਗਿਆ, ਪਹਿਲਾਂ ਤਾਂ ਉਹ ਗੁੱਸੇ ਹੋਈ ਕਿ ਬਿਨ ਮਿਲਿਆਂ ਭੱਜ ਗਿਆ, ਪਰ ਜਦੋਂ ਅਸਲ ਗੱਲ ਦਾ ਪਤਾ ਲੱਗਿਆ ਤਾਂ ਖੁਸ਼ ਹੋ ਗਈ। ਜਸਵੀਰ ਨੇ ਵੀ ਗਜ਼ ਲੰਮੀ ਚਿੱਠੀ ਪਾਈ ਸੀ। ਮੁਰਝਾਏ ਫੁੱਲਾਂ 'ਤੇ ਫਿਰ ਬਹਾਰ ਆਉਣ ਲੱਗੀ।

ਜਸਵੀਰ ਦੇ ਮਾਮੇ ਨੇ ਗੋਰੀ ਲੱਭ ਕੇ ਉਸ ਦਾ ਵਿਆਹ ਕਰ ਦਿੱਤਾ। ਮਹੀਨਿਆਂ ਵਿਚ ਹੀ ਗਰੀਨ ਕਾਰਡ ਮਿਲ ਗਿਆ। ਉਹਨੇ ਦੱਬ ਕੇ ਕਮਾਈ ਕੀਤੀ। ਪਵਨ ਨੇ ਸਿਰਫ ਤਿੰਨ ਲੱਖ ਰੁਪਏ ਹੀ ਲਏ। ਤਿੰਨ ਸਾਲ ਬਾਅਦ ਉਹ ਦਸ ਸਾਲ ਦਾ ਗਰੀਨ ਕਾਰਡ ਲੈ ਕੇ ਪਿੰਡ ਗਿਆ। ਸਮਾਂ ਬਦਲ ਚੁੱਕਾ ਸੀ। ਮਹਿਲਾਂ ਦੀ ਥਾਂ ਕੁੱਲੀਆਂ ਤੇ ਕੁੱਲੀਆਂ ਵਾਲੀ ਥਾਂ ਮਹਿਲ ਉਸਰ ਗਏ ਸਨ।

ਬਾਪੂ ਨੇ ਜਸਵੀਰ ਦੇ ਵਿਆਹ ਦੀ ਗੱਲ ਤੋਰੀ ਤਾਂ ਜਸਵੀਰ ਕਹਿੰਦਾ ਕਿ ਕੁੜੀ ਮੇਰੀ ਦੇਖੀ ਹੋਈ ਹੈ। ਜਦੋਂ ਬਾਪੂ ਨੂੰ ਜਿੰਦਰੋ ਦਾ ਪਤਾ ਲੱਗਿਆ ਤਾਂ ਉਸ ਨੇ ਸੱਤੀਂ ਕੱਪੜੀਂ ਅੱਗ ਲੱਗ ਗਈ।

"ਤੈਨੂੰ ਪਤੈ, ਉਸ ਦੇ ਭਰਾਵਾਂ ਨੇ ਤੇਰਾ ਕੀ ਹਾਲ ਕੀਤਾ ਸੀ।" ਬਾਪੂ ਨੇ ਕਿਹਾ।

"ਉਹ ਗੱਲਾਂ ਉਸ ਸਮੇਂ ਦੀਆਂ ਸਨ, ਹੁਣ ਸਮਾਂ ਬਦਲ ਗਿਆ ਹੈ। ਹੁਣ ਤੇਰੇ ਪੁੱਤ ਦੇ ਨਾਂ ਪਿੱਛੇ ਯੂ.ਐਸ.ਏ. ਲੱਗਦੈ।" ਜਸਵੀਰ ਬੋਲਿਆ।

"ਵੇ ਪੁੱਤ! ਉਹ ਤਾਂ ਵਿਧਵਾ ਹੈ। ਤੈਨੂੰ ਕੁੜੀਆਂ ਦਾ ਘਾਟਾ।" ਮਾਂ ਨੇ ਆਪਣੀ ਸਿਆਣਪ 'ਚੋਂ ਕਿਹਾ।

"ਕੁਝ ਵੀ ਹੋ ਜਾਵੇ, ਮੈਂ ਜਿੰਦਰੋ ਨਾਲ ਵਿਆਹ ਕਰਵਾਉਣੈ।" ਜਸਵੀਰ ਦੀ ਜਿਦ ਅੱਗੇ ਸਾਰੇ ਝੁਕ ਗਏ। ਜਦੋਂ ਜਿੰਦਰੋ ਦੇ ਘਰ ਜਸਵੀਰ ਗਿਆ ਤਾਂ ਉਹਦੇ ਘਰਵਾਲੇ ਅੱਗੇ ਹੱਥ ਜੋੜ ਕੇ ਖੜ੍ਹ ਗਏ। ਕਹਿੰਦੇ, "ਰੱਬ ਕਦੇ ਦੇਖਿਆ ਤਾਂ ਨਹੀਂ, ਪਰ ਤੂੰ ਰੱਬ ਬਣ ਬਹੁੜਿਐਂ। ਜਿੰਦਰੋ ਤੇਰੀ ਸੀ, ਤੇਰੀ ਰਹੇਗੀ। ਅਸੀਂ ਅਮੀਰੀ ਦੀ ਤਲਵਾਰ ਨਾਲ ਵੀ ਪਿਆਰ ਦੇ ਟੋਟੇ ਨਹੀਂ ਕਰ ਸਕੇ, ਪਰ ਤੈਂ ਨਿਮਰਤਾ ਤੇ ਸਬਰ ਨਾਲ ਗਰੀਬੀ 'ਤੇ ਜਿੱਤ ਪ੍ਰਾਪਤ ਹੀ ਨਹੀਂ ਕੀਤੀ, ਸਗੋਂ ਸਾਡੇ ਵਰਗਿਆਂ ਨੂੰ ਵੀ ਖੂਨ ਨਾਲ ਹੱਥ ਰੰਗਣ ਤੋਂ ਰੋਕਣ ਦੀ ਸਿੱਖਿਆ ਦਿੱਤੀ ਹੈ।"

"ਜਸਵੀਰ ਸਿਆਂ! ਲੋਕ ਕਹਿ ਤਾਂ ਦਿੰਦੇ ਆ ਕਿ ਪੈਸਾ ਹੱਥਾਂ ਦੀ ਮੈਲ ਹੈ, ਪਰ ਪੈਸੇ ਤੋਂ ਬਿਨਾਂ ਗੱਲ ਬਣਦੀ ਵੀ ਨਹੀਂ। ਜੇ ਅਮਰੀਕਾ ਨਾ ਜਾਂਦਾ ਤਾਂ ਜਿੰਦਰੋ ਤੈਨੂੰ ਨਹੀਂ ਸੀ ਮਿਲਣੀ।" ਪਵਨ ਨੇ ਕਿਹਾ।

ਮਾਂ ਜਦੋਂ ਪਾਣੀ ਵਾਰ ਕੇ ਪੀਣ ਲੱਗੀ, ਜਸਵੀਰ ਨੇ ਜਿੰਦਰੋ ਨੂੰ ਚੂੰਢੀ ਵੱਢੀ, "ਮਾਂ ਦੇਖ ਲੈ ਆਪਣੀ ਨੂੰਹ, ਵਿਆਹ ਲਿਆਂਦੀ ਨਾ ਫਿਰ ਵਾਹਿਗੁਰੂ ਦੀ ਮਿਹਰ ਨਾਲ।"

---

## ਕਾਵਿ-ਕਿਆਰੀ

### ਆਓ ਬਣਾਈਏ ਨਵਾਂ ਗੁਰਦੁਆਰਾ

ਪੰਜ ਸੱਤ ਬੰਦੇ 'ਕੱਠੇ ਹੋ ਕੇ ਮੀਟਿੰਗ ਸੀ ਪਏ ਕਰਦੇ।
ਇਕ ਦੋ ਬੰਦੇ ਬਾਹਰੋਂ ਆ ਗਏ ਕੁਝ ਜੀ ਆ ਗਏ ਘਰ ਦੇ।
ਬਿਜਨਸ ਬਾਹਲੇ ਮੰਦੇ ਪੈ ਗਏ ਬਚਦਾ ਨਹੀਂ ਕੋਈ ਪੈਸਾ।
ਵਾਰੇ ਨਿਆਰੇ ਹੋ ਜਾਣ ਸਭ ਦੇ ਕਰੀਏ ਕੰਮ ਕੋਈ ਐਸਾ।
ਜੇਬਾਂ ਸਭ ਦੀਆਂ ਖੁਸ਼ਦੀਆਂ ਜਾਵਣ ਬਿਪਤਾ ਪੈ ਗਈ ਭਾਰੀ।
ਰੋਟੀ ਪਾਣੀ ਤੁਰਦਾ ਜਾਵੇ ਐਸੀ ਕਰੀਏ ਤਿਆਰੀ।

ਗੈਸ ਸਟੇਸ਼ਨ, ਸੈਵਨ ਅਲੈਵਨ, ਲਿੱਕਰ ਪੈ ਗਏ ਮੰਦੇ।
ਹੁਣ ਤੇ ਉਹੀਓ ਬਚ ਸਕਦੈ ਜੋ ਕਰੇਗਾ ਕਾਲੇ ਧੰਦੇ।
ਸਭ ਨੇ ਰੋਇਆ ਆਪਣਾ ਰੋਣਾ ਆਪਣੀ ਆਪਣੀ ਵਾਰੀ।
ਨਵਾਂ ਬਣਾਈਏ ਗੁਰਦੁਆਰਾ ਸਭ ਨੇ ਕੀਤੀ ਤਿਆਰੀ।
ਜੇਕਰ ਬਣ ਗਿਆ ਗੁਰਦੁਆਰਾ ਮੁੱਕ ਜਾਣੈ ਸਭ ਰੋਣਾ।
ਏਹਦੇ ਨਾਲੋਂ ਵਧੀਆ ਬਿਜਨਸ ਹੋਰ ਨਾ ਕੋਈ ਹੋਣਾ।

ਮੈਂ ਪ੍ਰਧਾਨ ਤੇ ਇਹ ਖਜ਼ਾਨਚੀ ਤੂੰ ਬਣ ਜਾਈਂ ਸੈਕਟਰੀ।
ਮੇਰੇ ਘਰ ਦੇ ਨੇੜੇ ਹੀ ਇਕ ਪਈ ਏ ਬੰਦ ਫੈਕਟਰੀ।
ਉਸ ਫੈਕਟਰੀ ਦਾ ਸੌਦਾ ਕਰ ਕੇ ਕੰਮ ਮੁਕਾਈਏ ਛੇਤੀ।
ਕੰਧਾਂ ਨੂੰ ਵੀ ਕੰਨ ਹੋਂਦੇ ਨੇ ਸੁਣ ਨਾ ਲਏ ਕੋਈ ਭੇਤੀ।
ਬਣ ਜਾਏ ਜੇਕਰ ਗੁਰਦੁਆਰਾ ਐਸ਼ ਹੀ ਐਸ਼ ਹੈ ਹੋਣੀ।
ਲੀਡਰ ਬਣ ਕੇ ਮੌਜਾਂ ਲੁਟੀਏ ਜ਼ਿੰਦਗੀ ਲੰਘ ਜਾਊ ਸੋਹਣੀ।

ਰੱਬ ਤੋਂ ਇਥੇ ਡਰਦਾ ਕੋਈ ਨਹੀਂ ਅਸੀਂ ਵੀ ਕਾਹਨੂੰ ਡਰੀਏ।
ਗੋਲਕ ਉਤੇ ਚਲਦੀਆਂ ਮੌਜਾਂ ਅਸੀਂ ਵੀ ਮੌਜਾਂ ਕਰੀਏ।
ਆਪਣੇ ਹੀ ਅਸੀਂ ਹੁਕਮ ਚਲਾਉਣੇ ਆਪਣੀ ਹੀ ਮਰਿਆਦਾ।
ਧੌਣ ਉਸ ਦੀ ਭੰਨ ਦੇਵਾਂਗੇ ਜੇ ਕੋਈ ਬੋਲਿਆ ਜ਼ਿਆਦਾ।
ਇਲਲੀਗਲ ਹੀ ਰੱਖਾਂਗੇ ਅਸੀਂ ਰਾਗੀ ਵੀ ਤੇ ਭਾਈ।
ਘੱਟ ਤਨਖਾਹ ਤੇ ਕੰਮ ਜ਼ਿਆਦਾ ਕਰੀਏ ਰੱਜ ਕਮਾਈ।

ਰਾਗੀ ਸਿੰਘ ਬਣਾ ਕੇ ਸਾਰੇ ਰਿਸ਼ਤੇਦਾਰ ਲੰਘਾਈਏ।
ਗੁਰਦੁਆਰੇ ਦੀ ਆੜ ਦੇ ਅੰਦਰ ਪੈਸਾ ਖੂਬ ਕਮਾਈਏ।
ਰੋਜ਼ ਸ਼ਾਮ ਨੂੰ ਕੀਰਤਨ ਹੋਵੇ ਰੋਜ਼ ਹੀ ਲੰਗਰ ਪੱਕਣ।
ਆਟਾ ਦਾਲ ਬਥੇਰਾ ਚੜ੍ਹਨੈ ਸਾਰੇ ਹੀ ਉਥੇ ਛਕਣ।
ਕੌਣ ਘਰੇ ਹੁਣ ਆਟਾ ਗੁੰਨ੍ਹੇ ਕੌਣ ਬਣਾਵੇ ਸਬਜ਼ੀ।
ਲੰਗਰ ਦੇ ਵਿਚ ਛੱਤੀ ਪਦਾਰਥ ਖਾਵੋ ਜਿੰਨੇ ਮਰਜ਼ੀ।

ਬੋਲੇ ਸੋ ਨਿਹਾਲ ਦਾ ਲਾਇਆ ਸਭਨਾਂ ਨੇ ਜੈਕਾਰਾ।
ਪੰਜ ਸੱਤ ਹਫਤੇ ਦੇ ਵਿਚ ਹੀ ਖੁੱਲ੍ਹ ਗਿਆ ਗੁਰਦੁਆਰਾ।
ਸੈਕਟਰੀ ਤੇ ਪ੍ਰਧਾਨ ਸਾਹਿਬ ਦੇ ਰੰਗ ਰੂਪ ਸੀ ਬਦਲੇ।
ਗਿਣ ਗਿਣ ਕੇ ਗੋਲਕ ਦੀ ਮਾਇਆ ਬੰਦੇ ਹੋ ਗਏ ਪਗਲੇ।
ਬੰਦਿਆਂ ਤੋਂ ਬਣ ਗਏ ਸੁਪਰੀਮੋ ਬਦਲ ਗਈਆਂ ਨੇ ਤੋਰਾਂ।
ਰੱਬ ਦੇ ਘਰ ਨੂੰ ਲੁਟ ਖਾ ਲਿਆ ਦਿਲ ਦਿਆਂ ਕਾਲਿਆਂ ਚੋਰਾਂ।

ਸਭ ਤੋਂ ਸੌਖਾ ਸਭ ਤੋਂ ਪੱਧਰਾ ਸਭ ਤੋਂ ਸਿੱਧਾ ਰਸਤਾ।
ਖੋਲ੍ਹ ਲਵੋ ਇਕ ਗੁਰਦੁਆਰਾ ਸਭ ਤੋਂ ਬਿਜਨਸ ਸਸਤਾ।
ਕੰਮ ਕਰਨ ਦੀ ਲੋੜ ਨਹੀਂ ਪੈਂਦੀ ਵਿਹਲੇ ਬਹਿ ਕੇ ਖਾਓ।
ਐਸ਼ ਕਰੋ ਗੋਲਕ ਦੇ ਸਿਰ 'ਤੇ ਰੱਜ ਕੇ ਨਾਮ ਕਮਾਓ।
ਕਾਂਗਰਸਮੈਨ ਗਵਰਨਰ ਦੇ ਨਾਲ ਯਾਰੀ ਆਪਣੀ ਪਾਓ।
ਗੋਲਕ ਵਿਚੋਂ ਕੱਢ ਕੇ ਮਾਇਆ ਫੰਡ ਰੇਜ਼ਿੰਗ ਕਰਵਾਓ।

ਇੰਡੀਆ ਦੇ ਵਿਚ ਲੁੱਟ ਰਿਹਾ ਬਾਦਲ ਅਸੀਂ ਵੀ ਇਥੇ ਲੁੱਟੀਏ।
ਜੇ ਕੋਈ ਸੱਚ ਬੋਲਣਾ ਚਾਹਵੇ ਉਥੇ ਹੀ ਢਾਹ ਕੇ ਕੁੱਟੀਏ।
ਕੀਰਤਨ ਦੇ ਲਈ ਉਸ ਨੂੰ ਸੱਦੀਏ ਜੋ ਪੈਰੀਂ ਹੱਥ ਲਾਵੇ।
ਰੱਬ ਦੀਆਂ ਗੱਲਾਂ ਘੱਟ ਕਰੇ ਪ੍ਰਧਾਨ ਜੀ ਦੇ ਗੁਣ ਗਾਵੇ।
ਜੇ ਕੋਈ ਸੱਚ ਦੀ ਗੱਲ ਕਰੇ ਉਹਨੂੰ ਟਾਈਮ ਨ ਮਿਲੇ ਦੁਬਾਰਾ।
ਇਹ ਗੁਰੂਘਰ ਪ੍ਰਧਾਨ ਦਾ ਹੈ, ਨਹੀਂ ਗੁਰੂ ਨਾਨਕ ਦਾ ਦੁਆਰਾ।

ਬਿਜਨਸਮੈਨਾਂ ਦੀ ਬੇਈਮਾਨੀ ਐਸਾ ਰੰਗ ਲਿਆਈ।
ਨਾਲੇ ਲੋਕੀ ਮਾਇਆ ਚਾੜ੍ਹਨ ਨਾਲੇ ਦੇਣ ਵਧਾਈ।
ਭਟਕੇ ਹੋਏ ਪ੍ਰਧਾਨਾਂ ਦੇ ਨੇ ਵਿਗੜੇ ਹੋਏ ਨਿਆਣੇ।
ਪਤਵਾਰਾਂ ਨਾਲ ਬੇੜੀਆਂ ਡੁੱਬੀਆਂ ਡੁਬ ਗਏ ਨਾਲ ਮੁਹਾਣੇ।
ਉਲਟੀ ਵਾੜ ਖੇਤ ਨੂੰ ਖਾ ਗਈ ਖੇਤ ਉਜੜ ਗਏ ਸਾਰੇ।
ਗੁਰਦੁਆਰਿਆਂ ਵਿਚ ਚੌਧਰ ਕਰਦੇ ਪਾਪੀ ਕਰਮਾਂ ਮਾਰੇ।
ਸਿੱਖ ਧਰਮ ਦੀ ਖਾਤਰ ਜਿਸ ਨੇ ਪੁੱਤਰ ਵਾਰੇ ਚਾਰੇ।
ਆ ਮੇਰੇ ਦਸਮੇਸ਼ ਪਿਤਾ ਜ਼ਰਾ ਆ ਕੇ ਵੇਖ ਨਜ਼ਾਰੇ।
ਚੌਧਰ ਤੇ ਗੋਲਕ ਦੇ ਉਤੇ ਡੁੱਲ੍ਹ ਗਈ ਕੌਮ ਹੈ ਤੇਰੀ।
ਤੇਰੀਆਂ ਸਭ ਕੁਰਬਾਨੀਆਂ ਭੁੱਲ ਗਈ ਕੌਮ ਹੈ ਤੇਰੀ।
ਸਾੜਿਆ ਜਿਵੇਂ ਮਸੰਦਾਂ ਤਾਈਂ ਇਨ੍ਹਾਂ ਨੂੰ ਵੀ ਸਾੜੋ।

ਸੰਤ ਉਬਾਰੋ ਦੁਸ਼ਟ ਸੰਘਾਰੋ ਪਾਪੀ ਚੁਣ ਚੁਣ ਮਾਰੋ।
ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ ਐਸੇ ਸਿੱਖ ਬਣ ਜਾਈਏ।
ਚੌਧਰ ਛਡ ਕੇ ਸੇਵਾ ਕਰੀਏ ਜਿਉਂਦਿਆਂ ਮੁਕਤੀ ਪਾਈਏ।
ਰੱਬ ਦਿਓ ਬੰਦਿਓ ਡਰੋ ਮੌਤ ਤੋਂ ਸਿੱਖ ਲਓ ਰੱਬ ਤੋਂ ਡਰਨਾ।
ਚਾਹੁੰਦੇ ਹੋ 'ਸੁਰਜੀਤ' ਜੇ ਹੋਣਾ ਜਿਉਂਦਿਆਂ ਸਿੱਖ ਲਓ ਮਰਨਾ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

### ਕੜੀ !

ਜਦੋਂ ਸੀ ਮਸੰਦ ਖੂਨ ਪਰਜਾ ਦਾ ਪੀਣ ਲੱਗੇ,
ਗੁਰੂ ਨੇ ਨਕਾਰੇ ਕਾਹਤੋਂ? ਮਨਾਂ ਨੂੰ ਘਰੋੜੀਏ।
ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਹੀ ਖਾਈ ਜਾਵੇ,
ਮਨਮਤ ਬਣੀਆਂ ਜੰਜੀਰਾਂ ਲਾਹ ਕੇ ਰੋੜ੍ਹੀਏ।

ਧਰਮ ਦੀ ਆੜ ਜਦੋਂ ਕਿਰਤੀ ਦੀ ਲੁੱਟ ਕਰੇ,
ਘੱਟੋ-ਘੱਟ ਉਸ ਵੇਲੇ ਬਹਿ ਕੇ ਸਿਰ ਜੋੜੀਏ।
ਸੱਚ ਤੇ ਧਰਮ ਵਾਲਾ ਲੈਣਾ ਪਵੇ ਫੈਸਲਾ ਜੇ,
ਰਾਜਨੀਤੀ ਵਾਲਿਆਂ ਨੂੰ ਵਿਚ ਨਾ ਘਸੋੜੀਏ।

ਨੀਤੀ ਦੇ ਛਲਾਵੇ ਸਦਾ ਮੱਤ ਵਰਗਲਾਂਵਦੇ ਨੇ,
ਗੁਰੂ ਉਪਦੇਸ਼ਾਂ ਨਾਲ ਮਨ ਸਦਾ ਹੋੜੀਏ।
ਗੁਰੂ ਜੀ ਮਸੰਦਾਂ ਦੀ ਪ੍ਰਥਾ ਜਿੱਦਾਂ ਬੰਦ ਕੀਤੀ,
ਸਭਾ ਰਾਜ-ਪੰਡਤਾਂ ਦੀ ਓਦਾਂ ਆਪਾਂ ਛੋੜੀਏ।

ਰਾਜਨੀਤਕਾਂ ਦੀ ਘੜੀ ਕਠਪੁਤਲੀ ਹੀ ਰਹਿਣੀ,
ਪੰਥਕ ਰਵਾਇਤਾਂ ਕਹਿ ਕੇ ਕਿੰਨਾ ਵੀ ਮਰੋੜੀਏ।
ਜਿਹੜੀ ਕੜੀ ਨਾਲ ਨੀਤੀ ਧਰਮ 'ਤੇ ਭਾਰੂ ਹੋਵੇ,
ਆਓ, ਬੈਠ ਖਾਲਸਾ ਜੀ ਕੜੀ ਓਹੋ ਤੋੜੀਏ।

-ਡਾ. ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ

### ਦੇਸ਼ ਭਗਤੀ

ਇਹ ਸਦਾ ਖੁਸ਼ਕ ਰਹੀ ਖੂਨ ਦੇ ਦਰਿਆ ਪੀ ਕੇ,
ਹਾਂ, ਅਸੀਂ ਆਪਣੀ ਹਕੂਮਤ 'ਚ ਭੀ ਬਰਬਾਦ ਰਹੇ,
ਆਦਮੀਅਤ ਸਦਾ ਮੁਰਦਾ ਹੀ ਰਹੀ ਹੈ ਜੀ ਕੇ।
ਹੈ ਗਰੀਬਾਂ ਦੀਆਂ ਲਾਸ਼ਾਂ 'ਤੇ ਗੁਜ਼ਾਰਾ ਇਸ ਦਾ,
ਨਾ ਬੁਝੀ ਇਸ ਦੀ ਕਦੀ ਬੇਵਾ ਦੇ ਰੋਣੇ ਤੋਂ ਪਿਆਸ,
ਭੁੱਖੇ ਬੱਚਿਆਂ ਦੀਆਂ ਸਿਸਕੀਆਂ ਨੇ ਸਹਾਰਾ ਇਸ ਦਾ।
ਕੁਝ ਬਣੀ ਹੈ ਤਾਂ ਅਮੀਰਾਂ ਦੀ ਹੀ ਇਹ ਜਿੰਦ ਬਣੀ,
ਕਦੀ ਦਿੱਲੀ, ਕਦੀ ਚਿਤੌੜ, ਕਦੀ ਹਿੰਦ ਬਣੀ।
ਸੈਂਕੜੇ ਵਾਰ ਹਰੇ ਖੇਤ ਜਲਾਏ ਇਸ ਨੇ,
ਤਖਤ ਲੋਕਾਂ ਦੀਆਂ ਹੱਡੀਆਂ ਦੇ ਬਣਾਏ ਇਸ ਨੇ।
ਰਹਿਮ ਆਇਆ ਤਾਂ ਕਦੀ ਵੰਡੇ ਸ਼ਹੀਦਾਂ ਦੇ ਖਿਤਾਬ,
ਕਾਸ਼! ਉਲਟੇ ਕੋਈ ਇਸ ਵਤਨ-ਪ੍ਰਸਤੀ ਦਾ ਨਕਾਬ!
ਖੂਨ ਕਿਰਤੀ ਦਾ ਰਿਹਾ ਸ਼ਾਹਾਂ ਦੀ ਮਸਤੀ ਦੇ ਲਈ,
ਕੌਮ ਮਰਵਾਈ ਗਈ ਐਸ਼-ਪ੍ਰਸਤੀ ਦੇ ਲਈ।
ਸਦਾ ਹੋਈ ਏ ਮਨੁੱਖਤਾ ਦੀ ਤਬਾਹੀ ਇਸ ਤੋਂ,
ਸਦਾ ਦੁਨੀਆਂ 'ਚ ਰਹੂ ਜੰਗ-ਲੜਾਈ ਇਸ ਤੋਂ।
ਅੱਜ ਤਹਿਜ਼ੀਬ ਦਾ ਯੁਗ ਇਸ ਦੀਆਂ ਚਾਲਾਂ ਦਾ ਸ਼ਿਕਾਰ।
ਦੇਸ਼ ਭਗਤੀ ਕੀ ਜੋ ਹੋਰਾਂ ਦੀ ਤਬਾਹੀ ਹੋਵੇ?
ਦੇਸ਼ ਭਗਤੀ, ਤੂੰ ਸਰਵ-ਸਾਂਝਤਾ ਨੂੰ ਮੋੜ ਮੁਹਾਰ!
ਦੇਸ਼ ਭਗਤੀ ਕੀ ਜੇ ਕੱਲ੍ਹ ਆਪ ਭੀ ਹੋਣਾ ਹੈ ਗੁਲਾਮ।
ਦੂਸਰੇ ਭੀ ਤਾਂ ਉਲਟ ਸਕਦੇ ਨੇ ਦੁਨੀਆਂ ਦਾ ਨਜ਼ਾਮ।
ਦੇਸ਼ ਦੀ ਸੇਵਾ ਸਿਰਫ ਪੌੜੀ ਸੀ, ਮੰਜ਼ਲ ਤਾਂ ਨਹੀਂ।
ਇਹ ਮਨੁੱਖਤਾ ਦੀ ਕੋਈ ਆਖਰੀ ਮਹਿਫਿਲ ਤਾਂ ਨਹੀਂ!
ਆਪਣੇ ਕੁਨਬੇ ਲਈ ਦੁਨੀਆਂ ਤੇ ਹੈ ਕਿਹਾ ਲਾਹਨਤ!
ਆਪਣੀ ਬੇੜੀ ਲਈ ਸਾਗਰ ਤੇ ਹੈ ਘੇਰਾ, ਤੌਬਾ!
ਦੇਸ਼ ਭਗਤੀ 'ਚ ਜ਼ਰੂਰਤ ਹੈ ਪਰਿਵਰਤਨ ਦੀ।
ਏਸ ਪਿੰਜਰ ਨੂੰ ਜ਼ਰੂਰਤ ਹੈ ਨਵੇਂ ਜੀਵਨ ਦੀ।
ਦੇਸ ਦੇ ਨਾਂ 'ਤੇ ਮਨੁੱਖਤਾ ਨੂੰ ਕਦੇ ਚੂਰ ਨਾ ਕਰ।
ਤੂੰ ਕਦੀ ਆਪਣੀ ਹਕੂਮਤ ਨੂੰ ਭੀ ਮਨਜ਼ੂਰ ਨਾ ਕਰ।
ਆਪਣੀ ਸ਼ਾਹੀ 'ਚ ਭੀ ਮੁਰਦਾ ਹੀ ਰਹੇ ਹਾਂ ਜੀ ਕੇ।
ਇਹ ਸਦਾ ਖੁਸ਼ਕ ਰਹੀ ਖੂਨ ਦੇ ਦਰਿਆ ਪੀ ਕੇ।
ਦੇਸ਼ ਭਗਤੀ ਦਾ ਹੀ ਦੁਨੀਆਂ 'ਚ ਨਸ਼ਾ ਹੈ ਜਦ ਤਕ।
ਖੂਬ ਹੋਵੇਗੀ ਗਰੀਬਾਂ ਦੀ ਤਬਾਹੀ ਤਦ ਤਕ।

-ਬਾਵਾ ਬਲਵੰਤ

# ਖ਼ੂਨ

## ਕਹਾਣੀ

***ਭਾਰਤ ਵਿਚ ਫਿਰਕੂ ਜਮਾਤਾਂ ਵੱਲੋਂ ਘੱਟ-ਗਿਣਤੀਆਂ ਖਿਲਾਫ ਚਲਾਈ ਹਨੇਰੀ ਵਿਰੁਧ ਉਠੀ ਆਵਾਜ਼ ਹੁਣ ਬਹੁਤ ਬੁਲੰਦ ਹੋ ਚੁੱਕੀ ਹੈ। ਇਸ ਆਵਾਜ਼ ਦਾ ਆਗਾਜ਼ ਹਿੰਦੀ ਲੇਖਕ ਉਦੈ ਪ੍ਰਕਾਸ਼ ਨੇ ਆਪਣਾ ਸਾਹਿਤ ਅਕਾਦਮੀ ਇਨਾਮ ਮੋੜ ਕੇ ਕੀਤਾ ਸੀ। ਬਾਅਦ ਵਿਚ ਇਹ ਇਨਾਮ ਵਾਪਸ ਕਰਨ ਵਾਲਿਆਂ ਦੀ ਲਾਮਡੋਰੀ ਬਣ ਗਈ। ਇਸ ਲਾਮਡੋਰੀ ਵਿਚ ਹੁਣ ਲੇਖਕਾਂ ਤੋਂ ਇਲਾਵਾ ਕਲਾਕਾਰ, ਫਿਲਮਸਾਜ਼, ਇਤਿਹਾਸਕਾਰ, ਵਿਗਿਆਨੀ, ਅਰਥ ਸ਼ਾਸਤਰੀ ਜੁੜ ਚੁੱਕੇ ਹਨ। ਪੰਜਾਬੀ ਵਿਚ ਇਨਾਮ ਮੋੜਨ ਦੀ ਪਹਿਲਕਦਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਕੀਤੀ ਸੀ। ਐਤਕੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਹਾਣੀ 'ਖ਼ੂਨ' ਛਾਪ ਰਹੇ ਹਾਂ ਜਿਸ ਵਿਚ ਜੱਟ ਦੀ ਜ਼ਮੀਨ ਲਈ ਹਿਰਸ ਉਘੜਦੀ ਹੈ ਕਿ ਉਹ ਜ਼ਮੀਨ ਖਾਤਰ ਕੁਝ ਵੀ ਕਰ ਸਕਦਾ ਹੈ, ਕਤਲ ਵੀ; ਪਰ ਕਈ ਵਾਰ ਮਾਨਵੀ ਰਿਸ਼ਤਿਆਂ ਦੀ ਕੋਈ ਤੰਦ ਅਜਿਹੀ ਖੁੱਲ੍ਹਦੀ ਹੈ ਕਿ ਸਭ ਲਾਲਚ ਧਰੇ ਧਰਾਏ ਰਹਿ ਜਾਂਦੇ ਹਨ। -ਸੰਪਾਦਕ***



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

ਕਰਤਾਰੇ ਨੇ ਕਿੱਲੀ ਉਤੋਂ ਤਲਵਾਰ ਲਾਹੀ, ਮਿਆਨ ਵਿਚੋਂ ਕੱਢੀ ਅਤੇ ਉਹਦੀ ਧਾਰ ਉਤੇ ਖੱਬੇ ਹੱਥ ਦਾ ਗੂਠਾ ਫੇਰਿਆ। ਉਹ ਵਿਹੜੇ ਵਿਚ ਖੜ੍ਹੀ ਟਾਹਲੀ ਕੋਲ ਆਇਆ। ਬਾਂਹ ਜਿੰਨਾ ਮੋਟਾ ਇਕ ਡਾਹਣਾ ਪੋਰੇ ਨਾਲੋਂ ਪਾਟ ਕੇ ਚੜ੍ਹਦੇ ਵਾਲੇ ਪਾਸੇ ਨੂੰ ਵਧਿਆ ਹੋਇਆ ਸੀ। ਉਹਨੇ ਤਲਵਾਰ ਦਾ ਭਰਵਾਂ ਵਾਰ ਕੀਤਾ, ਡਾਹਣਾ ਮੂਲੀ ਦੇ ਡੱਕਰੇ ਵਾਂਗ ਧਰਤੀ ਉਤੇ ਆ ਪਿਆ। ਤਲਵਾਰ ਚੁੰਮ ਕੇ ਉਹਨੇ ਮਿਆਨ ਵਿਚ ਪਾਈ ਅਤੇ ਘਰੋਂ ਬਾਹਰ ਨਿੱਕਲ ਗਿਆ।

ਸੱਥ ਵਿਚੋਂ ਘਰ ਨੂੰ ਆਉਂਦੇ ਨੇ ਉਹਨੇ ਚੌਕੀਦਾਰ ਦਾ ਹੋਕਾ ਸੁਣਿਆ ਸੀ। ਮੁਰੱਬਾਬੰਦੀ ਵਾਲੇ ਪਟਵਾਰੀ ਪਿੰਡ ਵਿਚ ਆ ਗਏ ਸਨ। ਇਹ ਹੋਕਾ ਜਿਵੇਂ ਉਹ ਫੂਕ ਸੀ, ਜੋ ਚਿਰਾਂ ਤੋਂ ਧੁਖਦੇ ਘਾਹ ਫੂਸ ਦੇ ਮਚੂੰ-ਮਚੂੰ ਕਰਦੇ ਢੇਰ ਵਿਚ ਲਾਟ ਬਾਲ ਦਿੰਦੀ ਹੈ। ਕਈ ਸਾਲਾਂ ਤੋਂ ਉਹਦੇ ਦਿਲ ਦੀ ਇਕ ਨੁੱਕਰ ਵਿਚ ਇਕ ਅੱਚਵੀ ਜਿਹੀ ਲੱਗੀ ਰਹਿੰਦੀ ਸੀ, ਪਰ ਉਹ ਕਿਸੇ ਸਿੱਟੇ ਉਤੇ ਨਹੀਂ ਸੀ ਪੁੱਜ ਸਕਿਆ। ਹੁਣ ਉਹਨੇ ਸੋਚਿਆ ਕਿ ਵੇਲਾ ਆ ਗਿਆ ਸੀ। ਜੇ ਉਹਨੇ ਕੁਝ ਕਰਨਾ ਹੀ ਸੀ, ਤਾਂ ਹੁਣੇ ਕਿਉਂ ਨਾ ਕਰੇ, ਜਦੋਂ ਨਾਲ ਹੀ ਜ਼ਮੀਨ ਵਾਲੀ ਗੱਲ ਦਾ ਮੁਰੱਬਾਬੰਦੀ ਵਿਚ ਤੋਪਾ ਭਰਿਆ ਜਾਵੇ।

ਘਰੋਂ ਨਿੱਕਲ ਕੇ ਕਰਤਾਰਾ ਦੋ ਕੁ ਮੀਲ ਦੂਰੋਂ ਲੰਘਦੀ ਪੱਕੀ ਸੜਕ ਵੱਲ ਜਾਂਦੇ ਰਾਹ ਨਾ ਪਿਆ। ਉਹ ਅਗਲੇ ਪਿੰਡ ਦੇ ਅੱਡੇ ਵੱਲ ਜਾਂਦੀ ਸੁੰਨੀ ਡੰਡੀ ਉਤੇ ਤਿੱਖੀ ਤੋਰ ਤੁਰਿਆ ਜਾ ਰਿਹਾ ਸੀ। ਪੰਦਰਾਂ ਘੁਮਾਂ ਦੀ ਗੱਲ ਵੀ ਕੋਈ ਛੋਟੀ ਨਹੀਂ ਸੀ, ਪਰ ਉਹ ਤਾਂ ਆਪਣੇ ਭਵਿੱਖ ਦੇ ਇਕ ਵੈਰੀ ਦੀ ਅਲਖ ਮੁਕਾਉਣ ਚੱਲਿਆ ਸੀ। ਉਹ ਚਾਹੁੰਦਾ ਸੀ ਕਿ ਉਹਦੇ ਜਾਂਦੇ ਜਾਂ ਆਉਂਦੇ ਦੇ ਕੋਈ ਬੰਦਾ ਮੱਥੇ ਨਾ ਲੱਗੇ। ਆਪਣੇ ਕਾਰੇ ਦੀ ਗੰਭੀਰਤਾ ਬਾਰੇ ਸੋਚ ਕੇ ਉਹਦਾ ਦਿਲ ਤੇਜ਼ ਤੇਜ਼ ਧੜਕਣ ਲੱਗਦਾ। ਪਹਿਲਾਂ ਉਹਨੇ ਰਾਤ ਦੀ ਗੱਡੀ ਜਾਣਾ ਸੋਚਿਆ ਸੀ, ਪਰ ਇਸ ਤਰ੍ਹਾਂ ਅੱਗੇ ਦਿਨ ਆ ਜਾਣਾ ਸੀ। ਅਜਿਹੇ ਕੰਮ ਕਰਨ ਵਾਲਿਆਂ ਨੂੰ ਤਾਂ ਅੱਗੇ ਰਾਤ ਚਾਹੀਦੀ ਹੈ।

ਕਈ ਵਾਰ ਕਰਤਾਰਾ ਆਪਣੇ ਜੁੰਡੀ ਦੇ ਯਾਰਾਂ ਨਾਲ ਬੈਠਾ ਸ਼ਰਾਬ ਪੀ ਰਿਹਾ ਹੁੰਦਾ, ਤਾਂ ਉਹ ਫੜ੍ਹ ਮਾਰਦਾ, "ਆਪਣੇ ਮੂਹਰੇ ਤਾਂ ਬਾਈ ਇਕ ਵੇਲੇ ਵਗਦੇ ਦਰਿਆਵਾਂ ਦੇ ਪਾਣੀ ਅਟਕ ਜਾਂਦੇ ਐ।"

ਕਦੀ ਕਦੀ ਢਾਣੀ ਵਿਚੋਂ ਕੋਈ ਟਕੋਰ ਲਾਉਂਦਾ, "ਜੀਹਦੀ ਮਾਂ ਘਰੋਂ ਕੱਢੀ ਐ, ਕਰਤਾਰਿਆ, ਓਹੋ ਤੈਨੂੰ ਪੁੱਛੂ ਬਈ ਦਰਿਆਵਾਂ ਦੇ ਪਾਣੀ ਕਿਵੇਂ ਅਟਕਦੇ ਹੁੰਦੇ ਐ। ਉਹ ਵੀ ਹੁਣ ਦਹੀਂ ਨਾਲ ਟੁੱਕ ਖਾਂਦਾ ਹੋਣੈਂ।"

ਕਰਤਾਰਾ ਕੱਚਾ ਹੋ ਕੇ ਆਖਦਾ, "ਉਹ ਕੀੜੇ-ਪਤੰਗੇ ਜਿੰਨਾ ਛੋਕਰਾ ਮੇਰਾ ਕੀ ਕਰੂ... ਨਾਲੇ ਸਾਲਿਓ, ਉਹਦੀ ਮਾਂ ਮੈਂ ਘਰੋਂ ਕੱਢੀ ਐ ਓਇ?"

ਜਦੋਂ ਵੀ ਅਜਿਹੀ ਗੱਲ ਛਿੜਦੀ, ਆਈ ਗਈ ਹੋ ਜਾਂਦੀ; ਪਰ ਕਰਤਾਰੇ ਉਤੇ ਇਕ ਅਸਰ ਛੱਡ ਜਾਂਦੀ। ਉਹਨੂੰ ਲਗਦਾ, ਠੀਕ ਹੀ ਉਹਦਾ ਭਵਿੱਖ ਦਾ ਵੈਰੀ ਦੂਰ ਬੈਠਾ ਦਹੀਂ ਨਾਲ ਟੁੱਕ ਖਾ ਰਿਹਾ ਹੈ। ਕੀ ਹੋਇਆ ਜੇ ਉਹ ਅੱਜ ਕੀੜਾ ਪਤੰਗਾ ਹੈ, ਕੱਲ੍ਹ ਨੂੰ ਉਹ ਵੱਡਾ ਹੋ ਕੇ ਸੱਪ ਵੀ ਬਣ ਸਕਦਾ ਹੈ।

ਨਰਮ ਜਿਹਾ ਦੁਪਹਿਰਾ ਹੋ ਚੱਲਿਆ ਸੀ। ਬੱਸ ਆਈ। ਕਰਤਾਰੇ ਨੇ ਸ਼ੁਕਰ ਕੀਤਾ, ਬੱਸ ਵਿਚ ਉਹਦੇ ਪਿੰਡ ਦਾ ਕੋਈ ਬੰਦਾ ਨਹੀਂ ਸੀ। ਉਹ ਵਿਚਕਾਰ ਜਿਹੇ ਕਰ ਕੇ ਬਾਰੀ ਕੋਲ ਦੀ ਸੀਟ ਉਤੇ ਬੈਠ ਗਿਆ। ਉਹ ਸੋਚ ਰਿਹਾ ਸੀ ਕਿ ਜੱਗਰ ਦੇ ਕਤਲ ਵਾਲੇ ਮਾਮਲੇ ਵਿਚ ਉਹ ਲੋਕਾਂ ਦੀ ਨਜ਼ਰ ਵਿਚ ਅਸਲੋਂ ਹੀ ਸਾਫ਼ ਨਹੀਂ ਸੀ। ਜੱਗਰ ਦੇ ਕਤਲ ਵੇਲੇ ਪਿੰਡ ਵਿਚ ਉਹਦੇ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਉਡੀਆਂ ਹਨ। ਕੋਈ ਕਹਿੰਦਾ ਸੀ ਕਿ ਉਹਦਾ ਸਿੱਧਾ ਹੱਥ ਸੀ, ਕੋਈ ਕਹਿੰਦਾ ਕਿ ਉਹਨੂੰ ਪਤਾ ਜ਼ਰੂਰ ਸੀ। ਆਮ ਚਰਚਾ ਸੀ ਕਿ ਪਹਿਲਾਂ ਪੁਲਿਸ ਦੀ ਉਹਨੂੰ ਵੀ ਵਿਚੇ ਰੱਖਣ ਦੀ ਸਲਾਹ ਸੀ, ਪਰ ਉਹ ਰਾਤੋ-ਰਾਤ ਥਾਣੇਦਾਰ ਨੂੰ ਰਕਮ ਝੋਕ ਆਇਆ ਸੀ।

ਖ਼ੁਦ ਕੁਲਵੰਤੋ ਨੂੰ ਸ਼ੱਕ ਸੀ ਕਿ ਕਤਲ ਵਿਚ ਕਰਤਾਰੇ ਦਾ ਹੱਥ ਹੈ। ਭੱਜੀ ਜਾਂਦੀ ਬੱਸ ਵਿਚੋਂ ਦੂਰ-ਦੂਰ ਤੱਕ ਪਸਰੇ ਹੋਏ ਖੇਤਾਂ ਉਤੇ ਸੱਖਣੀ ਜਿਹੀ ਝਾਤ ਮਾਰਦਿਆਂ ਉਹਨੇ ਸੋਚਿਆ, ਤਾਂ ਹੀ ਤਾਂ ਉਹ ਉਹਦੇ ਘਰ ਵਸਣਾ ਨਹੀਂ ਸੀ ਮੰਨੀ।

ਜਦੋਂ ਪਿੰਡ ਦੇ ਦੋ ਹੋਰ ਬੰਦਿਆਂ ਉਤੇ ਜੱਗਰ ਦੇ ਕਤਲ ਦਾ ਮੁਕੱਦਮਾ ਬਣਿਆ, ਤਾਂ ਕਰਤਾਰੇ ਨੇ ਕੁਲਵੰਤੋ ਨੂੰ ਘਰ ਵਸਾਉਣ ਲਈ ਗੱਲ ਤੋਰੀ। ਜੱਗਰ ਦੇ ਮਰਨ ਪਿਛੋਂ ਕੁਲਵੰਤੋਂ ਬਿਲਕੁਲ ਨਿਆਸਰੀ ਰਹਿ ਗਈ ਸੀ। ਸੱਸ ਸਹੁਰਾ ਪਹਿਲਾਂ ਹੀ ਮਰੇ ਹੋਏ ਸਨ, ਤੇ ਬੱਸ ਦੋ ਸਾਲ ਦਾ ਮੁੰਡਾ ਹੀ ਉਹਦਾ 'ਪਰਿਵਾਰ' ਰਹਿ ਗਿਆ ਸੀ। ਕਰਤਾਰਾ ਸਮਝਦਾ ਸੀ ਕਿ ਇਕ ਤਾਂ ਕੁਲਵੰਤੋ ਨਿਆਸਰੀ ਰਹਿ ਜਾਣ ਕਰ ਕੇ ਉਹਦੀ ਗੱਲ ਸ਼ਾਇਦ ਨਾ ਹੀ ਮੋੜੇ। ਦੂਜੀ ਗੱਲ, ਰਿਸ਼ਤੇ ਦੇ ਪੱਖੋਂ ਵੀ ਉਹ ਆਪਣਾ ਹੱਕ ਗਿਣਦਾ ਸੀ। ਜੱਗਰ ਦਾ ਦਾਦੇ ਪੋਤਿਓਂ ਇਕੋ-ਇਕ ਭਰਾ ਹੋਣ ਕਰ ਕੇ ਉਹ ਸਮਝਦਾ ਸੀ ਕਿ ਜੇ ਕੁਲਵੰਤੋ ਉਹਦੇ ਘਰ ਨਹੀਂ ਵਸੇਗੀ ਤਾਂ ਕਰੇਗੀ ਕੀ?

ਪਹਿਲਾਂ ਕਰਤਾਰੇ ਨੇ ਸ਼ਾਮੋ ਨਾਇਣ ਰਾਹੀਂ ਗੱਲ ਚਲਾਈ। ਫੇਰ ਉਹਨੇ ਆਪ ਸਿੱਧੇ ਮੱਥੇ ਕੁਲਵੰਤੋ ਨਾਲ ਗੱਲ ਕੀਤੀ। ਕੁਲਵੰਤੋ ਦੀਆਂ ਅੱਖਾਂ ਡੁਭ-ਡੁਭ ਭਰ ਆਈਆਂ, "ਕਰਤਾਰਿਆ, ਤੂੰ ਮੇਰੇ ਨਾਲ ਇਹੋ ਜਿਹੀ ਗੱਲ ਕਰਨ ਦਾ ਜੇਰਾ ਕਿਵੇਂ ਕੀਤਾ? ਅਜੇ ਤਾਂ ਮਰਨ ਵਾਲੇ ਦਾ ਊਂ ਵੀ ਸਿਵਾ ਠੰਢਾ ਨਹੀਂ ਹੋਇਆ, ਪਰ ਮੇਰੇ ਵਾਸਤੇ ਤਾਂ ਇਹ ਸਾਰੀ ਉਮਰ ਨਹੀਂ ਠਰਨਾ।"

ਕਰਤਾਰੇ ਨੇ ਡੱਕੇ ਨਾਲ ਮਿੱਟੀ ਖੁਰਚਦਿਆਂ ਕਿਹਾ, "ਕੁਲਵੰਤ ਕੁਰੇ, ਸ਼ਾਮੋ ਨਾਇਣ ਨੇ ਵੀ ਮੇਰੇ ਨਾਲ ਗੱਲ ਕੀਤੀ ਸੀ, ਪਰ ਮੈਨੂੰ ਗਊ ਵਾਲੀ ਆਣ ਐ, ਜੇ ਜੱਗਰ ਸਿਉਂ ਦੇ ਕਤਲ ਦੀ ਮੈਨੂੰ ਭੋਰਾ ਵੀ ਸੂਹ ਹੋਵੇ। ਲੋਕ ਸਾਲੇ ਐਵੇਂ ਭਕਾਈ ਮਾਰਦੇ ਐ।"

"ਲੋਕ ਤਾਂ ਭਕਾਈ ਮਾਰਦੇ ਐ, ਪਰ ਜੇ ਤੂੰ ਬਿਲਕੁਲ ਹੀ ਦੁੱਧ-ਧੋਤਾ ਸੀ, ਤੈਨੂੰ ਬਾਣੀਏ ਤੋਂ ਪੈਸੇ ਵਿਆਜੂ ਲੈ ਕੇ ਥਾਣੇਦਾਰ ਦੀ ਜੇਬ ਭਰਨ ਦੀ ਕੀ ਲੋੜ ਸੀ?" ਕੁਲਵੰਤੋ ਨੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝੀਆਂ।

"ਮੈਂ ਕਿਸੇ ਸਾਲੇ ਤੋਂ ਪੈਸੇ ਲਿਆ ਕੇ ਨ੍ਹੀਂ ਦਿੱਤੇ। ਲੋਕਾਂ ਦਾ ਕੀ ਮੂੰਹ ਫੜ ਲੈਣਾ ਐ? ਨਾਲੇ ਹੁਣ ਤਾਂ ਕਾਤਲ ਫੜੇ ਗਏ, ਦੁੱਧੋਂ ਪਾਣੀ ਨਿੱਤਰ ਗਿਆ।"

"ਦੁੱਧੋਂ ਪਾਣੀ ਤਾਂ ਰੱਬ ਨਿਤਾਰੇ ਕਰਤਾਰਿਆ, ਪਰ ਤੂੰ ਮੁੜ ਕੇ ਇਹੋ ਜਿਹੀ ਗੱਲ ਨਾ ਤੋਰੀਂ। ਰੱਬ ਦਾ ਵਾਸਤਾ, ਮੈਨੂੰ ਆਹ ਜੁਆਕ ਪਾਲ ਲੈਣ ਦੇ। ਜੋ ਹੋਣਾ ਸੀ, ਹੋ ਗਿਆ।" ਕੁਲਵੰਤੋਂ ਨੇ ਜਿਵੇਂ ਤਰਲਾ ਕੀਤਾ।

"ਕੁਲਵੰਤ ਕੁਰੇ, ਬਾਈ ਦਾ ਮੈਨੂੰ ਕਿਹੜਾ ਦੁੱਖ ਨੀ। ਭਰਾ ਤਾਂ ਸੱਜੀ ਬਾਂਹ ਹੁੰਦੇ ਐ...।" ਕਰਤਾਰਾ ਮਸਕੀਨ ਬਣਿਆ ਖਲੋਤਾ ਸੀ।

"ਜੇ ਅਜੇ ਵੀ ਤੂੰ ਸਮਝੇਂ, ਇਹਦੇ ਵਿਚ ਵੀ ਤੇਰਾ ਈ ਖ਼ੂਨ ਐ। ਵੱਡਾ ਹੋ ਕੇ ਤੇਰੀ ਧਿਰ ਬਣੂ।"

"ਮੈਂ ਤਾਂ ਹੀ ਤਾਂ ਤੈਨੂੰ ਕਹਿਨਾਂ, ਪਰ ਤੂੰ ਕੰਨ ਹੀ ਨਹੀਂ ਧਰਦੀ!"

"ਨਹੀਂ ਕਰਤਾਰਿਆ, ਤੂੰ ਆਬਦੇ ਘਰ ਵਸ-ਰਸ, ਮੈਨੂੰ ਆਬਦੇ ਦੁੱਖ ਭੋਗਣ ਦੇ। ਜੋ ਹੋਣਾ ਸੀ, ਹੋ ਗਿਆ। ਮੈਨੂੰ ਜੁਆਕ ਪਾਲਣ ਦੇ, ਰਾਮ ਰਾਮ ਕਰ ਕੇ। ਮੈਂ ਇਹਦੇ ਉਤੇ ਇਨ੍ਹਾਂ ਗੱਲਾਂ ਦਾ ਪਰਛਾਵਾਂ ਨਹੀਂ ਪੈਣ ਦੇਣਾ। ਸੌ ਗਊਆਂ ਵਰਗੇ ਜੱਗਰ ਦਾ ਪਾਪ ਸੱਤ ਕੁਲਾਂ ਮੇਟ ਦੇਊ, ਜੀਹਨੇ ਵੀ ਇਹ ਕੁਕਰਮ ਕੀਤਾ ਐ!"

ਕਰਤਾਰਾ ਸਮਝਦਾ ਸੀ ਕਿ ਤੀਵੀਂ ਬੜੀ ਚਲਾਕ ਨਿੱਕਲੀ। ਲਾਲਟੈਣ ਵਰਗੀ ਕੁਲਵੰਤ ਘਰ ਦਾ ਚਾਨਣ ਬਣ ਜਾਣੀ ਸੀ। ਮੁੰਡੇ ਨੇ ਉਹਦਾ ਭਵਿੱਖ ਦਾ ਵੈਰੀ ਬਣਨ ਦੀ ਥਾਂ ਉਹਨੂੰ ਪਿਓ ਸਮਝਣ ਲੱਗ ਜਾਣਾ ਸੀ। ਤੇ ਪੰਦਰਾਂ ਘੁਮਾਂ ਜ਼ਮੀਨ ਹੋਰ ਮਾਲਕੀ ਹੇਠ ਆ ਜਾਣੀ ਸੀ।

ਬੱਸ ਫੇਰ ਕਿਸੇ ਅੱਡੇ ਉਤੇ ਰੁਕੀ। ਕਰਤਾਰੇ ਦੀਆਂ ਸੋਚਾਂ ਦੀ ਲੜੀ ਟੁੱਟ ਗਈ। ਬਾਹਰ ਅੱਠ-ਨੌਂ ਸਾਲ ਦਾ ਮੁੰਡਾ ਮਿੱਠੀਆਂ ਗੋਲੀਆਂ ਵੇਚ ਰਿਹਾ ਸੀ। ਕਰਤਾਰੇ ਨੇ ਸੋਚਿਆ, ਹੁਣ ਤਾਂ ਮੁੰਡਾ ਏਡਾ ਹੋ ਗਿਆ ਹੋਣਾ ਹੈ। ਜੇ ਕੁਲਵੰਤੋ ਉਹਨੂੰ ਪਾਣ ਚਾੜ੍ਹਨ ਲੱਗ ਗਈ ਹੋਈ, ਉਹ ਤਾਂ ਪੰਜ-ਸੱਤ ਸਾਲਾਂ ਨੂੰ ਉਹਦੀ ਗਰਦਨ ਲਾਹ ਸਕਦਾ ਸੀ। ਕਰਤਾਰੇ ਦੇ ਨਾਲ ਦੇ ਪਿੰਡ ਚੌਦਾਂ ਸਾਲ ਦੇ ਇਕ ਮੁੰਡੇ ਨੇ ਇਕੱਲੇ ਨੇ ਹੀ ਚਾਲੀ ਸਾਲ ਦਾ ਆਦਮੀ ਵੱਢ ਦਿੱਤਾ ਸੀ।

ਬਾਹਰ ਕੁਝ ਹਨੇਰਾ ਜਿਹਾ ਹੋ ਗਿਆ। ਕਰਤਾਰੇ ਨੇ ਵੇਖਿਆ, ਬੱਦਲ ਸੂਰਜ ਉਤੇ ਆ ਗਿਆ ਸੀ। ਉਹਨੇ ਨਜ਼ਰ ਫੇਰ ਬੱਸ ਦੇ ਅੰਦਰ ਕਰ ਲਈ। ਉਹਦੇ ਮਨ ਵਿਚ ਆਇਆ ਕਿ ਲੋਕੀਂ ਜੱਗਰ ਬਾਰੇ ਹੀ ਅਜੇ ਉਹਦੇ ਵੱਲ ਉਂਗਲਾਂ ਕਰਨੋਂ ਨਹੀਂ ਹਟੇ... ਤੇ ਗੱਲ ਤਾਂ ਆਖਰ ਅਗੇਤੀ ਜਾਂ ਪਿਛੇਤੀ ਕੁਝ ਨਾ ਕੁਝ ਹੱਦ ਤੱਕ ਨਿਕਲ ਹੀ ਆਉਂਦੀ ਹੈ, ਪਰ ਉਹਦਾ ਡਰ ਫੇਰ ਜਾਗਿਆ- ਜੇ ਉਹ ਢਿੱਲ ਕਰ ਗਿਆ, ਮੁੰਡਾ ਗੱਭਰੂ ਹੋ ਕੇ ਪਹਿਲ ਕਰ ਜਾਵੇਗਾ। ਜੱਟਾਂ ਦੇ ਖੋਰ ਤਾਂ ਆਖਰ ਪੀੜ੍ਹੀਆ ਤੱਕ ਜਾਂਦੇ ਹਨ।

ਨਾਲੇ ਜੇ ਉਹਦਾ ਕੰਮ ਨੇਪਰੇ ਚੜ੍ਹ ਜਾਵੇ ਤਾਂ ਦਸ ਘੁਮਾਂ ਉਹਦੀ ਅਤੇ ਪੰਦਰਾਂ ਘੁਮਾਂ ਜੱਗਰ ਵਾਲੀ ਜੁੜ ਕੇ ਪੱਚੀ ਘੁਮਾਂ ਦਾ ਮੁਰੱਬਾ ਬਣ ਸਕਦਾ ਸੀ ਅਤੇ ਉਹ ਸਰਦਾਰ ਅਖਵਾ ਸਕਦਾ ਸੀ। ਹੁਣ ਜਿਨ੍ਹਾਂ ਕੋਲ ਉਹ ਜ਼ਮੀਨ ਹਿੱਸੇ ਜਾਂ ਠੇਕੇ ਉਤੇ ਹੁੰਦੀ ਸੀ, ਉਹ ਮੌਜ ਕਰ ਰਹੇ ਸਨ। ਕੁਲਵੰਤੋ ਜਦੋਂ ਤੋਂ ਆਪਣੇ ਪਿਓ ਨਾਲ ਗਈ ਸੀ, ਦੋ-ਤਿੰਨ ਵਾਰ ਚੁੱਪ-ਚੁਪੀਤੇ ਸ਼ਹਿਰ ਆਈ ਸੀ ਅਤੇ ਬਾਣੀਏ ਰਾਹੀਂ ਜ਼ਮੀਨ ਹਿੱਸੇ ਜਾਂ ਠੇਕੇ ਉਤੇ ਦੇ ਗਈ ਸੀ।


ਕਰਤਾਰੇ ਨੂੰ ਕੁਲਵੰਤੋਂ ਦਾ ਪਿੰਡ ਨਾ ਆਉਣਾ ਚੁਭਦਾ ਸੀ। ਉਹ ਸਮਝਦਾ ਸੀ ਕਿ ਕੁਲਵੰਤੋ ਦੇ ਦਿਲ ਵਿਚ ਖੋਟ ਹੈ। ਕੁਲਵੰਤੋ ਨਾਲ ਹੋਈਆਂ ਗੱਲਾਂ ਵਿਚੋਂ ਉਹਨੂੰ ਸਿਰਫ ਇਕੋ ਚੇਤੇ ਸੀ ਕਿ ਉਹ ਵੀ ਲੋਕਾਂ ਵਾਂਗ ਜੱਗਰ ਕੇ ਕਤਲ ਵਿਚ ਉਹਦਾ ਹੱਥ ਸਮਝਦੀ ਸੀ। ਉਹਦੀਆਂ ਬਾਕੀ ਗੱਲਾਂ ਨੂੰ ਉਹ ਮੋਮੋਠੱਗਣੀਆਂ ਸਮਝਦਾ ਸੀ।

ਪਰ ਕਰਤਾਰੇ ਦੇ ਬੁੱਲ੍ਹਾਂ 'ਤੇ ਇਕਦਮ ਫੇਰ ਸਿੱਕਰੀ ਆ ਗਈ- ਜੇ ਕੋਈ ਉਲਝਾਅ ਪੈ ਗਿਆ? ਜੱਗਰ ਦੇ ਕਤਲ ਵਿਚ ਉਹਦਾ ਸਿੱਧਾ ਹੱਥ ਕੋਈ ਨਹੀਂ ਸੀ, ਪਰ ਥਾਣੇਦਾਰ ਨੇ ਤਦ ਵੀ ਉਹਨੂੰ ਸੱਦ ਕੇ ਕਿੱਲੀ ਉਤੇ ਟੰਗੀ ਹੋਈ ਹੱਥਕੜੀ ਵਿਖਾ ਦਿੱਤੀ ਸੀ। ਕਰਤਾਰੇ ਨੇ ਸੋਚਿਆ ਕਿ ਇਹ ਤਾਂ ਠੀਕ ਹੈ, ਜੇ ਉਹ ਚਾਹੁੰਦਾ ਤਾਂ ਵਰਤਣ ਵਾਲੇ ਭਾਣੇ ਬਾਰੇ ਜੱਗਰ ਨੂੰ ਪਹਿਲਾਂ ਦੱਸ ਸਕਦਾ ਸੀ, ਪਰ ਉਹਨੂੰ ਤਾਂ ਇਹੋ ਸੀ ਕਿ ਉਹ ਜੱਗਰ ਦੀ ਬੱਸ ਲੱਤ ਵੱਢਣਗੇ। ਤੇ ਸ਼ਰੀਕ ਦੀ ਲੱਤ ਵੱਢੀ ਜਾਵੇ, ਇਹ ਗੱਲ ਅੰਦਰਲਾ ਸੁਆਦ ਵੀ ਦਿੰਦੀ ਹੈ।

ਕੈਲੇ ਤੇ ਦੀਪੇ ਨੇ ਜ਼ਮੀਨ ਗਹਿਣੇ ਲੈਣ ਦਾ ਸੌਦਾ ਕੀਤਾ ਸੀ ਅਤੇ ਜੱਗਰ ਨੇ ਉਹ ਭਾਅ ਵਧਾ ਕੇ ਲੈ ਲਈ ਸੀ। ਉਨ੍ਹਾਂ ਨੇ ਜੱਗਰ ਤੋਂ ਬਦਲਾ ਲੈਣ ਦੀ ਧਾਰ ਲਈ। ਉਸ ਦਿਨ ਜੱਗਰ ਅਗਲੇ ਖੇਤ ਗਿਆ ਹੋਇਆ ਸੀ ਅਤੇ ਕੈਲਾ ਤੇ ਦੀਪਾ ਆਪਣੇ ਖੇਤ ਭੱਠੀ ਲਾਈ ਬੈਠੇ ਸਨ। ਕਰਤਾਰਾ ਆਪਣੇ ਖੇਤੋਂ ਝੋਟਾ ਭਜਾਉਂਦਿਆਂ ਅਣ-ਮਤੇ ਹੀ ਉਨ੍ਹਾਂ ਕੋਲ ਚਲਿਆ ਗਿਆ। ਤੱਤੀ ਤੱਤੀ ਦਾਰੂ ਦੇ ਨਸ਼ੇ ਵਿਚ ਉਨ੍ਹਾਂ ਨੇ ਦੱਸ ਦਿੱਤਾ ਸੀ ਕਿ ਉਹ ਜੱਗਰ ਦੀ ਲੱਤ ਵੱਢਣ ਲਈ ਬੈਠੇ ਸਨ। ਉਹ ਜਾਣਦੇ ਸਨ ਕਿ ਕਰਤਾਰੇ ਨਾਲ ਵੀ ਜੱਗਰ ਦੀ ਕੋਈ ਬਹੁਤੀ ਸੁਰ ਨਹੀਂ ਸੀ।

ਕਰਤਾਰਾ ਓਥੋਂ ਆ ਗਿਆ ਸੀ। ਦਿਨ ਢਲੇ ਜਦੋਂ ਜੱਗਰ ਅਗਲੇ ਖੇਤੋਂ ਮੁੜਿਆ, ਉਹਨੂੰ ਕੈਲੇ ਅਤੇ ਦੀਪੇ ਨੇ ਘੇਰ ਲਿਆ। ਕੈਲੇ ਨੇ ਗੰਡਾਸਾ ਉਹਦੀ ਲੱਤ ਵੱਲ ਚਲਾਇਆ, ਪਰ ਵਾਰ ਖਾਲੀ ਗਿਆ। ਜੱਗਰ ਭੱਜ ਕੇ ਵੱਟ ਟੱਪਣ ਲੱਗਿਆ ਤਾਂ ਕੈਲੇ ਨੇ ਲਲਕਾਰਾ ਮਾਰਿਆ, "ਗਿਆ ਜੱਟ, ਦੀਪਿਆ, ਸਿੱਟ ਲੈ ਮੇਰੇ ਸਾਲੇ ਨੂੰ!" ਤੇ ਦੀਪੇ ਨੇ ਬਰਛਾ ਉਹਦੀ ਵੱਖੀ ਵੱਲ ਵਾਹ ਦਿੱਤਾ। ਸੱਟ ਨਾਲ ਉਖੜ ਕੇ ਜੱਗਰ ਡਿਗਿਆ ਤਾਂ ਉਸੇ ਦੇ ਹੀ ਭਾਰ ਨਾਲ ਬਾਕੀ ਦਾ ਬਰਛਾ ਵੀ ਅੰਦਰ ਧਸ ਗਿਆ ਅਤੇ ਉਹ ਥਾਂ ਉਤੇ ਹੀ ਪ੍ਰਾਣ ਤਿਆਗ ਗਿਆ।

ਪੁਲਿਸ ਨੂੰ ਪਤਾ ਲੱਗ ਗਿਆ ਸੀ ਕਿ ਕਰਤਾਰਾ ਉਸੇ ਦਿਨ ਕੈਲੇ ਤੇ ਦੀਪੇ ਕੋਲ ਗਿਆ ਸੀ।




*ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਖ਼ੂਨ' ਉਤੇ ਬਣੀ ਲਘੂ ਫਿਲਮ ਦਾ ਪੋਸਟਰ। ਇਹ ਫਿਲਮ ਅਮਰਦੀਪ ਸਿੰਘ ਗਿੱਲ ਨੇ ਬਣਾਈ ਹੈ।*

...ਤੇ ਕਰਤਾਰੇ ਨੇ ਬੜੀ ਮੁਸ਼ਕਿਲ ਨਾਲ, ਵਿਆਜੂ ਪੈਸੇ ਲੈ ਕੇ ਥਾਣੇਦਾਰ ਨੂੰ ਕਾਣਾ ਕਰਦਿਆਂ ਆਪਣਾ ਪਿੱਛਾ ਛੁਡਾਇਆ ਸੀ ਤੇ ਹੁਣ ਜਦੋਂ ਉਹ ਆਪਣੇ ਹੱਥੀਂ ਅਜਿਹਾ ਕਾਰਾ ਕਰਨ ਚੱਲਿਆ ਸੀ, ਤਾਂ ਕੀ ਬਣੇਗਾ! ਗੱਲ ਤਾਂ ਲੁਕਦੀ ਨਹੀਂ। ਉਹਨੂੰ ਭਤੀਜੇ ਦਾ ਖ਼ੂਨ ਕਰਨ ਵਾਲੀ ਗੱਲ ਤੋਂ ਉਂਜ ਵੀ ਕਚਿਆਣ ਜਿਹੀ ਆਈ ਅਤੇ ਉਹਦਾ ਜੀਅ ਕੀਤਾ ਕਿ ਅਗਲੇ ਅੱਡੇ ਤੋਂ ਪੁੱਠੀ ਬੱਸ ਫੜ ਲਵੇ।

ਪਰ ਉਹ ਉਹਦਾ ਭਤੀਜਾ ਕਾਹਦਾ ਸੀ? ਉਹ ਤਾਂ ਭਵਿੱਖ ਦਾ ਵੈਰੀ ਸੀ। ਨਾਲੇ ਉਹਨੂੰ ਉਸ ਪਿੰਡ ਕੌਣ ਜਾਣਦਾ ਸੀ। ਜਾਂਦਿਆਂ ਹਨੇਰਾ ਹੋ ਜਾਣਾ ਸੀ। ਰੱਬ ਸੁੱਖ ਰੱਖੇ, ਉਹਨੇ ਸਵੇਰ ਨੂੰ ਆਪਣੇ ਪਿੰਡ ਆ ਜਾਣਾ ਸੀ। ਜੇ ਕੋਈ ਉਲਝੇਵਾਂ ਪੈ ਗਿਆ, ਦੋ ਘੁਮਾਂ ਗਹਿਣੇ ਧਰ ਦੇਵੇਗਾ। ਜੱਗਰ ਵਾਲੀ ਪੰਦਰਾਂ ਘੁਮਾਂ ਤਾਂ ਮਿਲ ਹੀ ਜਾਣੀ ਸੀ ਤੇ ਕਤਲ ਵਿਚ ਅੱਜ ਕੱਲ੍ਹ ਕੌਣ ਬੱਝਦਾ ਹੈ। ਉਹਨੇ ਸੋਚਿਆ ਕਿ ਕਿਸੇ ਦੀ ਲੱਤ ਬਾਂਹ ਵੱਢੋ, ਦੋ-ਚਾਰ ਸਾਲ ਲਈ ਅੰਦਰ ਹੋਣਾ ਪੈਂਦਾ ਹੈ; ਕਤਲ ਕਰੋ, ਬਰੀ। ਕਦੀ ਮੌਕੇ ਦੀ ਕੋਈ ਗਵਾਹੀ ਨਹੀਂ, ਕਦੀ ਕੋਈ ਹੋਰ ਕਾਨੂੰਨੀ ਘੁੰਡੀ ਢਿੱਲੀ ਰਹਿ ਗਈ!

ਬੱਸ ਝਟਕੇ ਨਾਲ ਰੁਕੀ। ਉਹ ਹੇਠਾਂ ਉਤਰਿਆ ਤਾਂ ਸੂਰਜ ਬਿਲਕੁਲ ਥੱਲੇ ਜਾ ਚੁੱਕਿਆ ਸੀ। ਅਜੇ ਉਹਨੇ ਤਿੰਨ ਕੋਹ ਵਾਟ ਜਾਣਾ ਸੀ। ਉਸ ਸਮੇਂ ਤੱਕ ਘੁਸਮੁਸਾ ਹੋ ਜਾਣਾ ਸੀ। ਉਹ ਮਨ ਵਿਚ ਵਿਉਂਤਾਂ ਬਣਾਉਂਦਾ ਜਾ ਰਿਹਾ ਸੀ ਕਿ ਗੱਲ ਨੇਪਰੇ ਕਿਵੇਂ ਚਾੜ੍ਹੇਗਾ।

ਥੋੜ੍ਹਾ-ਥੋੜ੍ਹਾ ਹਨੇਰਾ ਪਸਰ ਚੱਲਿਆ ਸੀ। ਕੁਝ ਦੂਰ ਪਿੰਡ ਵਿਚ ਕੁੱਤੇ ਭੌਂਕ ਰਹੇ ਸਨ। ਉਹ ਪਗਡੰਡੀ ਦੇ ਨੇੜੇ ਹੀ ਖੂਹ ਕੋਲ ਬੈਠ ਗਿਆ।

ਬਿਗਾਨਾ ਪਿੰਡ ਸੀ, ਨਾ ਕੋਈ ਜਾਣ, ਨਾ ਪਛਾਣ। ਅਜਿਹੇ ਕੰਮ ਆਇਆ, ਉਹ ਕਿਸੇ ਤੋਂ ਸੂਹ ਵੀ ਨਹੀਂ ਸੀ ਲੈ ਸਕਦਾ। ਕਰਤਾਰੇ ਦੇ ਮਨ ਵਿਚ ਫੇਰ ਭੈ ਜਾਗਿਆ, ਇਹ ਕਿਵੇਂ ਹੋ ਸਕਦਾ ਸੀ ਕਿ ਉਹ ਚੁੱਪ ਕਰ ਕੇ ਮੁੰਡੇ ਦਾ, ਤੇ ਜੇ ਠੀਕ ਲੱਗੇ ਤਾਂ ਕੁਲਵੰਤੋ ਦਾ ਵੀ, ਫਸਤਾ ਵੱਢ ਕੇ ਪਿੰਡ ਮੁੜ ਜਾਵੇ ਅਤੇ ਕਿਸੇ ਨੂੰ ਬਿੜਕ ਵੀ ਨਾ ਲੱਗੇ?

ਫੇਰ ਉਹ ਦਲੇਰ ਹੋ ਗਿਆ। ਕਿਸੇ ਤੋਂ ਸੂਹ ਲੈਣ ਦੀ ਕੀ ਲੋੜ ਸੀ? ਜੱਗਰ ਦੇ ਵਿਆਹ ਵੇਲੇ ਜੰਜ ਦਾ ਉਤਾਰਾ ਜਿਹੜੀ ਧਰਮਸ਼ਾਲਾ ਵਿਚ ਸੀ, ਉਹਦੇ ਨੇੜੇ ਹੀ ਜੱਗਰ ਦੇ ਸਹੁਰਿਆਂ ਦਾ ਬਾਹਰਲਾ ਘਰ ਸੀ ਅਤੇ ਅੰਦਰਲਾ ਘਰ ਰੋਟੀ ਖਾਣ ਵੇਲੇ ਉਹਨੇ ਚੰਗੀ ਤਰ੍ਹਾਂ ਵੇਖਿਆ ਹੋਇਆ ਸੀ। ਕੀ ਪਤਾ, ਰੱਬ ਮਿਹਰ ਕਰੇ ਅਤੇ ਦੋਵੇਂ ਮਾਂ-ਪੁੱਤ ਬਾਹਰਲੇ ਘਰ ਇਕੱਠੇ ਕਿਸੇ ਕੰਮ-ਧੰਦੇ ਆਏ ਹੋਏ ਮਿਲ ਪੈਣ...।

ਖੇਤੋਂ ਕੋਈ ਪਗਡੰਡੀ ਵੱਲ ਆ ਰਿਹਾ ਸੀ। ਕਰਤਾਰੇ ਨੇ ਆਪਣੇ ਮਨ ਵਿਚ ਆਖਿਆ, "ਚਲੋ ਜਿਵੇਂ ਮੌਕਾ ਬਣੂ, ਵੇਖੀ ਜਾਊ। ਬਹੁਤੀਆਂ ਵਿਉਂਤਾਂ ਬਣਾ ਕੇ ਕੀ ਲੈਣਾ ਐ!" ਉਹਨੇ ਤਲਵਾਰ ਖੂਹ ਦੇ ਮਣ ਉਤੇ ਰੱਖ ਦਿੱਤੀ ਅਤੇ ਖੜ੍ਹਾ ਹੋ ਗਿਆ। ਆਉਣ ਵਾਲਾ ਕੋਈ ਮੁੰਡਾ ਸੀ। ਕੋਲ ਖਾਲੀ ਭਾਂਡੇ ਸਨ। ਸ਼ਾਇਦ ਖੇਤ ਰੋਟੀ ਦੇ ਕੇ ਆਇਆ ਸੀ।

"ਕਾਕਾ, ਇਹ ਪਿੰਡ ਸੌਣਪੁਰਾ ਹੀ ਐ ਨਾ?" ਕਰਤਾਰੇ ਨੇ ਮੁੰਡੇ ਨਾਲ ਗੱਲ ਚਲਾਈ, "ਮੁਰੱਬਾਬੰਦੀਆਂ ਨੇ ਰਾਹ ਹੀ ਬਦਲ ਦਿੱਤੇ।"

"ਹਾਂ ਸੌਣਪੁਰਾ ਈ ਐ। ਪਹਿਲਾਂ ਰਾਹ ਹੌਥੋਂ ਦੀ ਹੁੰਦਾ ਸੀ।" ਮੁੰਡਾ ਬੋਲਿਆ।

"ਤੇਰੇ ਪਿਓ ਦਾ ਨਾਂ ਕੀ ਐ, ਕਾਕਾ?"

"ਸੁੱਚਾ ਸਿੰਘ।"

ਕਰਤਾਰੇ ਨੇ ਚੇਤੇ ਕੀਤਾ, ਜੱਗਰ ਦੇ ਸਹੁਰੇ ਦਾ ਨਾਂ ਵੀ ਸੁੱਚਾ ਸਿੰਘ ਹੀ ਸੀ, ਪਰ ਉਹਦੀ ਘਰਵਾਲੀ ਨੂੰ ਮਰਿਆਂ ਚਿਰ ਹੋ ਗਿਆ ਸੀ। ਇਹ ਹੋਰ ਕਿਸੇ ਸੁੱਚਾ ਸਿੰਘ ਦਾ ਮੁੰਡਾ ਹੋਣਾ ਹੈ। ਉਹਨੇ ਸੋਚਿਆ ਕਿ ਜੇ ਮੁੰਡੇ ਨੂੰ ਗੱਲੀਂ ਲਾ ਲਵੇ, ਸ਼ਾਇਦ ਕੋਈ ਭੇਤ ਲੈ ਸਕੇ। ਉਹਨੇ ਮੁੰਡੇ ਨੂੰ ਮਖੌਲ ਵਿਚ ਕਿਹਾ, "ਕਾਕਾ ਤੈਨੂੰ ਐਸ ਵੇਲੇ 'ਕੱਲੇ ਨੂੰ ਡਰ ਨਹੀਂ ਲਗਦਾ? ਅਸੀਂ ਤਾਂ ਤੇਰੇ ਜਿੱਡੇ ਹੁੰਦੇ ਆਥਣੇ 'ਕੱਲੇ ਬਾਹਰ ਜਾਣੋਂ ਡਰਦੇ ਸੀ।"

"ਡਰ ਕਾਹਦਾ?' ਮੁੰਡੇ ਨੇ ਬਿਨਾਂ ਝਿਜਕ ਉਤਰ ਦਿੱਤਾ।

"ਸਾਡੇ ਪਿੰਡ ਤਾਂ ਚੋਰ ਤੇਰੇ ਜਿੱਡੇ ਮੁੰਡਿਆਂ ਨੂੰ ਫੜ ਕੇ ਲੈ ਜਾਂਦੇ ਐ।" ਕਰਤਾਰੇ ਨੇ ਹੱਸ ਕੇ ਕਿਹਾ।

"ਮੈਨੂੰ ਕੌਣ ਹੱਥ ਲਾਊ। ਮਾਲਵੇ ਵਿਚ ਮੇਰਾ ਸ਼ੇਰ ਵਰਗਾ ਚਾਚਾ ਐ, ਕਰਤਾਰਾ। ਡੱਕਰੇ ਕਰ ਦੇਊ।" ਮੁੰਡੇ ਨੇ ਸੁਭਾਵਿਕ ਹੀ ਨਜ਼ਰ ਪਰ੍ਹੇ ਖੂਹ ਦੇ ਮਣ ਉਤੇ ਪਈ ਤਲਵਾਰ ਵੱਲ ਕਰ ਕੇ ਕਿਹਾ।

ਕਰਤਾਰੇ ਨੂੰ ਧਰਤੀ-ਅਸਮਾਨ ਘੁੰਮਦੇ ਦਿਸੇ। ਉਹਨੇ ਭੱਜ ਕੇ ਮੁੰਡੇ ਨੂੰ ਗੋਦੀ ਚੁੱਕ, ਜੱਫੀ ਵਿਚ ਘੁੱਟ ਲਿਆ। ਤਲਵਾਰ ਖੂਹ ਦੇ ਮਣ ਉਤੇ ਹੀ ਪਈ ਰਹਿ ਗਈ। ਸੌਣਪੁਰੇ ਪਿੰਡ ਵੱਲ ਤੁਰਦਿਆਂ ਉਹਦੀਆਂ ਦੋਵੇਂ ਅੱਖਾਂ ਤਿਪ-ਤਿਪ ਵਗ ਰਹੀਆਂ ਸਨ।

# 'ਪਹਾੜ' ਤਾਂ ਮੈਂ ਚੁੱਕ ਹੀ ਲਿਆਇਆ ਸਾਂ

ਆਸੇ-ਪਾਸੇ ਮੌਤ ਫਿਰਦੀ

3

*'ਆਸੇ ਪਾਸੇ ਮੌਤ ਫਿਰਦੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੌਰ ਦਾ ਵਰਕਾ ਫਰੋਲਿਆ ਹੈ ਜਦੋਂ ਤਿੰਨ ਦਹਾਕੇ ਪਹਿਲਾਂ ਤੱਤੀਆਂ ਹਵਾਵਾਂ ਜ਼ੋਰ ਫੜ ਰਹੀਆਂ ਸਨ। ਆਪਣੀ ਕਲਾ ਦੇ ਦਮ 'ਤੇ, ਉਸ ਨੇ ਇਕਹਿਰੀ ਪਰਤ ਦੀਆਂ ਇਨ੍ਹਾਂ ਘਟਨਾਵਾਂ ਨੂੰ ਸਮੁੱਚ ਵਿਚ ਰੱਖ ਕੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਉਸ ਵੇਲੇ ਦੇ ਆਲੇ-ਦੁਆਲੇ ਦੀਆਂ ਪ੍ਰਤੱਖ ਝਾਤੀਆਂ ਪੈਂਦੀਆਂ ਹਨ। ਇਸ ਲੰਮੇ ਲੇਖ ਦੇ ਪਹਿਲੇ ਹਿੱਸੇ 'ਲੋਈਆਂ ਦੀਆਂ ਬੁੱਕਲਾਂ ਵਿਚ' ਰਾਹੀਂ ਉਨ੍ਹਾਂ ਉਸ ਮਾਹੌਲ ਦਾ ਜ਼ਿਕਰ ਛੋਹਿਆ ਸੀ ਜਿਹੜਾ 80ਵਿਆਂ ਵਿਚ ਪੰਜਾਬ ਦੇ ਪਿੰਡਾਂ ਵਿਚ ਆਮ ਸੀ। ਦੂਜੇ ਭਾਗ 'ਟਿੱਡੀਆਂ ਸ਼ੇਰ ਬਣ ਗਈਆਂ' ਵਿਚ ਇਨ੍ਹਾਂ ਹੀ ਵੇਰਵਿਆਂ ਦਾ ਅਗਲਾ ਬਿਰਤਾਂਤ ਪੇਸ਼ ਕੀਤਾ ਹੈ। ਐਤਕੀਂ 'ਪਹਾੜ ਤਾਂ ਮੈਂ ਚੁੱਕ ਹੀ ਲਿਆਇਆ ਸੀ' ਵਿਚ ਉਸ ਦੌਰ ਵਿਚ ਵਿਚਰਦਿਆਂ ਪੂਰੇ ਜ਼ੋਰ ਨਾਲ ਉਸਾਰੇ ਬਦਲ ਦੀ ਬਾਤ ਪਾਈ ਹੈ। ਲੇਖਕ ਨੇ ਨਿੱਕੇ ਨਿੱਕੇ ਵੇਰਵਿਆਂ ਨਾਲ ਬੜੀ ਮਾਰਮਿਕ ਕਥਾ ਉਸਾਰੀ ਹੈ। ਇਸ ਵਿਚ ਜਿਉਣ ਅਤੇ ਉਠ ਖਲੋਣ ਦੀਆਂ ਤਾਂਘਾਂ ਠਾਠਾਂ ਮਾਰਦੀਆਂ ਹਨ। ਆਪਣੀਆਂ ਹੋਰ ਰਚਨਾਵਾਂ ਵਾਂਗ ਇਸ ਲਿਖਤ ਵਿਚ ਵੀ ਲੇਖਕ ਨੇ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬੜੇ ਜਜ਼ਬੇ ਨਾਲ ਕੀਤੀ ਹੈ। -ਸੰਪਾਦਕ*

ਘਰ ਕੇ ਮੈਨੂੰ ਲੱਗਾ 'ਪਹਾੜ' ਤਾਂ ਮੈਂ ਚੁੱਕ ਹੀ ਲਿਆਇਆ ਹਾਂ! ਜੇ ਹੁਣ ਵੀ 'ਉਸ ਤਰ੍ਹਾਂ' ਹੀ ਚੱਲਣਾ ਸੀ ਤਾਂ ਮੇਰੇ ਇੰਚਾਰਜ ਬਣਨ ਦਾ ਕੀ ਲਾਭ? ਕੱਲ੍ਹ ਕਲੋਤਰ ਨੂੰ ਕਿਸੇ ਗੱਲੋਂ ਮੁੰਡਿਆਂ ਨਾਲ ਕੋਈ ਗੱਲ ਬਾਤ ਹੋਈ ਤਾਂ ਮੈਂ ਤਾਂ ਆਪਣੇ ਸੁਭਾ ਮੁਤਾਬਕ ਅੜ ਖਲੋਣਾ ਹੈ ਅਤੇ ਪਿੱਛੋਂ ਕਿਸੇ ਨੇ ਸਾਥ ਵੀ ਨਹੀਂ ਦੇਣਾ। ਫਰਲੋ ਮਾਰਦੇ ਅਧਿਆਪਕ ਮੇਰੇ ਆਖੇ ਕਦੋਂ ਰੋਜ਼ ਅਤੇ ਵੇਲੇ ਸਿਰ ਸਕੂਲ ਆਉਣ ਲੱਗੇ ਨੇ?

ਮੈਂ ਸਾਰੀ ਰਾਤ ਸੋਚਦਾ ਰਿਹਾ।

ਅਗਲੇ ਦਿਨ ਅਸੀਂ ਸਾਰੇ ਅਧਿਆਪਕ ਮਿਲ ਬੈਠੇ। ਮੈਂ ਉਨ੍ਹਾਂ ਦੇ ਕੱਲ੍ਹ ਦਿੱਤੇ ਭਰੋਸੇ ਦੇ ਹਵਾਲੇ ਨਾਲ ਸਕੂਲ ਦੇ ਪ੍ਰਬੰਧ ਨੂੰ ਸੁਖਾਵਾਂ ਬਣਾਉਣ ਲਈ ਉਨ੍ਹਾਂ ਕੋਲੋਂ ਅਜਿਹੇ ਸੁਝਾਵਾਂ ਦੀ ਮੰਗ ਕੀਤੀ ਜਿਹੜੇ ਸਾਰੇ ਅਧਿਆਪਕਾਂ ਨੂੰ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਮਨਜ਼ੂਰ ਹੋਣ। ਇਹ ਵੀ ਕਿਹਾ ਕਿ ਆਪਾਂ ਕਲਾਸਾਂ ਵਿਚ ਵੀ ਜਾਣਾ ਹੈ, ਅਨੁਸ਼ਾਸਨ ਵੀ ਕਾਇਮ ਰੱਖਣਾ ਹੈ ਅਤੇ ਇਹ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੋਵੇਗੀ। ਇਹ ਨਾ ਸਮਝਿਆ ਜਾਵੇ ਕਿ ਇੱਕ ਨਾਲ ਕੋਈ ਗੱਲ ਹੋਈ ਹੈ ਤਾਂ ਉਹਦੀ ਉਹੋ ਜਾਣੇ! ਉਹਨੂੰ ਸਾਰਿਆਂ ਦੇ ਵੱਕਾਰ ਦਾ ਮਸਲਾ ਸਮਝਿਆ ਜਾਵੇ। ਮੈਂ ਉਨ੍ਹਾਂ ਨਾਲ ਸਭ ਤੋਂ ਪਹਿਲਾਂ ਅੱਗੇ ਹੋਵਾਂਗਾ। ਜਿਹੜਾ ਅਧਿਆਪਕ ਸਕੂਲ ਵਿਚ ਹਾਜ਼ਰ ਹੋਵੇ, ਉਹ ਆਪਣੀ ਕਲਾਸ ਵਿਚ ਜ਼ਰੂਰ ਜਾਵੇ। ਆਪਾਂ ਗੁਣਾਤਮਕ ਤਬਦੀਲੀ ਲਿਆ ਕੇ ਵਿਖਾਉਣੀ ਹੈ। ਇਹ ਆਪਣੀ ਸਮੂਹਕ ਜ਼ਿੰਮੇਵਾਰੀ ਹੋਵੇਗੀ। ਤੁਸੀਂ ਸਾਥ ਨਾ ਦਿਓਗੇ ਤਾਂ ਮੈਂ ਇੱਕਲਾ ਕੁਝ ਨਹੀਂ ਕਰ ਸਕਾਂਗਾ। ਤੁਹਾਡੇ ਕਹਿਣ ਉਤੇ ਹੀ ਮੈਂ ਜ਼ਿੰਮੇਵਾਰੀ ਓਟੀ ਹੈ ਅਤੇ ਇਸ ਦੀ ਲਾਜ ਵੀ ਤੁਸੀਂ ਰੱਖਣੀ ਹੈ।

ਸਾਰੇ ਮੇਰੇ ਨਾਲ ਸਹਿਮਤ ਸਨ, ਪਰ ਕੰਮ ਇੰਨਾ ਸੌਖਾ ਨਹੀਂ ਸੀ।

ਸੋਚ ਵਿਚਾਰ ਤੋਂ ਬਾਅਦ ਮੈਂ ਸਿੱਖੀ ਦੇ ਨਾਂ 'ਤੇ ਹੋ ਰਹੇ ਹੁੜਦੰਗ ਨੂੰ ਸਿੱਖੀ ਦੀ ਸੁੱਚੀ ਸੋਚ ਨਾਲ ਰੋਕਣ ਦਾ ਨਿਰਣਾ ਲਿਆ। ਸਭ ਤੋਂ ਪਹਿਲਾਂ ਦਸਵੀਂ ਜਮਾਤ ਦੇ ਦੋਵੇਂ ਸੈਕਸ਼ਨ ਇਕੱਠੇ ਕਰ ਲਏ। ਉਨ੍ਹਾਂ ਵਿਚੋਂ ਮੇਰੇ ਵਾਲੀਬਾਲ ਦੀ ਟੀਮ ਦੇ ਵਿਦਿਆਰਥੀ ਮੈਨੂੰ ਖੁਸ਼ ਹੋ ਕੇ ਕਹਿੰਦੇ, "ਭਾ ਜੀ, ਸੁਣਿਐ ਹੈਡਮਾਸਟਰ ਬਣ ਗਏ ਓ। ਹੁਣ ਚਲਾਈਏ ਸਕੂਲ ਨੂੰ ਵਧੀਆ ਤਰੀਕੇ ਨਾਲ।"

ਉਹ ਰੋਜ਼ ਸਾਡੇ ਨਾਲ ਖੇਡਦੇ ਸਨ ਅਤੇ ਸਕੂਲ ਦੇ ਵਿਗੜਦੇ ਪ੍ਰਬੰਧ ਬਾਰੇ ਹੁੰਦੀਆਂ ਗੱਲਾਂ ਸਾਡੇ ਕੋਲੋਂ ਸੁਣਦੇ ਰਹਿੰਦੇ ਸਨ। ਉਂਜ ਵੀ ਵਿਦਿਆਰਥੀਆਂ ਵਿਚ ਅਸਰ-ਰਸੂਖ ਰੱਖਦੇ ਸਨ। ਉਨ੍ਹਾਂ ਦੇ ਸਾਥ ਨਾਲ ਦੂਜੇ ਵਿਦਿਆਰਥੀ ਵੀ ਸਹਿਜੇ ਆਖੇ ਲਾਏ ਜਾ ਸਕਦੇ ਸਨ। ਮੈਂ ਦ੍ਰਿੜਤਾ ਨਾਲ ਕਿਹਾ, "ਤੁਸੀਂ ਕਾਇਮ ਹੋ ਜੋ। ਆਪਾਂ ਰਲ ਕੇ ਕਰਾਂਗੇ ਸਭ ਕੁਝ।"

ਫਿਰ ਮੈਂ ਸਿੱਖੀ ਦੀ ਰੂਹ ਨੂੰ ਉਨ੍ਹਾਂ ਸਾਹਮਣੇ ਉਦਾਹਰਣਾਂ ਦੇ ਦੇ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਸਿੱਖੀ; ਜਿਹੜੀ ਬਖਸ਼ਣ ਹਾਰ ਹੈ। ਸਿੱਖੀ; ਜਿਹੜੀ ਮਾਸੂਮਾਂ ਅਤੇ ਬੇਦੋਸ਼ਿਆਂ 'ਤੇ ਕਦੀ ਹਮਲਾ ਨਹੀਂ ਕਰਦੀ, ਸਗੋਂ ਉਨ੍ਹਾਂ ਦੇ ਬਚਾਓ ਲਈ ਆਪ ਮੈਦਾਨ ਵਿਚ ਨਿੱਤਰਦੀ ਹੈ ਅਤੇ ਦੂਜੇ ਦੀ ਆਸਥਾ ਦੀ ਰਾਖੀ ਲਈ ਚਾਂਦਨੀ ਚੌਕ ਵਿਚ ਆਪਣਾ ਸੀਸ ਭੇਟ ਕਰ ਸਕਦੀ ਹੈ। ਸਿੱਖੀ; ਜਿਹੜੀ ਜੰਗ ਦੇ ਮੈਦਾਨ ਵਿਚ ਵੀ ਡਿੱਗੇ ਹੋਏ 'ਤੇ ਅਤੇ ਕਿਸੇ ਦੀ ਪਿੱਠ 'ਤੇ ਵਾਰ ਨਹੀਂ ਕਰਦੀ। ਸਿੱਖੀ; ਜਿਹੜੀ ਦੁਸ਼ਮਣ ਦੇ ਜ਼ਖ਼ਮਾਂ 'ਤੇ ਵੀ ਮਰਹਮ ਲਾਉਂਦੀ ਹੈ। ਸਿੱਖੀ; ਜਿਹੜੀ ਔਰਤਾਂ ਅਤੇ ਬੱਚਿਆਂ 'ਤੇ ਕਦੀ ਹੱਥ ਨਹੀਂ ਚੁੱਕਦੀ। ਸਿੱਖੀ; ਜਿਹੜੀ ਦੁਸ਼ਮਣ ਦੀ ਮਾਂ, ਭੈਣ ਅਤੇ ਧੀ ਨੂੰ ਆਪਣੀ ਮਾਂ, ਭੈਣ ਅਤੇ ਧੀ ਸਮਝਦੀ ਹੈ ਅਤੇ ਓਨਾ ਚਿਰ ਆਰਾਮ ਨਾਲ ਨਹੀਂ ਬੈਠਦੀ ਜਿੰਨਾ ਚਿਰ ਉਨ੍ਹਾਂ ਨੂੰ ਉਨ੍ਹਾਂ ਦੇ ਸੁਰੱਖਿਅਤ ਟਿਕਾਣੇ 'ਤੇ ਪਹੁੰਚਾ ਨਹੀਂ ਦਿੰਦੀ। ਸਿੱਖੀ; ਜਿਸ ਵਿਚ ਵਿਦਿਆ ਨੂੰ ਪਰਉਪਕਾਰ ਦਾ ਸੋਮਾ ਸਮਝਿਆ ਜਾਂਦਾ ਹੈ। ਸਿੱਖੀ; ਜਿਹੜੀ ਸਰਬੱਤ ਦਾ ਭਲਾ ਮੰਗਦੀ ਹੈ। ਸਿੱਖੀ; ਜਿਹੜੀ ਹਜ਼ਾਰਾਂ ਚੰਦ ਸੂਰਜਾਂ ਦੇ ਹੁੰਦਿਆਂ 'ਗੁਰੂ' ਦੀ ਅਣਹੋਂਦ ਬਿਨਾ ਚਹੁੰ-ਕੂਟੀਂ ਹਨੇਰਾ ਹੀ ਹਨੇਰਾ ਪਸਰਿਆ ਵੇਖਦੀ ਹੈ।

ਮੈਂ ਅਸਿੱਧੇ ਤੌਰ 'ਤੇ, ਸਿੱਖੀ ਦੇ ਨਾਂ 'ਤੇ ਜੋ ਗ਼ਲਤ ਹੋ ਰਿਹਾ ਸੀ, ਉਸ ਵੱਲ ਸੰਕੇਤ ਕਰ ਰਿਹਾ ਸਾਂ। ਸਿੱਧੇ ਤੌਰ 'ਤੇ, ਜੋ ਹੋ ਰਿਹਾ ਸੀ, ਉਸ ਇਲਾਕੇ ਵਿਚ ਰਹਿੰਦਿਆਂ, ਉਹਨੂੰ ਜਨਤਕ ਤੌਰ 'ਤੇ ਰੱਦ ਕਰਨਾ ਮੇਰੇ ਵੱਸ ਦੀ ਗੱਲ ਨਹੀਂ ਸੀ। ਇਸ ਨੂੰ ਕੋਈ ਮੇਰੀ ਕਮਜ਼ੋਰੀ ਸਮਝ ਲਵੇ ਜਾਂ ਮੌਕਾਪ੍ਰਸਤੀ; ਮੈਨੂੰ ਕੋਈ ਇਤਰਾਜ਼ ਨਹੀਂ। ਮੈਂ ਇਹ ਵੀ ਨਹੀਂ ਕਹਿ ਸਕਦਾ ਕਿ ਜੇ ਉਸ ਵੇਲੇ ਮੈਂ ਕਿਸੇ ਵੱਡੇ ਸ਼ਹਿਰ ਦੇ ਸੁਰੱਖਿਅਤ ਇਲਾਕੇ ਵਿਚ ਰਹਿ ਰਿਹਾ ਹੁੰਦਾ ਅਤੇ ਮੇਰੇ ਕੋਲ ਪੈਟਰੋਲ ਸਮੇਤ ਪੁਲਿਸ ਦੀ ਮਿਲੀ ਕਾਰ ਅਤੇ ਸੁਰੱਖਿਆ ਲਈ ਜਿਪਸੀ ਸਮੇਤ ਸੁਰੱਖਿਆ ਕਰਮੀਆਂ ਦਾ ਪੂਰਾ ਦਸਤਾ ਵੀ ਮਿਲਿਆ ਹੁੰਦਾ, ਉਦੋਂ ਵੀ ਮੈਂ ਭਲਾ ਪੂਰਾ ਸੱਚ ਬੋਲ ਸਕਦਾ ਕਿ ਨਾ! ਮੈਂ ਤਾਂ ਸਗੋਂ ਇਹ ਮੌਕਾਪ੍ਰਸਤੀ ਵੀ ਕੀਤੀ ਕਿ ਸਭ ਕੁਝ ਨਾਲ ਸਹਿਮਤ ਨਾ ਹੁੰਦਿਆਂ ਹੋਇਆਂ ਵੀ, ਇੱਕ ਜੁਗਤ ਵਜੋਂ, 'ਖਾੜਕੂਆਂ' ਨਾਲ ਤੁਰੇ ਸਕੂਲ ਦੇ ਮੁੰਡਿਆਂ ਨੂੰ 'ਸਿੱਖੀ ਲਈ ਲੜਦੇ' ਆਖਿਆ।

"ਵੇਖੋ, ਹੁਣ ਤੁਹਾਡੇ ਜਿਹੜੇ ਭਰਾ ਜਾਂ ਬਾਪ ਕੁਰਬਾਨ ਹੋ ਗਏ ਜਾਂ ਦਿਨ ਰਾਤ ਕਮਾਦਾਂ ਵਿਚ ਲੁਕੇ ਫਿਰਦੇ ਬੇਆਰਾਮੀ ਦਾ ਜੀਵਨ ਗੁਜ਼ਾਰ ਰਹੇ ਨੇ ਅਤੇ ਹਰ ਵੇਲੇ ਮੌਤ ਜਿਨ੍ਹਾਂ ਦਾ ਪਿੱਛਾ ਕਰ ਰਹੀ ਹੈ; ਕੀ ਉਨ੍ਹਾਂ ਇਹ ਸਭ ਇਸ ਕਰ ਕੇ ਕੀਤਾ ਕਿ ਤੁਸੀਂ ਬੇਮੁਹਾਰੇ ਹੋ ਕੇ ਮਨ ਮਰਜ਼ੀਆਂ ਕਰੋ, ਸ਼ਹਿਰਾਂ ਅਤੇ ਅਮੀਰਾਂ ਦੇ ਮੁੰਡੇ ਪੜ੍ਹ ਲਿਖ ਕੇ ਅਫ਼ਸਰ ਬਣਦੇ ਰਹਿਣ ਅਤੇ ਤੁਸੀਂ ਅਨਪੜ੍ਹ ਰਹਿ ਕੇ ਡੰਗਰਾਂ ਦੀਆਂ ਪੂਛਾਂ ਮਰੋੜਨ ਜੋਗੇ ਰਹਿ ਜਾਓ ਜਾਂ ਆਪਣੇ ਗੁਰੂਆਂ ਜਾਂ ਅਧਿਆਪਕਾਂ ਦੀ ਲਾਹ ਪਾਹ ਕਰਦੇ ਰਹੋ ਅਤੇ ਆਪਣੇ ਪੈਰੀਂ ਆਪ ਕੁਹਾੜਾ ਮਾਰਦੇ ਰਹੋ? ਕਿਉਂ ਬਈ ਬੀਰਿਆ? ਕਿਉਂ ਕੰਵਲਜੀਤ?"

ਇਨ੍ਹਾਂ ਵਿਚੋਂ ਬੀਰੇ ਦਾ ਭਰਾ ਬੂਟਾ 'ਲੈਫਟੀਨੈਂਟ ਜਨਰਲ' ਬਣ ਕੇ ਵਿਚਰ ਰਿਹਾ ਸੀ ਅਤੇ ਕੰਵਲਜੀਤ ਦਾ ਪਿਉ ਸੰਤ ਭਿੰਡਰਾਂਵਾਲਿਆਂ ਦਾ ਨੇੜਲਾ ਸਾਥੀ ਸੀ ਅਤੇ ਪਹਿਲਿਆਂ 'ਚ ਅਕਸਰ ਮੈਨੂੰ ਮਿਲਣ ਵੀ ਆਉਂਦਾ ਰਿਹਾ ਸੀ, ਬਲੂ ਸਟਾਰ ਆਪ੍ਰੇਸ਼ਨ ਤੋਂ ਬਾਅਦ ਉਹ ਅਜੇ ਤੱਕ ਲਾਪਤਾ ਸੀ।

"ਨਹੀਂ ਜੀ।" ਸਾਰੀ ਜਮਾਤ ਇੱਕ ਆਵਾਜ਼ ਵਿਚ ਬੋਲੀ। ਇਨ੍ਹਾਂ ਵਿਚ ਬੀਰੇ ਅਤੇ ਕੰਵਲਜੀਤ ਦੀ ਆਵਾਜ਼ ਵੀ ਸ਼ਾਮਲ ਸੀ।

"ਠੀਕ ਹੈ, ਅੱਜ ਤੋਂ ਸਕੂਲ ਦਾ ਪ੍ਰਬੰਧ ਵੀ ਤੁਸੀਂ ਹੀ ਸੰਭਾਲੋਗੇ। ਤੁਸੀਂ ਹੀ ਨਿਯਮ ਬਣਾਵੋਗੇ ਅਤੇ ਲਾਗੂ ਵੀ ਆਪ ਹੀ ਕਰੋਗੇ। ਜਿਹੜਾ ਨਿਯਮਾਂ ਨੂੰ ਤੋੜੇਗਾ, ਉਹਨੂੰ ਸਜ਼ਾ ਵੀ ਤੁਸੀਂ ਹੀ ਦਿਓਗੇ। ਗੁਰੂ ਸਾਹਿਬ ਨੇ ਪੰਜਾਂ ਵਿਚ ਪਰਮੇਸ਼ਰ ਸਮਝਦਿਆਂ ਉਨ੍ਹਾਂ ਨੂੰ ਪੰਜ ਪਿਆਰੇ ਆਖਿਆ ਅਤੇ ਆਪਣੇ ਤੋਂ ਵੀ ਵੱਡਾ ਰੁਤਬਾ ਦਿੱਤਾ ਸੀ। ਸੰਗਤ ਨੂੰ ਗੁਰੂ ਮੰਨ ਕੇ ਆਪ ਚੇਲੇ ਬਣੇ ਸਨ। ਅਸੀਂ ਗੁਰੂ ਜੀ ਦੀ ਸਿੱਖਿਆ ਅਪਣਾ ਕੇ ਤੁਹਾਡੀ ਹਰ ਜਮਾਤ ਦੀ ਪੰਚਾਇਤ ਬਣਾਵਾਂਗੇ। 'ਪੰਜ ਪਿਆਰੇ' ਬਣਾਵਾਂਗੇ। ਇਹ ਪੰਚਾਇਤ ਸਿੱਖੀ ਦੀ ਰੂਹ ਅਨੁਸਾਰ ਸੱਚ 'ਤੇ ਪਹਿਰਾ ਦੇਵੇਗੀ। ਆਪੇ ਬਣਾਏ ਨਿਯਮਾਂ ਦਾ ਪਾਲਣ ਕਰੇਗੀ ਅਤੇ ਕਰਵਾਏਗੀ। ਝੂਠੇ ਨੂੰ ਝੂਠਾ ਅਤੇ ਸੱਚੇ ਨੂੰ ਸੱਚਾ ਆਖੇਗੀ। ਹਰ ਜਮਾਤ ਦੀ ਪੰਚਾਇਤ ਵਿਚੋਂ ਨੁਮਾਇੰਦੇ ਲੈ ਕੇ ਸਾਰੇ ਸਕੂਲ ਦੀ ਵੱਡੀ ਪੰਚਾਇਤ ਬਣਾਈ ਜਾਏਗੀ। ਜੇ ਕੋਈ ਝਗੜਾ ਜਮਾਤ ਦੀ ਆਪਣੀ ਪੰਚਾਇਤ ਤੋਂ ਨਾ ਨਜਿੱਠਿਆ ਜਾ ਸਕੂ ਤਾਂ ਉਹ ਕੇਸ ਵੱਡੀ ਪੰਚਾਇਤ ਵਿਚ ਲੈ ਕੇ ਜਾਵੇਗੀ। ਜੇ ਉਥੇ ਵੀ ਹੱਲ ਨਾ ਹੋਵੇ ਤਾਂ ਕਲਾਸ ਟੀਚਰ ਨੂੰ ਦੱਸਿਆ ਜਾਵੇਗਾ ਅਤੇ ਜੇ ਫਿਰ ਵੀ ਮਸਲਾ ਨਾ ਸੁਲਝੇ ਤਾਂ ਮੇਰੇ ਕੋਲ ਗੱਲ ਆਵੇਗੀ। ਫਿਰ ਪੰਚਾਇਤ ਦੀ ਸਲਾਹ ਨਾਲ ਮਸਲਾ ਹੱਲ ਕੀਤਾ ਜਾਵੇਗਾ। ਇੱਕ ਗੱਲ ਹੋਰ; ਜੇ ਕੋਈ ਨਿਯਮਾਂ ਨੂੰ ਤੋੜਨ ਦਾ ਦੋਸ਼ੀ ਨਿਕਲਦਾ ਹੈ ਤੇ ਆਪਣੀ ਗ਼ਲਤੀ ਲਈ ਪੰਚਾਇਤ ਦੀ ਇੱਛਾ ਅਨੁਸਾਰ ਮੁਆਫ਼ੀ ਮੰਗ ਲੈਂਦਾ ਹੈ ਤਾਂ ਉਹਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ, ਕਿਉਂਕਿ ਸਿੱਖੀ ਬਖ਼ਸ਼ਿੰਦ ਹੈ। ਆਪਾਂ ਸਕੂਲ ਨੂੰ ਇੱਕ ਵਾਰ ਫਿਰ ਤੋਂ ਰਲ ਮਿਲ ਕੇ ਬਿਹਤਰ ਹਾਲਤ ਵਿਚ ਲੈ ਆਉਣਾ ਹੈ।"

ਮੇਰੀਆਂ ਗੱਲਾਂ ਦੀ ਸਾਰੇ ਵਿਦਿਆਰਥੀਆਂ ਨੇ ਪੁਰਜ਼ੋਰ ਹਮਾਇਤ ਕੀਤੀ। ਅਸੀਂ ਮੁੰਡਿਆਂ ਦੀ ਆਪਸੀ ਸਲਾਹ ਨਾਲ ਦੋਹਾਂ ਸੈਕਸ਼ਨਾਂ ਦੇ ਪੰਜ ਪੰਜ ਮੁੰਡਿਆਂ ਦੀਆਂ ਦੋ ਪੰਚਾਇਤਾਂ ਬਣਾ ਲਈਆਂ। ਬੀਰ੍ਹਾ ਅਤੇ ਕੰਵਲਜੀਤ ਵੀ ਉਨ੍ਹਾਂ ਵਿਚ ਸ਼ਾਮਲ ਸਨ। ਫਿਰ ਮੈਂ ਇਹੋ ਸਾਰੀ ਪ੍ਰਕਿਰਿਆ ਸਾਰੀਆਂ ਜਮਾਤਾਂ ਵਿਚ ਦੁਹਰਾਈ। ਫਿਰ ਸਾਰੀਆਂ ਜਮਾਤਾਂ ਦੀਆਂ ਪੰਚਾਇਤਾਂ ਦਾ ਸਾਂਝਾ ਇਕੱਠ ਬੁਲਾ ਕੇ ਸਾਂਝੀ ਵੱਡੀ ਪੰਚਾਇਤ ਵੀ ਬਣਾ ਲਈ। ਜ਼ਿੰਮੇਵਾਰ ਅਧਿਆਪਕਾਂ ਦੀ ਹਾਜ਼ਰੀ ਵਿਚ ਰਲ ਕੇ ਨਿਯਮ ਵੀ ਬਣਾਏ ਗਏ।

ਕੋਈ ਵਿਦਿਆਰਥੀ ਸਕੂਲ ਸਮੇਂ ਵਿਚ ਨਾ ਤਾਂ ਕਲਾਸ ਤੋਂ ਬਾਹਰ ਫਿਰੇਗਾ ਅਤੇ ਨਾ ਹੀ ਬਹੁਤ ਜ਼ਰੂਰੀ ਕੰਮ ਤੋਂ ਬਿਨਾਂ ਸਕੂਲ ਕੰਪਲੈਕਸ ਤੋਂ ਬਾਹਰ ਜਾਵੇਗਾ। ਜਾਣਾ ਪਵੇਗਾ ਤਾਂ ਅਧਿਆਪਕ, ਜਮਾਤ ਦੀ ਪੰਚਾਇਤ ਜਾਂ ਕਿਸੇ ਮੈਂਬਰ ਦੀ ਆਗਿਆ ਨਾਲ ਜਾਵੇਗਾ ਅਤੇ ਕੰਮ ਕਰ ਕੇ ਵਾਪਸ ਆ ਜਾਵੇਗਾ। ਪਾਣੀ ਪੀਣ ਜਾਂ ਪਿਸ਼ਾਬ ਕਰਨ ਜਾਣ ਦੇ ਬਹਾਨੇ ਤੁਰੇ ਰਹਿਣ ਵਾਲਿਆਂ ਲਈ ਇਹ ਨਿਯਮ ਬਣਾਇਆ ਗਿਆ ਕਿ ਤੀਜੇ ਪੀਰੀਅਡ ਤੋਂ ਪਿੱਛੋਂ ਪਿਸ਼ਾਬ ਕਰਨ ਜਾਂ ਪਾਣੀ ਪੀਣ ਦੀ ਦਸ ਮਿੰਟ ਦੀ ਛੁੱਟੀ ਸਾਰੇ ਵਿਦਿਆਰਥੀਆਂ ਨੂੰ ਹੋਵੇਗੀ। ਇਸ ਬਹਾਨੇ ਨੂੰ ਫਿਰਨ ਤੁਰਨ ਦਾ ਸਾਧਨ ਨਹੀਂ ਬਣਨ ਦਿੱਤਾ ਜਾਵੇਗਾ। ਜੇ ਕੋਈ ਅਧਿਆਪਕ ਜਮਾਤ ਵਿਚ ਵੇਲੇ ਸਿਰ ਨਹੀਂ ਆਵੇਗਾ ਤਾਂ ਪੰਚਾਇਤ ਦਾ ਮੁਖੀਆ ਜਾਂ ਕੋਈ ਹੋਰ ਮੈਂਬਰ ਉਹਨੂੰ ਬੁਲਾਉਣ ਜਾਵੇਗਾ। ਜੇ ਉਹ ਫਿਰ ਵੀ ਜਮਾਤ ਵਿਚ ਨਹੀਂ ਆਉਂਦਾ ਤਾਂ ਮੈਨੂੰ ਦੱਸਿਆ ਜਾਏਗਾ।

ਅਗਲੇ ਦਿਨ ਪ੍ਰਾਰਥਨਾ ਸਭਾ ਵਿਚ ਸਾਰੇ ਸਕੂਲ ਨੂੰ ਸਾਂਝੇ ਤੌਰ 'ਤੇ ਸਾਰੀ ਗੱਲ ਸਮਝਾ ਦਿੱਤੀ ਗਈ। ਦੋ ਦਿਨਾਂ ਵਿਚ ਹੀ ਇਸ ਦਾ ਅਸਰ ਦਿਖਾਈ ਦੇਣ ਲੱਗਾ। ਮੁੰਡੇ ਅਤੇ ਅਧਿਆਪਕ ਕਲਾਸਾਂ ਵਿਚ ਜਾਣ ਲੱਗੇ।

ਪਰ ਵਿੰਗੀਆਂ ਪੂਛਾਂ ਛੇਤੀ ਕੀਤੇ ਸਿੱਧੀਆਂ ਤਾਂ ਨਹੀਂ ਨਾ ਹੁੰਦੀਆਂ! ਵਿਦਿਆਰਥੀ ਅਜੇ ਵੀ ਕਿਸੇ ਨਾ ਕਿਸੇ ਤਰ੍ਹਾਂ ਅੱਖ ਬਚਾ ਕੇ ਜਾਂ ਕੰਧ ਟੱਪ ਕੇ ਬਾਹਰ ਚਲੇ ਜਾਂਦੇ। ਮੈਂ ਮੁੱਖ ਪੰਚਾਇਤ ਦੇ ਮੈਂਬਰ ਨੂੰ ਨਾਲ ਲੈਂਦਾ ਅਤੇ ਪਿੱਛੋਂ ਦੀ ਝਕਾਨੀ ਦੇ ਕੇ ਅਸੀਂ ਉਨ੍ਹਾਂ ਨੂੰ ਜਾ ਘੇਰਦੇ।

"ਬੰਦੇ ਦੇ ਪੁੱਤ ਬਣ ਕੇ ਚੱਲੋ ਸਕੂਲੇ।" ਸਾਨੂੰ ਆਇਆ ਵੇਖ ਉਹ ਸਾਡੇ ਅੱਗੇ ਅੱਗੇ ਸਕੂਲ ਨੂੰ ਦੌੜਦੇ। ਜਿਹੜੇ ਅਜੇ ਵੀ ਢੀਚਕ ਚਾਲ ਤੁਰ ਰਹੇ ਹੁੰਦੇ, ਮੈਂ ਹੱਥ ਵਿਚ ਫੜੀ ਛਮਕ ਜਿਹੀ, ਉਨ੍ਹਾਂ ਦੇ ਪਿੱਛੇ ਪੋਲੇ ਥਾਂ 'ਤੇ ਮਾਰਦਾ। ਲੋਕ ਉਨ੍ਹਾਂ ਨੂੰ ਭੱਜਦਿਆਂ ਵੇਖ ਕੇ ਹੱਸਦੇ, "ਇਹ ਇਸ ਤਰ੍ਹਾਂ ਈ ਕਾਬੂ ਆਉਂਦੇ ਨੇ। ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।"

ਦਿਨਾਂ ਵਿਚ ਹੀ ਮੁੰਡੇ ਬਾਹਰ ਭੱਜਣੋਂ ਵੀ ਹਟ ਗਏ ਅਤੇ ਬਦਲੇ ਮਾਹੌਲ ਦੀ ਚਰਚਾ ਘਰ ਘਰ ਹੋਣ ਲੱਗੀ। ਕਦੀ ਕਦੀ ਕੋਈ ਅਧਿਆਪਕ ਵੀ ਘੁਸਾਈ ਮਾਰਦਾ ਜਾਂ ਕਲਾਸ ਵਿਚ ਜਾਣ ਤੋਂ ਦੇਰ ਕਰ ਦਿੰਦਾ ਤਾਂ ਮੈਂ ਮੁਸਕਰਾਉਂਦਾ ਹੋਇਆ ਉਸ ਕੋਲ ਜਾਂਦਾ। ਮੇਰੇ ਹੱਥ ਵਿਚ ਉਹ ਗੱਤਾ ਫੜਿਆ ਹੁੰਦਾ ਜਿਸ ਉਤੇ ਟਾਈਮ ਟੇਬਲ ਲਿਖਿਆ ਹੁੰਦਾ ਸੀ। ਮੈਂ ਮੂੰਹੋਂ ਨਾ ਬੋਲਦਾ। ਸਿਰਫ਼ ਟਾਈਮ ਟੇਬਲ ਵਾਲਾ ਗੱਤਾ ਉਸ ਦੇ ਸਾਹਮਣੇ ਕਰਦਾ ਜੋ ਇਸ ਗੱਲ ਦਾ ਸੰਕੇਤ ਹੁੰਦਾ ਕਿ ਤੁਹਾਡਾ ਪੀਰੀਅਡ ਲੱਗਾ ਹੋਇਆ ਹੈ, ਪਰ ਤੁਸੀਂ ਅਜੇ ਜਮਾਤ ਵਿਚ ਗਏ ਨਹੀਂ। ਉਹ ਪਹਿਲਾਂ ਹੀ ਹੱਸਦਾ ਹੋਇਆ ਉਠ ਕੇ ਇਹ ਕਹਿੰਦਾ ਕਲਾਸ ਵੱਲ ਤੁਰ ਪੈਂਦਾ, "ਤੁਸੀਂ ਨਹੀਂ ਘੜੀ ਆਰਾਮ ਨਾਲ ਬਹਿਣ ਦਿੰਦੇ।" ਮੈਂ ਵੀ ਅੱਗਿਉਂ ਹੱਸਦਾ ਰਹਿੰਦਾ। ਆਪਣੇ ਟੋਲੇ ਵਿਚ ਬੈਠੀਆਂ ਅਧਿਆਪਕਾਵਾਂ ਮੈਨੂੰ ਆਪਣੇ ਵੱਲ ਆਉਂਦਾ ਵੇਖ ਕੇ ਕਹਿੰਦੀਆਂ, "ਨੀ, ਕਿਸੇ ਦਾ ਪੀਰਡ ਤਾਂ ਨਹੀਂ ਲੱਗਾ ਹੋਇਆ? ਭਾ ਜੀ ਗੱਤਾ ਫੜੀ ਆਉਂਦੇ ਜੇ।"

ਨਿਯਮ ਉਨ੍ਹਾਂ ਦੀ ਮਰਜ਼ੀ ਨਾਲ ਹੀ ਬਣੇ ਸਨ ਅਤੇ ਪਾਲਣਾ ਵੀ ਉਨ੍ਹਾਂ ਨੇ ਹੀ ਕਰਨੀ ਸੀ। ਮੈਂ ਤਾਂ ਉਨ੍ਹਾਂ ਨੂੰ ਚੇਤਾ ਹੀ ਕਰਾਉਣਾ ਸੀ।

ਵਿਦਿਆਰਥੀਆਂ ਵਿਚ ਝਗੜੇ ਵੀ ਹੁੰਦੇ, ਨਿਯਮ ਵੀ ਟੁੱਟਦੇ। ਜੇ ਕਿਸੇ ਵਿਦਿਆਰਥੀ ਨਾਲ ਜ਼ਿਆਦਤੀ ਹੁੰਦੀ ਤਾਂ ਪਹਿਲਾਂ ਪਹਿਲਾਂ ਉਹ ਮੇਰੇ ਕੋਲ ਸ਼ਿਕਾਇਤ ਲੈ ਕੇ ਆਉਂਦਾ, ਪਰ ਮੈਂ ਉਸ ਨੂੰ ਪੰਚਾਇਤ ਕੋਲ ਭੇਜ ਦਿੰਦਾ। ਆਪ ਵੀ ਉਨ੍ਹਾਂ ਵਿਚ ਜਾ ਕੇ ਬੈਠ ਜਾਂਦਾ; ਪਰ ਪੰਚਾਇਤ ਹੀ ਉਨ੍ਹਾਂ ਦਾ ਝਗੜਾ ਸੁਣਦੀ। ਸੱਚ ਝੂਠ ਦਾ ਨਿਤਾਰਾ ਕਰਦੀ ਅਤੇ ਸੁੱਚੇ ਸਿੱਖੀ ਅਸੂਲ ਮੁਤਾਬਕ ਬਿਨਾਂ ਕਿਸੇ ਦੀ ਰਈ ਕੀਤਿਆਂ ਝੂਠੇ ਨੂੰ ਝੂਠਾ ਅਤੇ ਸੱਚੇ ਨੂੰ ਸੱਚਾ ਆਖਦੀ। ਗ਼ਲਤੀ ਕਰਨ ਵਾਲਾ ਗ਼ਲਤੀ ਮੰਨ ਲੈਂਦਾ ਅਤੇ ਮਾਮਲਾ ਹੱਲ ਹੋ ਜਾਂਦਾ। ਮੈਂ ਵਿਚ ਵਿਚਾਲੇ ਲੋੜ ਪੈਂਦੀ ਤਾਂ ਮਾੜੀ ਮੋਟੀ ਦਖ਼ਲ ਅੰਦਾਜ਼ੀ ਕਰਦਾ।

ਮੇਰੀ ਹਾਜ਼ਰੀ ਤੋਂ ਇਲਾਵਾ ਕਰਵਾਏ ਸਾਰੇ ਫੈਸਲਿਆਂ ਬਾਰੇ ਸਾਰੀਆਂ ਜਮਾਤਾਂ ਦੀਆਂ ਪੰਚਾਇਤਾਂ ਮੈਨੂੰ ਦੱਸਦੀਆਂ ਰਹਿੰਦੀਆਂ। ਛੋਟੀਆਂ ਜਮਾਤਾਂ ਵਿਚੋਂ ਤਾਂ ਸ਼ਾਇਦ ਹੀ ਕੋਈ ਸ਼ਿਕਾਇਤ ਮੇਰੇ ਤੱਕ ਪਹੁੰਚਦੀ ਹੋਵੇ। ਉਹ ਆਪ ਹੀ ਫ਼ੈਸਲੇ ਕਰ ਲੈਂਦੇ। ਵੱਡੀਆਂ ਜਮਾਤਾਂ ਦੇ ਵਿਦਿਆਰਥੀਆਂ ਵਿਚ ਕਦੀ ਕਦੀ ਸਮੱਸਿਆ ਆਉਂਦੀ, ਪਰ ਉਹ ਵੀ ਸੁਲਝਾ ਲਈ ਜਾਂਦੀ। ਵਿਦਿਆਰਥੀ ਇੰਨੇ ਸੁਚੇਤ ਅਤੇ ਜ਼ਿੰਮੇਵਾਰ ਹੋ ਗਏ ਕਿ ਉਹ ਆਪ ਹੀ ਨਿਯਮ ਤੋੜਨ ਵਾਲੇ ਦੀ ਪੁੱਛ-ਗਿੱਛ ਕਰਦੇ ਰਹਿੰਦੇ। ਸਕੂਲ ਉਨ੍ਹਾਂ ਨੂੰ ਆਪਣੇ ਘਰ ਵਾਂਗ ਲੱਗਣ ਲੱਗਾ। ਉਹ ਇਸ ਘਰ ਦਾ ਕੁਝ ਵਿਗੜਿਆ ਨਹੀਂ ਸਨ ਵੇਖਣਾ ਚਾਹੁੰਦੇ।

***

ਇਹ ਅੰਨ੍ਹੇ ਆਦਰਸ਼ਵਾਦ ਨੂੰ ਸਿਰ 'ਤੇ ਚੁੱਕੀ ਰੱਖਣ ਦੇ ਸਮੇਂ ਨਹੀਂ ਸਨ। ਮੈਂ, ਸਭ ਦੀ ਸਲਾਹ ਨਾਲ, ਸ਼ਹਿਰੋਂ ਆਉਂਦੇ ਅਧਿਆਪਕਾਂ ਨੂੰ ਕੁਝ ਸਮਾਂ ਪਹਿਲਾਂ ਛੁੱਟੀ ਕਰ ਕੇ ਜਾਣ ਦੀ ਆਗਿਆ ਵੀ ਦਿੱਤੀ ਹੋਈ ਸੀ, ਕਿਉਂਕਿ ਚਾਰ ਵਜੇ ਛੁੱਟੀ ਕਰ ਕੇ ਬੱਸ ਅੱਡੇ ਤੋਂ ਬੱਸ ਫੜਦਿਆਂ ਉਨ੍ਹਾਂ ਨੂੰ ਸਿਆਲੀ ਦਿਨਾਂ ਵਿਚ ਸ਼ਹਿਰ ਪਹੁੰਚਦਿਆਂ ਰਾਤ ਪੈ ਜਾਂਦੀ ਸੀ। ਪੰਜ ਕੁ ਵਜੇ ਤੱਕ ਤਾਂ ਉਦੋਂ ਬੱਸਾਂ ਚੱਲਣੀਆਂ ਵੀ ਬੰਦ ਹੋ ਜਾਂਦੀਆਂ ਸਨ। ਛੇ ਵਜੇ ਤੱਕ ਲੋਕ ਡਰਦੇ ਘਰਾਂ ਵਿਚ ਵੀ ਦੜ ਜਾਂਦੇ ਸਨ ਅਤੇ ਪਿੰਡਾਂ ਦੀਆਂ ਗਲੀਆਂ ਵਿਚ ਸੁੰਨ-ਮਸਾਣ ਪਸਰ ਜਾਂਦੀ ਸੀ। ਲੋੜ ਅਨੁਸਾਰ ਉਨ੍ਹਾਂ ਨੂੰ ਫਰਲੋ ਅਤੇ ਛੁੱਟੀ ਵੀ ਮਿਲ ਜਾਂਦੀ ਸੀ, ਪਰ ਜਦੋਂ ਉਹ ਸਕੂਲ ਵਿਚ ਹਾਜ਼ਰ ਹੁੰਦੇ ਤਾਂ ਆਪਣੀ ਡਿਊਟੀ ਨਿਭਾਉਣ ਦੀ ਕੋਸ਼ਿਸ਼ ਜ਼ਰੂਰ ਕਰਦੇ। ਮੈਂ ਲੇਟ ਆਉਣ ਵਾਲੇ ਨੂੰ ਵੀ ਕੁਝ ਨਹੀਂ ਸਾਂ ਆਖਦਾ। ਉਸ ਦੀ ਜਮਾਤ ਵਿਚ ਆਪ ਜਾ ਖਲੋਂਦਾ। ਸਮਾਂ ਪਾ ਕੇ, ਕਿਸੇ ਮਜਬੂਰੀ ਦੀ ਹਾਲਤ ਤੋਂ ਬਿਨਾਂ, ਸਾਰੇ ਜਣੇ ਵੇਲੇ ਸਿਰ ਸਕੂਲ ਆਉਣ ਲੱਗ ਪਏ। ਫਰਲੋ ਵੀ ਪਹਿਲਾਂ ਨਾਲੋਂ ਘਟ ਗਈ। ਅਸੀਂ ਸਾਰਿਆਂ ਸਲਾਹ ਕਰ ਕੇ ਮੁਖ ਅਧਿਆਪਕ ਦੀ ਵੀ, ਦਸ ਪੰਦਰਾਂ ਦਿਨਾਂ ਬਾਅਦ, ਰਜਿਸਟਰ ਸ਼ਹਿਰ ਭੇਜ ਕੇ ਹਾਜ਼ਰੀ ਲਵਾਉਣੀ ਸ਼ੁਰੂ ਕਰ ਦਿੱਤੀ। ਕਾਗਜ਼ਾਂ ਵਿਚ ਤਾਂ ਉਹੋ ਹੀ ਸਕੂਲ ਦਾ ਇੰਚਾਰਜ ਸੀ। ਮੈਂ ਜਾਂ ਅਸੀਂ ਉਸ ਦੇ ਨਾਂ 'ਤੇ ਹੀ ਸਕੂਲ ਦਾ ਪ੍ਰਬੰਧ ਚਲਾ ਰਹੇ ਸਾਂ।

ਅਸਲ ਵਿਚ ਤਾਂ ਇਹ ਸਾਰਾ ਪ੍ਰਬੰਧ 'ਗੁਰੂ ਦੇ ਨਾਂ' ਉਤੇ ਹੀ ਚੱਲ ਰਿਹਾ ਸੀ। ਇਸ ਛੋਟੀ ਜਿਹੀ ਸਿੱਖਿਆ ਅਤੇ ਅਗਵਾਈ ਨਾਲ ਗੁਰੂ ਦੀ ਆਤਮਾ ਕਿਵੇਂ ਚਮਤਕਾਰੀ ਢੰਗ ਨਾਲ ਸਾਰਿਆਂ ਵਿਚ ਆਣ ਵੱਸੀ ਸੀ।

ਮੈਂ ਹੈਰਾਨ ਅਤੇ ਖੁਸ਼ ਸਾਂ ਕਿ ਸੁਹਿਰਦ ਸੇਧ ਅਤੇ ਸੱਚੀ ਸਿੱਖਿਆ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਕਿੰਨੀ ਤਬਦੀਲੀ ਲੈ ਆਂਦੀ ਸੀ। ਸਾਰਾ ਸਕੂਲ, ਟੀਮ ਬਣ ਗਿਆ ਸੀ। ਵਡਿਆਈ ਤਾਂ ਇਸ ਵਿਚ ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਦੀ ਸੀ, ਪਰ ਪਿੰਡ ਵਿਚ ਇਹ ਗੱਲ ਧੁੰਮ ਗਈ ਕਿ ਜਿਸ ਦਿਨ ਦਾ ਵਰਿਆਮ ਸਿੰਘ 'ਹੈਡਮਾਸਟਰ' ਬਣਿਆ ਹੈ, ਸਕੂਲ ਦੀ ਕਾਇਆ ਕਲਪ ਹੋ ਗਈ ਹੈ!

*(ਚਲਦਾ)*



*ਪ੍ਰੀਤਨਗਰ (ਅੰਮ੍ਰਿਤਸਰ) ਵਿਚ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਯਾਦ ਵਿਚ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਵਰਿਆਮ ਸਿੰਘ ਸੰਧੂ।*

# ਪਸ਼ੂ ਕਿਵੇਂ ਬਣਿਆ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮਨੁੱਖੀ ਉਪਜੀਵਕਾ ਦੇ ਇਤਿਹਾਸ 'ਤੇ ਜੇ ਸਰਸਰੀ ਜਿਹੀ ਨਜ਼ਰ ਮਾਰੀਏ 'ਤਾਂ ਪਤਾ ਲੱਗਦਾ ਹੈ ਕਿ ਪਹਿਲੇ ਪਹਿਲ ਮਨੁੱਖ ਜਾਂ ਤਾਂ ਜਾਨਵਰਾਂ ਦੇ ਸ਼ਿਕਾਰ 'ਤੇ ਨਿਰਭਰ ਸੀ ਜਾਂ ਕੁਦਰਤ ਵਿਚ ਉਪਲਬਧ ਬਨਸਪਤੀ ਜਿਵੇਂ ਫਲ, ਸਾਗ-ਸਬਜ਼ੀਆਂ, ਜੜ੍ਹੀ-ਬੂਟੀਆਂ ਆਦਿ ਉਤੇ। ਮਾਨਵ-ਵਿਗਿਆਨੀਆਂ ਨੇ ਇਸ ਦੌਰ ਨੂੰ ਸ਼ਿਕਾਰੀ-ਸਿੰਚਈ (Hunter-Gatherer) ਦਾ ਨਾਂ ਦਿੱਤਾ ਹੈ। ਨਿਸਚੇ ਹੀ ਮਨੁੱਖ ਅਜੇ ਜਾਨਵਰ ਦੀ ਅਵਸਥਾ ਤੋਂ ਬਹੁਤਾ ਅੱਗੇ ਨਹੀਂ ਸੀ। ਮਨੁੱਖ ਅੱਜ ਵੀ ਮਾਸ-ਬਨਸਪਤੀ 'ਤੇ ਹੀ ਗੁਜ਼ਾਰਾ ਕਰਦਾ ਹੈ ਪਰ ਫਰਕ ਇਹ ਹੈ ਕਿ ਉਦੋਂ ਕੁਦਰਤੀ ਰੂਪ ਵਿਚ ਉਪਲਬਧ ਜਾਨਵਰ ਅਤੇ ਬਨਸਪਤੀ ਬਟੋਰ ਲਏ ਜਾਂਦੇ ਸਨ ਜਦ ਕਿ ਉਸ ਤੋਂ ਅਗਲੇ ਦੌਰ ਤੋਂ ਅੱਜ ਤੱਕ ਇਨ੍ਹਾਂ ਨੂੰ ਪਾਲਿਆ/ਉਗਾਇਆ ਜਾਂਦਾ ਹੈ। ਉਪਜੀਵਕਾ ਦਾ ਅਗਲਾ ਮੋਟਾ ਦੌਰ ਖੇਤੀਬਾੜੀ ਹੈ ਜਿਸ ਦੌਰਾਨ ਮੌਜੂਦ ਮੈਦਾਨਾਂ ਜਾਂ ਜੰਗਲਾਂ ਨੂੰ ਸਾਫ ਕਰਕੇ ਖੇਤੀ ਕੀਤੀ ਜਾਣ ਲੱਗੀ। ਦੇਵੀ ਪ੍ਰਸਾਦ ਚਟੋਪਾਧਿਆਏ ਅਨੁਸਾਰ ਭਾਰਤ ਵਿਚ ਖੇਤੀ ਦੀ ਕਾਢ ਦਾ ਸਿਹਰਾ ਘਰ ਦੀਆਂ ਸੁਆਣੀਆਂ ਦੇ ਸਿਰ ਬਝਦਾ ਹੈ, ਮਰਦ ਬਾਹਰ ਸ਼ਿਕਾਰ ਤੇ ਫਲ ਆਦਿ ਲਭਦੇ ਰਹਿੰਦੇ ਸਨ ਤੇ ਔਰਤਾਂ ਬੀਅ ਉਗਾਉਣ ਦੇ ਤਜਰਬੇ ਕਰਨ ਲੱਗੀਆਂ। ਖੈਰ, ਮੈਂ ਇਹ ਗੱਲ ਚਲਦੇ ਚਲਦੇ ਹੀ ਕੀਤੀ ਹੈ, ਵਿਸਥਾਰ ਵਿਚ ਜਾਣ ਨਾਲ ਵਿਸ਼ੇ ਤੋਂ ਲਾਂਭੇ ਜਾਣ ਦਾ ਡਰ ਹੈ।

ਭਾਰਤ ਵਿਚ ਸ਼ਿਕਾਰੀ-ਸਿੰਚਈ ਤੋਂ ਅੱਗੇ ਅਤੇ ਖੇਤੀ ਤੋਂ ਪਹਿਲਾਂ ਇਕ ਹੋਰ ਦੌਰ ਦੀ ਸੂਹ ਵੀ ਮਿਲਦੀ ਹੈ ਜਿਸ ਨੂੰ ਪਸ਼ੂ-ਪਾਲਕ ਜਾਂ ਚਰਵਾਹਾ ਦੌਰ ਕਿਹਾ ਜਾ ਸਕਦਾ ਹੈ। ਇਸ ਦੌਰਾਨ ਮਨੁੱਖ ਨੂੰ ਭਾਉਂਦੇ ਜੰਗਲੀ ਜਾਨਵਰਾਂ ਨੂੰ ਦੁਧ, ਮਾਸ ਅਤੇ ਪਹਿਨਣ ਦੇ ਉਦੇਸ਼ ਨਾਲ ਪਾਲਤੂ ਬਣਾ ਕੇ ਰੱਖਿਆ ਜਾਣ ਲੱਗਾ। ਨਾਲ ਨਾਲ ਖੇਤੀ ਵੀ ਹੋਣ ਲੱਗੀ। ਖੇਤੀ ਵਾਸਤੇ ਵੀ ਪਾਲਤੂ ਬਣਾਏ ਚੌਪਾਏ ਜਾਨਵਰਾਂ ਤੋਂ ਹੀ ਔਖਾ ਕੰਮ ਲਿਆ ਜਾਣ ਲੱਗਾ। ਇਹ ਚੌਪਾਏ ਸਨ- ਬਲਦ, ਮੱਝ, ਬੱਕਰੀ, ਊਠ, ਭੇਡ, ਘੋੜਾ, ਗਧਾ ਆਦਿ।

ਪਸ਼ੂ ਸ਼ਬਦ ਦੀ ਵਿਉਤਪਤੀ ਜਾਣਨ ਤੋਂ ਪਹਿਲਾਂ ਸੰਸਕ੍ਰਿਤ ਵਿਚ ਪਸ਼ੂ ਸ਼ਬਦ ਦੀਆਂ ਵਿਭਿੰਨ ਅਰਥ-ਪ੍ਰਛਾਈਆਂ 'ਤੇ ਝਾਤ ਮਾਰ ਲਈਏ: (1) ਡੰਗਰ; ਘਰੇਲੂ ਜਾਨਵਰ ਜਿਸ ਦੀ ਬਲੀ ਦਿੱਤੀ ਜਾਵੇ। ਇਸ ਦੀਆਂ ਪੰਜ ਕਿਸਮਾਂ ਹਨ- ਮਨੁੱਖ, ਗਊਆਂ, ਘੋੜੇ, ਬੱਕਰੀਆਂ, ਭੇਡਾਂ; ਕਿਧਰੇ ਕਿਧਰੇ ਖੱਚਰਾਂ, ਗਧੇ (ਮਹਾਂਭਾਰਤ) ਊਠ ਅਤੇ ਕੁੱਤੇ (ਅਥਰਵ ਵੇਦ) ਵੀ ਸ਼ਾਮਿਲ ਕੀਤੇ ਗਏ। (2) ਕੋਈ ਵੀ, ਖਾਸ ਤੌਰ 'ਤੇ ਖੂੰਖਾਰ ਜਾਨਵਰ, ਹਿਕਾਰਤ ਵਜੋਂ ਮਨੁੱਖ ਵੀ (ਜਿਵੇਂ ਨਰ ਪਸ਼ੂ)। (3) ਬਲੀ। (4) ਮਾਸ। (5) ਬੱਕਰੀ (ਬਲੀ ਦਾ ਬੱਕਰਾ)। (6) ਗੌਣ ਦੇਵਤਾ, ਖਾਸ ਤੌਰ 'ਤੇ ਸ਼ਿਵ ਦਾ ਭਗਤ। (7) ਵਿਅਕਤੀਗਤ ਆਤਮਾ। (8) ਅੰਜੀਰ ਜਾਂ ਫਗੂੜੇ ਦੀ ਜਾਤੀ ਦਾ ਇਕ ਬ੍ਰਿਛ।

ਸਾਡੇ ਲਈ ਉਚਿਤ ਅਰਥ ਪਹਿਲਾ ਹੀ ਹੈ, ਬਾਕੀ ਦੇ ਸਾਰੇ ਇਸੇ ਤੋਂ ਵਿਕਸਿਤ ਹਨ। ਗੌਰਤਲਬ ਹੈ ਕਿ ਪਹਿਲੇ ਅਰਥ ਅਧੀਨ ਮਨੁੱਖ ਵੀ ਆਉਂਦਾ ਹੈ। ਪਰ ਮਨੁੱਖ ਬਲੀ ਦੇ ਪ੍ਰਸੰਗ ਵਿਚ ਹੀ ਪਸ਼ੂ ਹੈ ਅਰਥਾਤ ਮਨੁੱਖ ਦੀ ਵੀ ਬਲੀ ਦਿੱਤੀ ਜਾਂਦੀ ਸੀ। ਸੱਚਾਈ ਤਾਂ ਇਹ ਹੈ ਕਿ ਦੇਵਤਿਆਂ ਨੂੰ ਲੁਭਾਉਂਦੀ ਸਭ ਤੋਂ ਉਤਮ ਬਲੀ ਮਨੁੱਖ ਦੀ ਹੀ ਸੀ। ਉਂਜ ਬੁੱਧਹੀਣ ਮਨੁੱਖ ਨੂੰ ਵੀ ਜਾਨਵਰ ਦੀ ਤਰ੍ਹਾਂ ਪਸ਼ੂ ਕਹਿ ਦਿੱਤਾ ਜਾਂਦਾ ਹੈ। ਵਿਅਕਤੀਗਤ ਆਤਮਾ ਲਈ ਪਸ਼ੂ ਸ਼ਬਦ ਇਸ ਲਈ ਵਰਤਿਆ ਜਾਂਦਾ ਹੈ ਕਿਉਂਕਿ ਮਨੁੱਖੀ ਆਤਮਾ ਪਸ਼ੂ ਦੀ ਤਰ੍ਹਾਂ ਮਲੀਨ ਹੁੰਦੀ ਹੈ ਜੋ ਪਰਮਾਤਮਾ ਨਾਲ ਮਿਲ ਕੇ ਹੀ ਸ਼ੁਧ ਹੋ ਸਕਦੀ ਹੈ। ਨਾਲੇ ਮਨੁਖੀ ਆਤਮਾ ਪਸ਼ੂ ਦੀ ਤਰ੍ਹਾਂ ਸਰੀਰ ਵਿਚ ਬੱਝੀ ਹੁੰਦੀ ਹੈ।

ਪਰ ਨਿਰੁਕਤਕ ਵਿਆਖਿਆ ਅਨੁਸਾਰ ਕੇਵਲ ਮਾਲ-ਡੰਗਰ ਹੀ ਪਸ਼ੂ ਦੇ ਘੇਰੇ ਵਿਚ



ਆਉਂਦੇ ਹਨ। ਜਾਨਵਰਾਂ ਨੂੰ ਪਾਲਤੂ ਬਣਾਉਣ ਦਾ ਢੰਗ ਇਹ ਸੀ ਕਿ ਉਨ੍ਹਾਂ ਨੂੰ ਪਹਿਲਾਂ ਰੱਸੀ ਦੇ ਜਾਲ ਵਿਚ ਫਸਾਇਆ ਜਾਂਦਾ ਸੀ। ਅੱਜ ਵੀ ਸ਼ਿਕਾਰ ਹਿਤ ਜੰਗਲੀ ਜਾਨਵਰਾਂ ਜਾਂ ਪੰਛੀਆਂ ਨੂੰ ਇਵੇਂ ਹੀ ਫਸਾਇਆ ਜਾਂਦਾ ਹੈ। ਪਾਲਤੂ ਬਣਾਏ ਜਾਨਵਰ ਨੂੰ ਵੱਸ ਵਿਚ ਰੱਖਣ ਲਈ ਵੀ ਉਸ ਦੇ ਗਲ ਵਿਚ ਰੱਸਾ ਪਾ ਕੇ ਕੀਲੇ ਨਾਲ ਬੰਨ੍ਹਿਆ ਜਾਂਦਾ ਸੀ ਤੇ ਹੈ। ਇਸ ਤਰ੍ਹਾਂ ਰੱਸੀ ਨਾਲ ਫਾਹਿਆ ਤੇ ਰੱਸੀ ਨਾਲ ਕਾਬੂ ਕੀਤਾ ਜਾਨਵਰ ਹੀ ਪਸ਼ੂ ਕਹਾਉਣ ਲੱਗਾ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਪਾਲਤੂ ਅਤੇ ਜੰਗਲੀ ਜਾਨਵਰ ਵਿਚ ਇਹ ਫਰਕ ਹੁੰਦਾ ਹੈ ਕਿ ਜੰਗਲੀ ਜਾਨਵਰ ਖੁਲ੍ਹਾ ਫਿਰਦਾ ਹੈ ਤੇ ਪਾਲਤੂ ਰੱਸੀ ਨਾਲ ਕਾਬੂ ਕੀਤਾ ਜਾਂਦਾ ਹੈ। ਪਸ਼ੂ ਸ਼ਬਦ ਦੀ ਸ਼ਾਬਦਿਕ ਗਵਾਹੀ ਇਹੋ ਦਰਸਾਉਂਦੀ ਹੈ।

ਸੰਸਕ੍ਰਿਤ ਦਾ ਇਕ ਧਾਤੂ ਹੈ 'ਪਸ਼' ਜਿਸ ਵਿਚ ਬੰਨ੍ਹਣ, ਰੱਸੀ ਪਾਉਣ ਦੇ ਭਾਵ ਹਨ। ਇਸੇ ਧਾਤੂ ਤੋਂ ਪਸ਼ੂ ਸ਼ਬਦ ਬਣਿਆ ਜੋ ਬਹੁਤ ਸਾਰੀਆਂ ਹਿੰਦ-ਇਰਾਨੀ ਭਾਸ਼ਾਵਾਂ ਵਿਚ ਥੋੜੇ ਵਖਰੇਵੇਂ ਨਾਲ ਮਿਲਦਾ ਹੈ। ਪੰਜਾਬੀ ਵਿਚ ਇਸ ਦਾ ਉਚਾਰਣ ਆਮ ਤੌਰ 'ਤੇ ਪਸ਼ੂ ਹੈ, ਕੁਝ ਲੋਕ ਪਹੂ ਵੀ ਕਹਿੰਦੇ ਹਨ। ਪਸੂਪਾ ਸ਼ਬਦ ਵੀ ਸੁਣਨ ਨੂੰ ਮਿਲਦਾ ਹੈ ਜੋ ਪਸ਼ੂ-ਪਾਲਣ ਦਾ ਸੁੰਗੜਿਆ ਰੂਪ ਪ੍ਰਤੀਤ ਹੁੰਦਾ ਹੈ। ਪਾਲੀ ਤੇ ਪ੍ਰਾਕਿਰਤ ਵਿਚ ਪਸੁ ਹੈ। ਕੁਝ ਭਾਸ਼ਾਵਾਂ ਵਿਚ ਪਸ਼ੂ ਦਾ ਅਰਥ ਸੁੰਗੜ ਕੇ ਬੱਕਰੀ, ਭੇਡ ਹੀ ਰਹਿ ਗਿਆ ਹੈ। ਗੁਰੂਆਂ ਨੇ ਪਸ਼ੂ ਸ਼ਬਦ ਦੀ ਵਰਤੋਂ ਕੀਤੀ ਹੈ, "ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥" (ਗੁਰੂ ਨਾਨਕ ਦੇਵ); "ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ॥" (ਗੁਰੂ ਨਾਨਕ ਦੇਵ); "ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ॥" (ਗੁਰੂ ਅਮਰ ਦਾਸ)। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ 'ਪਸੁ' ਸ਼ਬਦ ਕਈ ਵਾਰੀ ਆਇਆ ਹੈ, "ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ॥" (ਗੁਰੂ ਅਰਜਨ ਦੇਵ); "ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ॥" (ਭਗਤ ਕਬੀਰ); "ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥" (ਗੁਰੂ ਤੇਗ ਬਹਾਦਰ)

ਇਸ ਤਰ੍ਹਾਂ ਪਸ਼ੂ ਸ਼ਬਦ ਇਕ ਤਰ੍ਹਾਂ ਪਾਲਤੂ ਬਣਾਏ ਜਾਨਵਰ ਲਈ ਰੂੜ ਹੋ ਗਿਆ ਤਾਂ ਹੌਲੀ ਹੌਲੀ ਹੋਰ ਜਾਨਵਰਾਂ 'ਤੇ ਵੀ ਲਾਗੂ ਹੋਣ ਲੱਗ ਪਿਆ। ਮਿਸਾਲ ਵਜੋਂ 'ਅਮਰ ਕੋਸ਼' ਨੇ ਪਸ਼ੂ ਅਧੀਨ ਇਹ ਜਾਨਵਰ ਵੀ ਗਿਣੇ ਹਨ: ਸਿੰਘ, ਬਾਘ, ਲਕੜਬੱਗਾ, ਸੂਰ, ਬਾਂਦਰ, ਭਾਲੂ, ਗੈਂਡਾ, ਝੋਟਾ, ਸਾਹੀ, ਹਿਰਨ, ਸੁਰਾ ਗਾਂ, ਨੀਲ ਗਾਂ, ਗਧਾ, ਗੰਧਬਿਲਾਵ, ਬੈਲ, ਊਠ, ਬੱਕਰਾ, ਹਾਥੀ, ਭੇਡੂ, ਘੋੜਾ, ਗੋਹ। ਦੂਜੇ ਪਾਸੇ ਜਦ ਦੇਵਤਿਆਂ ਨੂੰ ਬਲੀ ਦਿੱਤੀ ਜਾਣ ਲੱਗੀ ਤਾਂ ਇਕ ਪਾਸੇ ਪਹਿਲਾਂ ਗਿਣਾਏ ਜਾਨਵਰਾਂ ਦਾ ਅਰਥ ਬਲੀ ਹੀ ਹੋ ਗਿਆ ਤੇ ਦੂਜੇ ਪਾਸੇ ਮਨੁੱਖ ਵੀ ਪਸ਼ੂਆਂ ਦੀ ਕੋਟੀ ਵਿਚ ਆ ਗਿਆ ਕਿਉਂਕਿ ਮਨੁੱਖ ਦੀ ਬਲੀ ਦੇਵਤਿਆਂ ਲਈ ਸਭ ਤੋਂ ਲੁਭਾਉਣੀ ਹੈ।

ਫੰਦੇ ਦੇ ਅਰਥ ਵਾਲਾ ਪਾਸ਼ ਸ਼ਬਦ ਇਸੇ ਧਾਤੂ ਤੋਂ ਆ ਰਿਹਾ ਹੈ, "ਪਾਸਨ ਪਾਸ ਲਏ ਅਰਿ ਕੇਤਕ।" (ਚਰਿਤ੍ਰ ੧੨੮) ਅਰਥਾਤ ਫਾਹੀਆਂ ਨਾਲ ਕਿਤਨੇ ਵੈਰੀ ਫਾਹ ਲਏ। ਪੁਰਾਣੇ ਜ਼ਮਾਨੇ ਵਿਚ ਪਾਸ਼ ਨਾਂ ਦਾ ਇਕ ਅਸਤਰ ਵੀ ਸੀ ਜਿਸ ਦੀ ਯੁਧ ਦੌਰਾਨ ਵਰਤੋਂ ਕੀਤੀ ਜਾਂਦੀ ਸੀ। ਇਹ ਕਈ ਤਰ੍ਹਾਂ ਦਾ ਬਣਾਇਆ ਜਾਂਦਾ ਸੀ। ਇਸ ਨੂੰ ਦੁਸ਼ਮਣ ਉਤੇ ਸੁੱਟ ਕੇ ਉਸ ਨੂੰ ਬੰਨ੍ਹ ਲਿਆ ਜਾਂਦਾ ਸੀ ਤੇ ਫਿਰ ਖਿੱਚ ਲਿਆ ਜਾਂਦਾ ਸੀ। ਅਗਨੀਪੁਰਾਣ ਅਨੁਸਾਰ ਪਾਸ਼ ਦਸ ਹੱਥ ਲੰਬਾ ਅਤੇ ਗੋਲ ਹੋਣਾ ਚਾਹੀਦਾ ਹੈ। ਉਸ ਦੀ ਡੋਰੀ ਸੂਤ, ਮੁੰਜ, ਚਮੜੇ ਜਾਂ ਨਲੀਏਰ ਦੀ ਜੱਤ ਆਦਿ ਦੀ ਹੋਣੀ ਚਾਹੀਦੀ ਹੈ। ਇਸ ਦੀਆਂ ਤੀਹ ਰੱਸੀਆਂ ਹੋਣੀਆਂ ਚਾਹੀਦੀਆਂ ਹਨ। ਧਨੁਰਵੇਦ ਵਿਚ ਵੀ ਇਸ ਦਾ ਜ਼ਿਕਰ ਹੈ। ਉਸ ਅਨੁਸਾਰ ਪਾਸ਼ ਦੀਆਂ ਲੜੀਆਂ ਬਰੀਕ ਲੋਹੇ ਦੀਆਂ ਅਤੇ ਤਿਕੋਣੀ ਸ਼ਕਲ ਦੀਆਂ ਹੋਣੀਆਂ ਚਾਹੀਦੀਆਂ ਹਨ। ਪਾਸ਼ ਦੀ ਵਰਤੋਂ ਅਜੋਕੀ ਫਾਂਸੀ ਦੀ ਤਰ੍ਹਾਂ ਅਪਰਾਧੀ ਨੂੰ ਗਲਾ ਘੁੱਟ ਕੇ ਮਾਰਨ ਲਈ ਵੀ ਕੀਤੀ ਜਾਂਦੀ ਸੀ। ਪਾਸ਼ ਨਾਲ ਮਾਰਨ ਵਾਲੇ ਕਸਬੀ ਚੰਡਾਲਾਂ ਨੂੰ ਪਾਸ਼ੀ ਕਿਹਾ ਜਾਂਦਾ ਸੀ। ਉਨ੍ਹਾਂ ਦੀ ਸੰਤਾਨ ਨੂੰ ਅੱਜ ਕਲ੍ਹ ਪਾਸੀ ਕਿਹਾ ਜਾਂਦਾ ਹੈ।

ਦਰਅਸਲ ਫਾਂਸੀ ਅਤੇ ਫਾਹੀ ਜਾਂ ਫਾਹਾ ਸ਼ਬਦ ਵੀ ਇਸੇ ਧਾਤੂ ਤੋਂ ਆ ਰਹੇ ਹਨ ਕਿਉਂਕਿ ਦੋਨਾਂ ਵਿਚ ਰੱਸੀ ਦਾ ਹੀ ਕਮਾਲ ਹੈ। ਫਾਂਸੀ ਲਾਉਣਾ ਜਾਂ ਫਾਹੇ ਲਾਉਣਾ ਵਿਚ ਮੁਢਲਾ ਭਾਵ ਗਲ ਆਦਿ ਵਿਚ ਰੱਸੀ ਲਾਉਣਾ ਹੀ ਹੈ। 'ਫਾਹੇ ਟੰਗਣਾ' ਦਾ ਮਤਲਬ ਹੁੰਦਾ ਹੈ, ਕਿਸੇ ਨੂੰ ਔਖੇ ਕੰਮ ਲਾ ਦੇਣਾ। ਇਸੇ ਤੋਂ ਫਸਣਾ ਸ਼ਬਦ ਬਣਿਆ ਜੋ ਫਸਣਾ ਵੱਢਣਾ ਉਕਤੀ ਵਿਚ ਵਰਤਿਆ ਜਾਂਦਾ ਹੈ। ਅਸੀਂ ਮਨੁੱਖ ਦੇ ਵੀ ਪਸ਼ੂ ਹੋਣ ਦੀ ਗੱਲ ਕੀਤੀ ਹੈ। ਆਪਣੀ ਸੋਚ ਕਾਰਨ ਮਨੁੱਖ ਆਪ ਹੀ ਬਲੀ ਦਾ ਬੱਕਰਾ ਬਣਦਾ ਜਾ ਰਿਹਾ ਹੈ ਜਾਂ ਅੱਡੀਆਂ ਚੱਕ ਕੇ ਫਾਹਾ ਲੈਂਦਾ ਰਿਹਾ ਹੈ! ਫਸਾਉਣਾ ਕਿਰਿਆ ਵੀ ਇਸੇ ਧਾਤੂ ਤੋਂ ਆ ਰਹੀ ਹੈ। ਫਸਾਉਣਾ ਤੋਂ ਅੱਗੇ ਫੁਸਲਾਉਣਾ ਵੀ ਬਣ ਗਿਆ। ਸ਼ੈਵ ਪਰੰਪਰਾ ਦਾ ਇਕ ਸੰਪਰਦਾਇ ਹੈ, ਪਾਸ਼ੁਪਤ। ਇਹ ਲੋਕ ਸ਼ਿਵ ਜੀ ਨੂੰ ਪਸ਼ੂਪਤੀ ਦੇ ਰੂਪ ਵਿਚ ਪੂਜਾ ਕਰਦੇ ਹਨ। ਪਸ਼ੂਪਤੀ ਦਾ ਅਰਥ ਹੋਇਆ, ਪਸ਼ੂਆਂ ਦਾ ਮਾਲਕ ਜਾਂ ਪਾਲਕ। ਇਸ ਦੀ ਵਧੇਰੇ ਮਾਨਤਾ ਨੇਪਾਲ ਵਿਚ ਹੈ। ਨੇਪਾਲ ਵਿਚ ਪਸ਼ੂਪਤੀਨਾਥ ਮੰਦਰ ਹੈ।

ਇਨ੍ਹਾਂ ਸ਼ਬਦਾਂ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਸਕੇ-ਸੋਦਰੇ ਵੀ ਵਸਦੇ ਹਨ। ਇਕ ਆਮ ਜਾਣਿਆ ਜਾਂਦਾ ਅੰਗਰੇਜ਼ੀ ਸ਼ਬਦ ਹੈ, ਫੀ (Fee) ਜਿਸ ਦੇ ਬਹੁਵਚਨ ਫੀਸ ਦੀ ਵਰਤੋਂ ਸਾਡੀ ਭਾਸ਼ਾ ਵਿਚ ਵੀ ਹੁੰਦੀ ਹੈ। ਫੀ ਜਾਂ ਫੀਸ ਹੁੰਦੀ ਹੈ, ਕਿਸੇ ਸੇਵਾ ਜਾਂ ਕੰਮ ਦੇ ਬਦਲੇ ਦਿੱਤਾ ਇਵਜ਼ਾਨਾ। ਡਾਕਟਰ ਜਾਂ ਵਕੀਲ ਦੀ ਫੀਸ ਬੰਦੇ ਨੂੰ ਮਾਰ ਲੈਂਦੀ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਸ਼ਬਦ ਦਾ ਰੂਪ ਸੀ Feoh ਅਤੇ ਇਸ ਦਾ ਮਤਲਬ ਸੀ ਪਸ਼ੂ, ਡੰਗਰ, ਚਾਲੂ ਸੰਪਤੀ, ਜਿਣਸ, ਧਨ, ਖਜ਼ਾਨਾ। ਫਿਰ ਅਰਥ ਹੋਇਆ ਵਟਾਂਦਰੇ ਦਾ ਮਾਧਿਅਮ ਮੁਦਰਾ। ਇਹ ਸ਼ਬਦ ਪ੍ਰਾਚੀਨ ਜਰਮੈਨਿਕ ਦੇ Feoh ਤੋਂ ਪੁਰਾਣੀ ਅੰਗਰੇਜ਼ੀ ਵਿਚ ਗਿਆ ਸੀ। ਕੁਝ ਹੋਰ ਜਰਮੈਨਿਕ ਭਾਸ਼ਾਵਾਂ ਜਿਵੇਂ ਜਰਮਨ, ਗੌਥਿਕ ਆਦਿ ਵਿਚ ਵੀ ਇਸ ਦੇ ਰਲਦੇ-ਮਿਲਦੇ ਰੂਪ ਲਗਭਗ ਇਨ੍ਹਾਂ ਹੀ ਅਰਥਾਂ 'ਚ ਮਿਲਦੇ ਹਨ।

ਗੌਰਤਲਬ ਹੈ ਕਿ ਪ੍ਰਾਚੀਨ ਚਰਵਾਹਕ ਜਾਂ ਖੇਤੀ ਵਾਲੀ ਆਰਥਕਤਾ ਵਿਚ ਪਸ਼ੂ ਹੀ ਅਮੀਰੀ, ਦੌਲਤਮੰਦੀ ਦੀ ਨਿਸ਼ਾਨੀ ਹੁੰਦੀ ਸੀ। ਜਾਂ ਕਹਿ ਲਵੋ ਇਹੀ ਮੁਦਰਾ ਦਾ ਮਾਧਿਅਮ ਸੀ, ਅੱਜ ਵਾਂਗ ਨੋਟਾਂ ਆਦਿ ਦੀ ਕਰੰਸੀ ਨਹੀਂ ਸੀ ਹੁੰਦੀ। ਸਾਡੀਆਂ ਭਾਸ਼ਾਵਾਂ ਵਿਚ ਪਸ਼ੂ-ਧਨ ਸ਼ਬਦ ਆਮ ਹੀ ਚਲਦਾ ਹੈ। ਇਸ ਸ਼ਬਦ ਦਾ ਭਾਰੋਪੀ ਮੂਲ ਹੈ 'Peku' ਜਿਸ ਦਾ ਅਰਥ ਪਸ਼ੂ, ਡੰਗਰ ਹੈ। ਇਸ ਤੋਂ ਬਣੇ ਲਿਥੂਏਨੀਅਨ Pekus ਦਾ ਵੀ ਏਹੀ ਅਰਥ ਹੁੰਦਾ ਹੈ। ਲਾਤੀਨੀ ਵਿਚ ਇਸ ਦਾ ਰੂਪ ਹੋਇਆ Pecunia ਜਿਸ ਦਾ ਅਰਥ ਮੁਦਰਾ, ਜਾਇਦਾਦ ਹੁੰਦਾ ਹੈ। ਇਸ ਦਾ ਵਿਸ਼ੇਸ਼ਣ ਹੈ Pecuniarius ਜੋ ਅੰਗਰੇਜ਼ੀ ਵਿਚ ਜਾ ਕੇ Pecuniary ਬਣਿਆ। ਇਸ ਦਾ ਅਰਥ ਹੁੰਦਾ ਹੈ, ਮੁਦਰਾ ਜਾਂ ਰੁਪਏ-ਪੈਸੇ ਸਬੰਧੀ, ਮਾਲੀ।

ਲਗਦੇ ਹੱਥ ਸਰਸਰੀ ਤੌਰ 'ਤੇ ਕੁਝ ਹੋਰ ਸੁਜਾਤੀ ਅੰਗਰੇਜ਼ੀ ਸ਼ਬਦਾਂ 'ਤੇ ਝਾਤ ਮਾਰ ਲਈਏ। ਫਰਾਂਸੀਸੀ ਵਲੋਂ ਆਏ ਅੰਗਰੇਜ਼ੀ Fief ਦਾ ਅਰਥ ਹੁੰਦਾ ਹੈ- ਮਲਕੀਅਤ, ਜਗੀਰ; ਜਗੀਰੂ ਭੁਗਤਾਨ ਜਾਂ ਮਾਲੀਆ। ਅੰਗਰੇਜ਼ੀ Peculiar ਸ਼ਬਦ ਨੂੰ ਅੱਜ ਅਸੀਂ ਵਿਲੱਖਣ, ਵਿਸ਼ਿਸ਼ਟ ਦੇ ਅਰਥਾਂ ਵਜੋਂ ਜਾਣਦੇ ਹਾਂ। ਲਾਤੀਨੀ ਵਿਚ ਇਸ ਸ਼ਬਦ ਦੇ ਰੂਪ ਦਾ ਅਰਥ ਹੁੰਦਾ ਸੀ, 'ਵਿਸ਼ੇਸ਼ ਆਪਣੀ' (ਜਾਇਦਾਦ ਦੇ ਪ੍ਰਸੰਗ ਵਿਚ)। ਇਥੇ ਨਿਜੀ ਜਾਇਦਾਦ (ਜੋ ਪਸ਼ੂ ਹੀ ਹੁੰਦੇ ਸਨ) ਵੱਲ ਸੰਕੇਤ ਹੈ। Impecunious ਦਾ ਅਰਥ ਹੁੰਦਾ ਹੈ, ਨਿਰਧਨ ਹੋਣਾ।

# ਬੱਲੇ ਬੱਲੇ ਬਈ ਅਰੁਣਾਚਲ ਕਾਂਪੋ ਹੈ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਕੇਂਦਰ ਸਰਕਾਰ ਦੀ ਨੌਕਰੀ ਕਰਦਿਆਂ ਮੈਂ ਭਾਰਤ ਦੇ ਸਾਰੇ ਰਾਜਾਂ ਦਾ ਦੌਰਾ ਕੀਤਾ ਹੈ। ਏਕਤਾ ਵਿਚ ਅਨੇਕਤਾ ਦੇ ਖੁਲ੍ਹੇ ਦਰਸ਼ਨ ਵਿਚ ਭਾਵੇਂ ਸਾਰੇ ਰਾਜਾਂ ਤੇ ਕੇਂਦਰ ਸ਼ਾਸ਼ਤ ਖੇਤਰਾਂ ਵਿਚ ਕੁਝ ਨਾ ਕੁਝ ਵੱਖਰਾ ਤੇ ਉਤੱਮ ਹੈ ਪਰ ਉਤਰ ਪੂਰਬੀ ਰਾਜਾਂ ਦਾ ਕੋਈ ਜਵਾਬ ਨਹੀਂ। ਉਨ੍ਹਾਂ ਵਿਚੋਂ ਅਰੁਣਾਚਲ ਪ੍ਰਦੇਸ਼ ਅਪਨੀ ਹਰਿਆਵਲ ਤੇ ਉਚੇ ਨੀਵੇਂ ਪਰਬਤਾਂ ਕਾਰਨ ਸਭ ਤੋਂ ਰਮਣੀਕ ਕਿਹਾ ਜਾ ਸਕਦਾ ਹੈ। ਮੈਂ ਇਸ ਖੇਤਰ ਵਿਚ 1973 ਦੀਆਂ ਗਰਮੀਆਂ ਵਿਚ ਗਿਆ ਸਾਂ। ਲਖੀਮਪੁਰ ਤੋਂ ਪਾਸੀਘਾਟ ਰੇਲ ਗੱਡੀ ਤੇ ਬੱਸਾਂ ਰਾਹੀਂ ਤੇ ਵਾਪਸੀ ਸਮੇਂ ਪਹਾੜਾਂ ਦੀਆਂ ਖੁੰਦਰਾਂ ਵਿਚ ਵੱਸਣ ਵਾਲਿਆਂ ਦੀ ਜੀਵਨ ਸ਼ੈਲੀ ਦੇਖਣ ਜੀਪ ਰਾਹੀਂ। ਇੱਕ ਪੜਾਅ ਉਤੇ ਜਦੋਂ ਸਰਕਾਰੀ ਡਰਾਈਵਰ ਇੱਕ ਨੁਕਤਾ ਪਾਰ ਕਰਨੋਂ ਡਰ ਰਿਹਾ ਸੀ ਤਾਂ ਮੈਂ ਉਸ ਨੂੰ ਅਪਣੇ ਨਾਲ ਵਾਲੀ ਸੀਟ ਉਤੇ ਬਿਠਾ ਕੇ ਗੱਡੀ ਅਪਣੇ ਹੱਥ ਵਿਚ ਲੈ ਲਈ ਸੀ। ਮੀਂਹ ਨੇ ਪਹਿਲਾਂ ਵਾਲੇ ਰਸਤੇ ਭੰਨ ਤੋੜ ਛੱਡੇ ਸਨ। ਰਸਤੇ ਦਾ ਜਾਣੂ ਹੋਣ ਜਾਂ ਨਾਂ ਹੋਣ ਨਾਲ ਕੋਈ ਫਰਕ ਨਹੀਂ ਸੀ ਪੈਂਦਾ।

ਅਰੁਣਾਚਲ ਦੀਆਂ ਗੋਰੀਆਂ ਮੁਟਿਆਰਾਂ ਦੇ ਮੁੱਖ ਤੋਂ ਕਾਂਪੋ ਸ਼ਬਦ ਸੁਣ ਕੇ ਮੈਂ ਉਸਦੇ ਅਰਥ ਜਾਨਣੇ ਚਾਹੇ ਤਾਂ ਉਨ੍ਹਾਂ ਨੇ ਅਤਿ ਉਤਮ ਤੇ ਸੁੰਦਰ ਦੱਸੇ। ਅਰੁਣਚਲ ਨਿਵਾਸੀ ਉਨ੍ਹਾਂ ਦੇ ਸਥਾਨਕ ਗੀਤਾਂ ਵਿਚ ਅਪਨਾ ਯੋਗਦਾਨ ਪਾਉਣ ਲਈ ਉਨ੍ਹਾਂ ਵਾਸਤੇ ਇੱਕ ਗੀਤ ਲਿਖਿਆ ਤੇ ਗਾਇਆ ਜਿਸਦਾ ਮੁਖੜਾ ਇਹ ਸੀ, 'ਬੱਲੇ ਬੱਲੇ ਬਈ ਅਰੁਣਾਚਲ ਕਾਂਪੋ ਹੈ।'

ਮੈਂ ਉਨ੍ਹਾਂ ਤੋਂ ਨਦੀ, ਪਰਬਤ, ਬਨਸਪਤੀ ਅਤੇ ਗਭਰੂ ਮੁਟਿਆਰਾਂ ਦੇ ਸਥਾਨਕ ਸ਼ਬਦ ਵੀ ਨੋਟ ਕਰ ਲਏ ਤੇ ਇਹ ਸ਼ਬਦ ਅਪਨੀ ਬੱਲੇ ਬੱਲੇ ਵਿਚ ਪਰੋ ਦਿੱਤੇ। ਉਹ ਮੇਰੇ ਗੀਤ ਤੋਂ ਇਨੇ ਪ੍ਰਭਾਵਤ ਹੋਏ ਕਿ ਇਸ ਨੂੰ ਆਪਣੀਆਂ ਡਾਇਰੀਆਂ ਵਿਚ ਲਿਖ ਲਿਆ। ਉਸ ਦਿਨ ਤੋਂ ਜੋ ਵੀ ਕੁਲੀਗ ਅਰੁਣਾਚਲ ਹੋ ਕੇ ਆਉਂਦਾ, ਆ ਕੇ ਮੈਨੂੰ ਇਹ ਦਸਦਾ ਕਿ ਉਸਦਾ ਸਵਾਗਤ ਮੇਰੇ ਲਿਖੇ ਗੀਤ ਨਾਲ ਕੀਤਾ ਗਿਆ ਸੀ।

ਮੈਂ ਮੁੜ ਓਸ ਖੇਤਰ ਦੇ ਦਰਸ਼ਨ ਨਹੀਂ ਕਰ ਸਕਿਆ ਪਰ ਪਿਛਲੇ ਹਫਤੇ ਭਾਰਤੀ ਸਾਹਿਤ ਅਕਾਡਮੀ ਨਵੀਂ ਦਿੱਲੀ ਨੇ ਚੰਡੀਗੜ੍ਹ ਵਿਖੇ ਉਤਰ ਪੂਰਬ ਦੇ ਕਵੀਆਂ ਤੇ ਗਲਪਕਾਰਾਂ ਦਾ ਉਤਸਵ ਰਚਾ ਕੇ ਮੈਨੂੰ ਮਨੀਪੁਰੀ, ਅਸਾਮੀ, ਬੋਡੋ ਤੇ ਅਰੁਣਾਚਲੀ ਲੇਖਕਾਂ ਨੂੰ ਮਿਲਾ ਦਿੱਤਾ। ਉਨ੍ਹਾਂ ਵਿਚੋਂ ਅਰੁਣਾਚਲ ਵਾਲਾ ਵਾਈ ਡੀ ਥੋਂਗਚੀ ਵੀ ਸੀ ਜੋ 1973 ਵਿਚ ਕਾਲਜ ਦਾ ਵਿਦਿਆਰਥੀ ਸੀ ਤੇ ਫੇਰ ਆਈ. ਏ. ਐਸ. ਅਧਿਕਾਰੀ ਚੁਣੇ ਜਾਣ ਪਿੱਛੋਂ ਆਪਣੇ ਰਾਜ ਦਾ ਵਿਕਾਸ ਕਮਿਸ਼ਨਰ ਵੀ ਰਿਹਾ।

ਹੁਣ ਜਦੋਂ ਕਿ ਮੇਰੀ ਉਮਰ ਦਾ ਘੋੜਾ ਮਿਰਜ਼ਾ ਗਾਲਿਬ ਦੇ ਕਹਿਣ ਵਾਂਗ,

ਰੌਂ ਮੇ ਹੈ ਰਖ਼ਸ਼ ਏ ਉਮਰ
ਕਹਾਂ ਦੇਖੀਏ ਥਮੇ
ਨਾ ਹਾਥ ਬਾਗ ਪਰ ਹੈ
ਨਾ ਪਾ ਹੈ ਰਕਾਬ ਮੇਂ।

ਮੈਂ ਉਨ੍ਹਾਂ ਖੇਤਰਾਂ ਵਿਚ ਨਹੀਂ ਜਾ ਸਕਦਾ, ਇਹੋ ਜਿਹੇ ਉਤਸਵਾਂ ਵਿਚ ਸ਼ਿਰਕਤ ਕਰਕੇ ਵਧੀਆ ਸਮਿਆਂ ਦੀਆਂ ਯਾਦਾਂ ਹਰੀਆਂ ਕਰ ਲੈਂਦਾ ਹਾਂ।

**ਭੂਚਾਲ ਦੇ ਝਟਕੇ ਤੇ ਝੁੱਗੀਆਂ ਵਾਲੇ:** ਕੋਹ ਹਿੰਦੂ ਕੁਸ਼ ਵਿਚ ਜਨਮੇ ਭੂਚਾਲ ਨੇ ਅਫਗਾਨਿਸਤਾਨ ਤੇ ਪਾਕਿਸਤਾਨ ਵਿਚ ਸੈਂਕੜੇ ਜਾਨਾਂ ਲਈਆਂ ਅਤੇ ਹਜ਼ਾਰਾਂ ਲੋਕ ਜ਼ਖਮੀ ਕੀਤੇ। ਚੰਡੀਗੜ੍ਹ ਦੇ ਬਹੁਮੰਜ਼ਲੀ ਭਵਨਾਂ ਵਿਚ ਰਹਿਣ ਵਾਲਿਆਂ ਨੂੰ ਅਪਨੀ ਜਾਨ ਖਤਰੇ ਵਿਚ ਜਾਪੀ ਤਾਂ ਉਨ੍ਹਾਂ ਨੂੰ ਸਮਝ ਨਾ ਆਵੇ ਕਿ ਕਿੱਧਰ ਜਾਣ। ਉਹ ਅਪਣੇ ਆਪ ਨੂੰ ਅਸਮਾਨ ਵਿਚ ਲਟਕੇ ਮਹਿਸੂਸ ਕਰ ਰਹੇ ਸਨ। ਐਲਾਂਟੇ ਵਰਗੇ ਬਹੁਮੰਜ਼ਲੇ ਮਾਲਾਂ ਵਿਚ ਹਫੜਾ ਦਫੜੀ ਫੈਲ ਗਈ। ਐਨ ਏਸ ਵੇਲੇ ਮੈਂ ਉਤਰ ਪ੍ਰਦੇਸ਼ ਦੇ ਬਾਹਰਾਇਚ ਜ਼ਿਲ੍ਹੇ ਵਿਚ ਪੈਂਦੇ ਬਲਹਾ ਵਿਧਾਨ ਸਭਾ ਦੇ ਵਿਧਾਇਕ ਬੰਸੀਧਰ ਮੌਰੀਆ ਬਾਰੇ ਪੜ੍ਹ ਰਿਹਾ ਸਾਂ, ਜਿਸ ਨੇ 15 ਮਹੀਨੇ ਪਹਿਲਾਂ ਹੋਈ ਇੱਕ ਜ਼ਿਮਨੀ ਚੋਣ ਵਿਚ ਸਮਾਜਵਾਦੀ ਪਾਰਟੀ ਦੀ ਟਿਕਟ ਉਤੇ ਜਿੱਤਣ ਦੇ ਬਾਵਜੂਦ ਅਪਨੀ ਰਿਹਾਇਸ਼ ਅਪਣੇ ਪਿੰਡ ਟੇਤੀਆਂ ਵਿਚ ਰਹਿਣਾ ਪਸੰਦ ਕੀਤਾ ਹੈ। ਖੂਬੀ ਇਹ ਕਿ ਉਸ ਦੀਆਂ ਪੰਜ ਬੇਟੀਆਂ, ਤਿੰਨ ਪੁੱਤਰਾਂ ਦੇ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਵੀ ਉਹਦੇ ਨਾਲ ਹੀ ਝੌਂਪੜੀਆਂ ਵਿਚ ਰਹਿੰਦੇ ਹਨ। ਨਿਸਚੇ ਹੀ ਉਨ੍ਹਾਂ ਨੂੰ ਵੱਡੇ ਤੋਂ ਵੱਡੇ ਭੂਚਾਲ ਦਾ ਕੋਈ ਡਰ ਨਹੀਂ।

**ਹਥਿਆਰੋਂ ਵਾਂਝੇ ਮਾਲਦੀਵ ਵਿਚ ਉਲਟਾ ਪੁਲਟਾ:** ਮਾਲਦੀਵ ਦੇ ਵਸਨੀਕ ਸਦੀਆਂ ਪਹਿਲਾਂ ਬੁੱਧ ਧਰਮ ਨੂੰ ਤਿਆਗ ਕੇ ਮੁਸਲਮਾਨ ਬਣ ਗਏ ਸਨ। ਮੈਨੂੰ ਉਥੋਂ ਦੇ ਉਪ ਰਾਸ਼ਟਰਪਤੀ ਅਹਿਮਦ ਅਦੀਬ ਦੀ ਗ੍ਰਿਫਤਾਰੀ ਨੇ ਬੜਾ ਹੈਰਾਨ ਕੀਤਾ ਹੈ। ਰਾਜਧਾਨੀ ਮਾਲੇ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਅਪਨੀ ਧਰਤੀ ਉਤੇ ਪੈਰ ਧਰਦਿਆਂ ਹੀ ਪੁਲੀਸ ਕਰਮਚਾਰੀਆਂ ਨੇ ਦਬੋਚ ਲਿਆ ਸੀ।

ਅਦੀਬ ਨੂੰ ਰਾਸ਼ਟਰਪਤੀ ਅਬਦੁੱਲਾ ਯਾਮੀਨ ਨੇ ਕੇਵਲ ਤਿੰਨ ਮਹੀਨੇ ਪਹਿਲਾਂ ਅਪਨਾ ਉਪਰਾਸ਼ਟਰਪਤੀ ਲਾਇਆ ਸੀ। ਕਹਿੰਦੇ ਹਨ ਕਿ ਇਸ ਛੋਟੇ ਜਿਹੇ ਸਮੇਂ ਵਿਚ ਉਸ ਨੇ ਉਹ ਮਸ਼ੀਨੀ ਕਿਸ਼ਤੀ ਉਲਟਾਣ ਦੀ ਸਾਜਿਸ਼ ਰਚੀ ਸੀ ਜਿਸ ਵਿਚ ਯਾਮੀਨ ਸਵਾਰ ਸੀ।

ਮੈਂ ਇਸ ਨਿੱਕੀ ਜਿਹੀ ਰਾਜਧਾਨੀ 1976 ਦੀਆਂ ਗਰਮੀਆਂ ਡੇਢ ਮਹੀਨਾ ਰਿਹਾ ਹਾਂ। ਉਥੇ ਪੁਲਿਸ ਜਾਂ ਸੈਨਾ ਦੇ ਕਰਮਚਾਰੀ ਕੋਲ ਹੱਥਲੀ ਸੋਟੀ ਤੋਂ ਵੱਡਾ ਕੋਈ ਹਥਿਆਰ ਨਹੀਂ ਹੁੰਦਾ ਸੀ। ਸੱਚ ਪੁੱਛੋ ਤਾਂ ਉਸ ਧਰਤੀ ਤੇ ਪੈਰ ਧਰਨ ਤੋਂ ਪਹਿਲਾਂ ਇਹ ਪੱਕਾ ਕੀਤਾ ਜਾਂਦਾ ਹੈ ਕਿ ਯਾਤਰੀ ਕੋਲ ਕੋਈ ਹਥਿਆਰ ਨਾ ਹੋਵੇ। ਇਹੋ ਜਿਹੀਆਂ ਥਾਂਵਾਂ ਉਤੇ ਵੀ ਰਾਜਨੀਤਕਾਂ ਨੇ ਹਤਿਆਵਾਂ ਕਰਨ ਦੇ ਨਵੇਂ ਢੰਗ ਤਰੀਕੇ ਲਭ ਲਏ ਹਨ। ਜਾਪਦਾ ਹੈ, ਉਹ ਅਦੀਬ ਨੂੰ ਆਪਣੇ ਹੀ ਕਿਸੇ ਦੂਰ ਦੁਰੇਡੇ ਟਾਪੂ ਵਿਚ ਜਲਾਵਤਨੀਆਂ ਵਾਂਗ ਰਖਣਗੇ।

**ਅੰਤਿਕਾ:** (ਜਸਵਿੰਦਰ)

ਵਫ਼ਾ ਦਾ ਸੇਕ ਹੈ ਏਨਾ
ਕਿ ਪਿਘਲ ਜਾਣੀ ਹੈ,
ਦੁਆਲੇ ਇਸ਼ਕ ਦੇ ਜੋ ਵੀ ਦੀਵਾਰ ਆਏਗੀ।
ਇਰਾਦੇ ਕਰ ਲਏ ਜਿਨ੍ਹਾਂ ਪਹਾੜ ਦੇ ਹਾਣੀ,
ਉਨ੍ਹਾਂ ਦੇ ਦਰ 'ਤੇ ਹੀ
ਚਸ਼ਮੇ ਦੀ ਧਾਰ ਆਏਗੀ।

# 'ਤਿਤਲੀ' ਦੀ ਤੜਫਾਹਟ

## ਹਕੀਕਤ ਨਾਲ ਦਸਤਪੰਜਾ




ਕਨੂ ਬਹਿਲ

**ਕੋਮਲ ਕਾਸ਼ਣੀ**

ਫਿਲਮਸਾਜ਼ ਕਨੂ ਬਹਿਲ ਦੀ ਪਲੇਠੀ ਫਿਲਮ 'ਤਿਤਲੀ' ਨੂੰ ਇਸ ਸਾਲ ਰਿਲੀਜ਼ ਹੋਈਆਂ ਫਿਲਮਾਂ ਵਿਚੋਂ ਬਿਹਤਰ ਆਖ ਕੇ ਵਡਿਆਇਆ ਗਿਆ ਹੈ। ਇਹ ਹੈ ਵੀ ਸੱਚ। ਕਨੂ ਦੀ ਫਿਲਮ ਉਤੇ ਬੜੀ ਪਕੜ ਹੈ। ਸਾਰੇ ਕਲਾਕਾਰਾਂ ਨੇ ਕਲਾ ਦੇ ਖੂਬ ਜੌਹਰ ਦਿਖਾਏ ਹਨ। ਕਨੂੰ ਬਹਿਲ ਥੀਏਟਰ ਅਤੇ ਫਿਲਮਾਂ ਨਾਲ ਜੁੜੀ ਪੰਜਾਬੀ ਜੋੜੀ ਲਲਿਤ ਬਹਿਲ ਅਤੇ ਨਵਨਿੰਦਰਾ ਬਹਿਲ ਦਾ ਹੋਣਹਾਰ ਪੁੱਤਰ ਹੈ। ਮਾਪੇ ਚਾਹੁੰਦੇ ਸਨ ਕਿ ਕਨੂ ਅਦਾਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰੇ, ਪਰ ਕਨੂ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਮਾਪਿਆਂ ਦੀ ਪਸੰਦ ਤੋਂ ਉਲਟ ਫਿਲਮਸਾਜ਼ੀ ਦਾ ਰਾਹ ਅਖਤਿਆਰ ਕੀਤਾ। ਕਨੂ ਦਾ ਬਚਪਨ ਪਟਿਆਲੇ ਬੀਤਿਆ ਅਤੇ ਫਿਰ ਉਹ ਦਿੱਲੀ ਦਾ ਬਾਸ਼ਿੰਦਾ ਹੋ ਗਿਆ। ਡਿਗਰੀਆਂ ਹਾਸਲ ਕਰਨ ਤੋਂ ਬਾਅਦ ਉਸ ਨੇ 2003 ਵਿਚ ਕੋਲਕਾਤਾ ਜਾ ਕੇ ਸੱਤਿਆਜੀਤ ਰੇਅ ਫਿਲਮ ਤੇ ਟੈਲੀਵਿਜ਼ਨ ਸੰਸਥਾ ਵਿਚ ਦਾਖਲਾ ਲੈ ਲਿਆ। ਉਥੇ ਡਿਪਲੋਮਾ ਕਰਦਿਆਂ ਉਹਨੇ ਜੂਝ ਰਹੇ ਅਦਾਕਾਰ ਬਾਰੇ ਦਸਤਾਵੇਜ਼ੀ ਫਿਲਮ 'ਐਨ ਐਕਟਰ ਪਰਪੇਅਰਜ਼' ਬਣਾਈ। ਇਹ ਫਿਲਮ 2007 ਵਿਚ ਫਰਾਂਸ ਦੇ ਇਕ ਫਿਲਮ ਮੇਲੇ ਵਿਚ ਦਿਖਾਈ ਗਈ। ਫਿਰ ਉਹ ਕੁਝ ਦਸਤਾਵੇਜ਼ੀਆਂ ਦਾ ਨਿਰਮਾਤਾ ਤੇ ਨਿਰਦੇਸ਼ਕ ਬਣਿਆ। ਫਿਰ ਉਸ ਨੂੰ ਫਿਲਮ 'ਓਏ ਲੱਕੀ! ਲੱਕੀ ਓਏ' ਲਈ ਫਿਲਮਸਾਜ਼ ਦਿਬਾਕਰ ਬੈਨਰਜੀ ਦਾ ਅਸਿਸਟੈਂਟ ਬਣਨ ਦਾ ਮੌਕਾ ਮਿਲਿਆ। 2010 ਵਿਚ ਦਿਬਾਕਰ ਨੇ ਜਦੋਂ ਫਿਲਮ 'ਲਵ ਸੈਕਸ ਔਰ ਧੋਖਾ' ਬਣਾਈ ਤਾਂ ਇਸ ਫਿਲਮ ਦਾ ਸਹਿ-ਲੇਖਕ ਕਨੂ ਬਹਿਲ ਸੀ। 2012 ਵਿਚ ਉਸ ਨੇ 'ਤਿਤਲੀ' ਵਾਲੀ ਪਟਕਥਾ ਲਿਖੀ। 'ਤਿਤਲੀ' ਦਿਬਾਕਰ ਬੈਨਰਜੀ ਪ੍ਰੋਡਕਸ਼ਨਜ਼ ਅਤੇ ਯਸ਼ਰਾਜ ਫਿਲਮਸਾਜ਼ ਨੇ ਰਲ ਕੇ ਬਣਾਈ ਹੈ ਅਤੇ ਇਹ ਫਿਲਮ ਸੰਸਾਰ ਦੇ ਕਈ ਮੇਲਿਆਂ ਵਿਚ ਧੁੰਮਾਂ ਪਾਉਣ ਪਿਛੋਂ ਹੁਣ ਭਾਰਤ ਵਿਚ ਛਾ ਗਈ ਹੈ।

ਫਿਲਮ 'ਤਿਤਲੀ' ਦਿੱਲੀ ਵੱਸਦੇ ਤਿਤਲੀ ਨਾਂ ਦੇ ਮੁੰਡੇ ਦੁਆਲੇ ਘੁੰਮਦੀ ਹੈ। ਉਹ ਆਪਣੇ ਵੱਡਿਆਂ ਦੇ ਦਾਬੇ ਵਿਚੋਂ ਨਿਕਲਣ ਲਈ ਛਟਪਟਾਉਂਦਾ ਹੈ। ਫਿਲਮ ਵਿਚ ਤਿਤਲੀ ਵਾਲਾ ਕਿਰਦਾਰ ਸ਼ਸ਼ਾਂਕ ਅਰੋੜਾ ਨੇ ਪੂਰੀ ਰੂਹ ਨਾਲ ਨਿਭਾਇਆ ਹੈ। ਰਣਵੀਰ ਸ਼ੋਰੀ ਵੱਡੇ ਭਰਾ ਦੀ ਭੂਮਿਕਾ ਵਿਚ ਛਾ ਹੀ ਗਿਆ ਹੈ। ਇਨ੍ਹਾਂ ਤੋਂ ਇਲਾਵਾ ਅਮਿਤ ਸਿਆਲ ਅਤੇ ਸ਼ਿਵਾਨੀ ਰਘੂਵੰਸ਼ੀ ਦੀਆਂ ਭੂਮਿਕਾਵਾਂ ਵੀ ਜ਼ੋਰਦਾਰ ਹਨ। ਇਹ ਫਿਲਮ ਅਸਲ ਵਿਚ ਹਕੀਕਤ ਨਾਲ ਸਿੱਧਾ ਦਸਤਪੰਜਾ ਲੈਂਦੀ ਹੈ ਅਤੇ ਆਲੇ-ਦੁਆਲੇ ਦੇ ਮਾਹੌਲ ਬਾਰੇ ਬੜੀ ਮਾਰਮਿਕ ਕਹਾਣੀ ਉਸਾਰਦੀ ਹੈ। ਫਿਲਮ ਅੱਜ ਦੇ ਭਾਰੂ ਵਿਕਾਸ ਮਾਡਲ ਉਤੇ ਵੀ ਵੱਡਾ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ। ਇਉਂ ਮਹਿਸੂਸ ਹੋਣ ਲਗਦਾ ਹੈ ਜਿਵੇਂ ਸਾਹਮਣੇ ਆ ਰਹੀ ਹਰ ਸ਼ੈਅ ਨੂੰ ਪਲੀਤਾ ਲੱਗਿਆ ਹੋਇਆ ਹੈ ਜੋ ਬੱਸ ਫਟਣ ਹੀ ਵਾਲਾ ਹੈ। ਹਰ ਕਿਰਦਾਰ ਦੀ ਮਾਸੂਮੀਅਤ ਅਤੇ ਕੋਮਲਤਾ ਆਖਰਕਾਰ ਕਰੂਰ ਹਾਲਾਤ ਤੇ ਹਿੰਸਾ ਨਾਲ ਲਹੂ-ਲੁਹਾਣ ਹੋਈ ਜਾਂਦੀ ਹੈ, ਪਰ ਆਸ ਅਤੇ ਉਮੀਦ ਵੀ ਨਾਲ ਨਾਲ ਯਾਤਰਾ ਕਰੀ ਜਾਂਦੀ ਹੈ। ਨਿਰਦੇਸ਼ਕ ਕਨੂ ਬਹਿਲ ਆਸ ਦੀ ਇਹ ਲੜੀ ਟੁੱਟਣ ਨਹੀਂ ਦਿੰਦਾ ਅਤੇ ਵੱਖ ਵੱਖ ਕਿਰਦਾਰ ਵੱਖ ਵੱਖ ਹਾਲਾਤ ਵਿਚ ਆਪਣੇ ਹਿਸਾਬ ਨਾਲ ਸੰਕਟ ਕੱਟਣ ਲਈ ਅਹੁਲਦੇ ਹਨ। ਕਨੂ ਬਹਿਲ ਨੇ ਕੈਮਰੇ ਵਿਚ ਅਜਿਹੇ ਦ੍ਰਿਸ਼ ਕੈਦ ਕਰ ਕੇ ਦਰਸ਼ਕਾਂ ਅੱਗੇ ਰੱਖ ਦਿੱਤੇ ਹਨ ਕਿ ਕਈ ਵਾਰ ਦਰਸ਼ਕ ਉਭੇ ਸਾਹਾਂ 'ਤੇ ਆ ਜਾਂਦਾ ਹੈ। ਫਿਲਮ ਦਰਸ਼ਕ ਦੇ ਅੰਦਰ ਉਤਰਦੀ ਚਲੀ ਜਾਂਦੀ ਹੈ।



ਫਿਲਮ 'ਤਿਤਲੀ' ਦੇ ਦ੍ਰਿਸ਼ਾਂ ਵਿਚ ਸ਼ਸ਼ਾਂਕ ਅਰੋੜਾ, ਸ਼ਿਵਾਨੀ ਰਘੂਵੰਸ਼ੀ ਤੇ ਰਣਵੀਰ ਸ਼ੋਰੀ ਅਤੇ (ਐਨ ਸੱਜੇ) ਫਿਲਮਸਾਜ਼ ਦਿਬਾਕਰ ਬੈਨਰਜੀ ਜਿਸ ਨੇ ਕਨੂ ਬਹਿਲ ਨੂੰ 'ਤਿਤਲੀ' ਵਾਲੇ ਰੰਗ ਦਿਖਾਉਣ ਦਾ ਮੌਕਾ ਦਿੱਤਾ।

# ਹਰਾਮਖੋਰ: ਸਿਨੇਮਾ ਦੀ ਹਰੇਵਾਈ

**ਜਗਜੀਤ ਸਿੰਘ ਸੇਖੋਂ**

ਫਿਲਮਸਾਜ਼ ਸ਼ਲੋਕ ਸ਼ਰਮਾ ਦੀ ਫਿਲਮ 'ਹਰਾਮਖੋਰ' ਹਿੰਦੀ ਫਿਲਮ ਜਗਤ ਵਿਚ ਦਾ ਨਵਾਂ ਰਾਹ ਅਖਤਿਆਰ ਕਰਨ ਵਾਲੀਆਂ ਫਿਲਮਾਂ ਵਿਚੋਂ ਇਕ ਹੈ। ਫਿਲਮ ਵਿਚ ਮਾਨਵੀ ਰਿਸ਼ਤਿਆਂ ਨੂੰ ਵੱਖ-ਵੱਖ ਕੋਣਾਂ ਤੋਂ ਦਿਖਾਇਆ ਗਿਆ ਹੈ। ਫਿਲਮ ਵਿਚ ਮੁੱਖ ਭੂਮਿਕਾ ਨਵਾਜ਼ੂਦੀਨ ਸਿੱਦੀਕੀ ਅਤੇ ਸ਼ਵੇਤਾ ਤ੍ਰਿਪਾਠੀ ਦੀਆਂ ਹਨ। ਨਵਾਜ਼ੂਦੀਨ ਨੇ ਫਿਲਮ ਵਿਚ ਅਜਿਹੇ ਵਿਆਹੇ-ਵਰੇ ਅਧਿਆਪਕ ਦਾ ਕਿਰਦਾਰ ਨਿਭਾਇਆ ਹੈ ਜੋ ਆਪਣੀ ਵਿਦਿਆਰਥਣ ਨਾਲ ਪਿਆਰ ਕਰਨ ਲੱਗਦਾ ਹੈ। ਫਿਰ ਇਸ ਤੋਂ ਬਾਅਦ ਜੋ ਉਲਝਣਾਂ ਪੇਸ਼ ਆਉਂਦੀਆਂ ਹਨ, ਉਸ ਬਾਰੇ ਸ਼ਲੋਕ ਸ਼ਰਮਾ ਨੇ ਬੜੀ ਉਮਦਾ ਅਤੇ ਜਾਨਦਾਰ ਕਹਾਣੀ ਬੁਣੀ ਹੈ। ਉਸ ਨੇ ਇਸ ਤੋਂ ਪਹਿਲਾਂ ਪੰਜ ਫਿਲਮਾਂ ਜੋੜ ਕੇ ਬਣਾਈ ਫਿਲਮ 'ਸ਼ਾਰਟਸ' ਵਿਚ ਆਪਣੀ ਕਲਾ ਦੇ ਜੌਹਰ ਦਿਖਾ ਦਿੱਤੇ ਸਨ। 'ਸ਼ਾਰਟਸ' ਵਿਚ ਪੰਜ ਫਿਲਮਾਂ ਸ਼ਾਮਲ ਕੀਤੀਆਂ ਗਈਆਂ ਸਨ ਜਿਸ ਵਿਚੋਂ ਇਕ ਫਿਲਮ 'ਸੁਜਾਤਾ' ਦਾ ਨਿਰਦੇਸ਼ਕ ਸ਼ਲੋਕ ਸ਼ਰਮਾ ਨੇ ਕੀਤਾ ਸੀ। ਇਹ ਅਸਲੋਂ ਵੱਖਰਾ ਤਜਰਬਾ ਸੀ ਅਤੇ ਇਹ ਸਫਲ ਰਿਹਾ। ਸ਼ਲੋਕ ਸ਼ਰਮਾ ਵਾਲੇ ਹਿੱਸੇ 'ਸੁਜਾਤਾ' ਵਿਚ ਸ਼ਵੇਤਾ ਤ੍ਰਿਪਾਠੀ ਨੇ ਆਪਣਾ ਕਿਰਦਾਰ ਬਹੁਤ ਰੂਹ ਨਾਲ ਨਿਭਾਇਆ ਸੀ।



ਫਿਲਮ 'ਹਰਾਮਖੋਰ' ਵਿਚ ਸ਼ਵੇਤਾ ਤ੍ਰਿਪਾਠੀ ਅਤੇ ਨਵਾਜ਼ੂਦੀਨ ਸਿੱਦੀਕੀ।

ਹੁਣ ਛੇਤੀ ਹੀ ਰਿਲੀਜ਼ ਹੋ ਰਹੀ ਫਿਲਮ 'ਹਰਾਮਖੋਰ' ਪਹਿਲਾਂ ਹੀ ਵੱਖ-ਵੱਖ ਕੌਮਾਂਤਰੀ ਫਿਲਮ ਮੇਲਿਆਂ ਵਿਚ ਆਪਣੀ ਧਾਂਕ ਜਮਾ ਚੁੱਕੀ ਹੈ। ਨਿਊ ਯਾਰਕ ਵਿਚ ਲੱਗਦੇ ਭਾਰਤੀ ਫਿਲਮ ਮੇਲੇ ਵਿਚ ਨਵਾਜ਼ੂਦੀਨ ਸਿੱਦੀਕੀ ਨੂੰ ਤਾਂ ਇਸ ਫਿਲਮ ਲਈ ਸਰਵੋਤਮ ਅਦਾਕਾਰ ਦਾ ਇਨਾਮ ਵੀ ਮਿਲ ਚੁੱਕਾ ਹੈ। ਨਵਾਜ਼ੂਦੀਨ ਇਸ ਤੋਂ ਪਹਿਲਾਂ 'ਬਜਰੰਗੀ ਭਾਈਜਾਨ' ਅਤੇ 'ਮਾਂਝੀ' ਫਿਲਮਾਂ ਰਾਹੀਂ ਆਪਣੀ ਤਕੜੀ ਹਾਜ਼ਰੀ ਲੁਆ ਚੁੱਕਾ ਹੈ। ਇਸੇ ਤਰ੍ਹਾਂ ਸ਼ਵੇਤਾ ਤ੍ਰਿਪਾਠੀ ਨੇ ਫਿਲਮ 'ਮਸਾਨ' ਰਾਹੀਂ ਸਭ ਦਾ ਧਿਆਨ ਖਿੱਚਿਆ ਸੀ। ਇਸ ਫਿਲਮ ਵਿਚ ਸ਼ਵੇਤਾ ਦਾ ਰੋਲ ਭਾਵੇਂ ਸਾਈਡ ਹੀਰੋਇਨ ਵਾਲਾ ਸੀ, ਪਰ ਉਸ ਨੇ ਇਸ ਰੋਲ ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾ ਦਿੱਤੇ ਸਨ। ਉਦੋਂ ਸ਼ਵੇਤਾ ਨੇ ਕਿਹਾ ਸੀ ਕਿ ਉਹ ਚੁਣ-ਚੁਣ ਕੇ ਚੰਗੀਆਂ ਫਿਲਮਾਂ ਕਰੇਗੀ। ਹੁਣ 'ਹਰਾਮਖ਼ੋਰ' ਰਾਹੀਂ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਨੇ ਦਰਸ਼ਕਾਂ ਨਾਲ ਕੀਤਾ ਵਾਅਦਾ ਨਿਭਾਇਆ ਹੈ। ਉਹ ਸਦਾ ਹੀ ਚਾਹੁੰਦੀ ਰਹੀ ਹੈ ਕਿ ਉਸ ਦੀ ਪਛਾਣ ਨਿਰਾਲੀ, ਨਿਆਰੀ ਅਤੇ ਨਿਵੇਕਲੀ ਹੋਵੇ। ਹੁਣ ਤੱਕ ਉਸ ਨੇ ਫਿਲਮਾਂ ਦੀ ਚੋਣ ਆਪਣੀ ਇਸ ਪਸੰਦ ਮੁਤਾਬਕ ਹੀ ਕੀਤੀ ਹੈ।



ਸ਼ਵੇਤਾ ਤ੍ਰਿਪਾਠੀ

# ਜਪਾਨੀ ਤੇ ਜੀ ਐਮ ਗੱਡੀਆਂ ਦੇ ਮਾਹਿਰ

ਪਿਛਲੇ 20 ਸਾਲਾਂ ਤੋਂ ਲਗਾਤਾਰ ਮਿਡਵੈਸਟ ਦੀ
ਇੰਡੀਅਨ ਕਮਿਊਨਿਟੀ ਲਈ ਗੱਡੀਆਂ ਦੀ
ਖਰੀਦ/ਵੇਚ ਕਰ ਰਹੇ ਹਾਂ

*Specialist in:*
Camry, Accord, Corolla, Civic, Sienna, Odyssey Altima, Maxima (Cargo Van For Business use), SUV & Pickup Trucks.

ਘੱਟ ਵਿਆਜ 'ਤੇ ਲੋਨ ਉਪਲਬਧ ਅਤੇ ਛੋਟੀ ਕਿਸ਼ਤ




ਆਪਣੀ ਅਗਲੀ ਗੱਡੀ ਲਈ ਸੰਪਰਕ ਕਰੋ
ਜਸਪਾਲ ਸਿੰਘ ਘੋਤੜਾ, ਫੋਨ: 765-337-5151

## Best Buy Motors

1805 Elmwood Ave., Lafayette, IN 47904
Ph:765-449-0490, Fax:765-449-8310
WWW.BESTBUYMOTORSIN.COM

Second location: Lafayette Auto Auction
2250 Concord Rd., Lafayette, IN 47909,
Ph:765-471-1313, Fax: 765-838-1006
www.lafayettepublicautoauction.com



*Jaspal Singh Ghotra*

# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiance Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਕੰਪਨੀ ਡਰਾਈਵਰਾਂ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਤੋਂ ਪੈਨਸਿਲਵੇਨੀਆ,
ਨਿਊ ਜਰਸੀ, ਨਿਊ ਯਾਰਕ, ਮੈਰੀਲੈਂਡ ਅਤੇ ਇੰਡੀਅਨਐਪੋਲਿਸ
ਵਾਪਸੀ ਦੇ ਰੂਟ ਲਈ ਡਰਾਈਵਰ ਚਾਹੀਦੇ ਹਨ।
*ਸਭ ਡਰਾਈ ਫਰੇਟ, ਹੱਥ ਲਾਉਣ ਦੀ ਲੋੜ ਨਹੀਂ
*ਅਦਾਇਗੀ ਪ੍ਰਤੀ ਗੇੜਾ/ਪ੍ਰਤੀ ਮੀਲ ਹਰ ਹਫਤੇ

ਸੰਪਰਕ ਕਰੋ: ਐਮ ਟੀ ਸੀ: 317-762-0222



Company Drivers Needed

Need Company drivers from Indianapolis, IN to PA, NJ, NY, MD and back to Indianapolis, IN.
*All dry freight no touch *Pay by trip or per/Mile every week

## Contact MTC 317-762-0222

# ਸਾਫ ਸੁਥਰੀ ਸੱਭਿਆਚਾਰਕ ਗਾਇਕੀ







## ਜੀਤਾ ਗਿੱਲ

ਸੰਪਰਕ ਕਰੋ: 209-815-0013


There's more to celebrate this Diwali.
Get the best of Punjabi and American TV for one low price.
11 Punjabi Channels: Punjabi Mega Pack
+
55 English Channels: Smart Pack
$34.98/mo
for 1 year then $59.98/mo with Offer Code SAVEBIG. Requires credit qualification, 24-month commitment with early termination fee and e-bill autopay.
11 Punjabi Channels: Punjabi Mega Pack
55 English Channels: Smart Pack
and more
HBO CINEMAX SHOWTIME
Free for 3 months
Order Now!
1-888-622-8456
Use Offer Code SAVEBIG
dish
**$10/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
**Important Terms and Conditions: Promotional Offers:** Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current monthly price applies and is subject to change. **ETF:** If you cancel service during first 24 months, early termination fee of $20 for each month remaining applies.
**Additional Requirements: E-Bill Autopay Credit:** Promotional prices reflect a $10/mo credit for enrollment in e-bill autopay. If e-bill autopay is cancelled, credit will be removed. **Premium Channels:** Premium offer value is $135; after 3 months then-current monthly prices apply and are subject to change unless you call or go online to cancel prior to the end of 3 months. **Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply.
**Miscellaneous:** Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. **Offers end 1/13/16.**
© 2015 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company.
Punjabi Diwali 2015 Print